


The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar




Vol: 11 No: 261 Website : www.punjabiakhbaar.ca Email: editor@punjabiakhbaar.ca Friday, 7 February 2025

# ਕਨੇਡਾ ਉੱਪਰ ਟੈਰਿਫ ਲਗਾਉਣ ਦੇ ਐਲਾਨ ਤੋਂ ਟਰੰਪ 30 ਦਿਨਾਂ ਲਈ ਪਿੱਛੇ ਹਟਿਆ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਅਮਰੀਕਾ ਦੇ ਪ੍ਰੈਜੀਡੈਂਟ ਡੋਨਲਡ ਟਰੰਪ ਨੇ ਕਨੇਡਾ ਉੱਤੇ ਟੈਰਿਫ ਲਗਾਉਣ ਦੀ ਕਾਰਵਾਈ ਨੂੰ ਅਗਲੇ 30 ਦਿਨਾਂ ਦੇ ਲਈ ਅੱਗੇ ਪਾ ਦਿੱਤਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੱਸਿਆ ਕਿ ਇਸ ਸੰਬੰਧ ਵਿੱਚ ਉਹਨਾਂ ਨੇ ਫੋਨ ਉੱਤੇ ਅਮਰੀਕਨ ਪ੍ਰੈਜੀਡੈਂਟ ਟਰੰਪ ਦੇ ਨਾਲ ਬੀਤੇ ਸੋਮਵਾਰ ਨੂੰ ਦੋ ਵਾਰ ਗੱਲਬਾਤ ਕੀਤੀ ਜੋ ਕਿ ਕਾਫੀ ਹਾਂ ਪੱਖੀ ਰਹੀ। ਇਸ ਗੱਲਬਾਤ ਤੋਂ ਬਾਅਦ ਹੀ ਪ੍ਰੈਜੀਡੈਂਟ ਟਰੰਪ ਵੱਲੋਂ ਇਹ ਫੈਸਲਾ ਲਿਆ ਗਿਆ ਹੈ। ਇਸ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਨੇਡਾ ਦੇ ਬਾਰਡਰ ਨੂੰ ਸਿਕਿ-ਰ ਕਰਨ ਸੰਬੰਧੀ ਕਈ ਭਰੋਸੇ ਪ੍ਰੈਜੀਡੈਂਟ ਟਰੰਪ ਨੂੰ ਦਿੱਤੇ ਜਿਸ ਤੋਂ ਬਾਅਦ ਕਨੇਡਾ ਸਰਕਾਰ ਦੇ ਵੱਲੋਂ ਫੌਰਨ ਤੌਰ ਦੇ ਉੱਤੇ



ਉਹਨਾਂ ਉੱਤੇ ਕੰਮ ਕੀਤਾ ਜਾਵੇਗਾ। ਕਨੇਡਾ ਵੱਲੋਂ 1.3 ਬਿਲੀਅਨ ਡਾਲਰ ਦਾ ਬਾਰਡਰ ਸਿਕਿਉਰਿਟੀ ਪਲੈਨ ਤਿਆਰ ਕੀਤਾ ਗਿਆ ਹੈ। ਇੱਥੇ ਵਰਨਣ ਯੋਗ ਹੈ ਕਿ ਪ੍ਰੈਜੀਡੈਂਟ ਟਰੰਪ ਨੇ ਕਨੇਡਾ ਨੂੰ ਇਲੀਗਲ ਡਰੱਗ ਅਤੇ ਮਾਈਗ੍ਰੈਂਟਸ ਨੂੰ ਕੰਟਰੋਲ ਕਰਨ ਲਈ ਸਖਤ ਸ਼ਬਦਾਂ ਦੇ ਵਿੱਚ ਆਖਿਆ ਸੀ। ਜਸਟਿਨ ਟਰੂਡੋ ਅਨੁਸਾਰ ਇਸ ਕੰਮ ਨੂੰ ਹੁਣ 10 ਫਰੰਟ ਲਾਈਨ ਵਰਕਰਾਂ ਵੱਲੋਂ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਕਨੇਡਾ ਵੱਲੋਂ ਕਨੇਡਾ ਯੂਐਸ ਜੁਆਇੰਟ ਸਟਰਾਈਕ ਫੋਰਸ ਵੀ ਬਣਾਈ ਜਾ ਰਹੀ ਹੈ ਜੋ ਕਿ ਆਰਗੇਨਾਈਜ਼ ਕਰਾਈਮ ਅਤੇ ਮਨੀ ਲੌਂਡਰਿੰਗ ਨੂੰ ਫੋਰਨ ਤੌਰ ਦੇ ਉੱਤੇ ਨੱਥ ਪਾਵੇਗੀ। ਟਰੰਪ ਦੇ ਇਸ ਫੈਸਲੇ ਉਪਰੰਤ ਕਨੇਡਾ ਦੇ ਆਮ ਨਾਗਰਿਕਾਂ ਅਤੇ ਬਿਜ਼ਨਸ ਭਾਈਚਾਰੇ ਦੇ ਵਿੱਚ ਕੁੱਝ ਰਾਹਤ ਪਾਈ ਗਈ ਹੈ।

# ਅਮਰੀਕਾ ਦੇ ਗੁਰੂਘਰਾਂ ਵਿੱਚ ਹੋਮਲੈਂਡ ਸਕਿਓਰਿਟੀ ਅਧਿਕਾਰੀਆਂ ਦੇ ਗੇੜਿਆਂ ਤੋਂ ਸਿੱਖ ਭਾਈਚਾਰੇ ਨੂੰ ਨਿਰਾਸ਼ਾ ਹੋਈ

ਨਿਊਯਾਰਕ (ਪੰਜਾਬੀ ਅਖ਼ਬਾਰ ਬਿਊਰੋ) ਯੂ ਐਸ ਏ ਦੀ ਹੋਮ ਲੈਂਡ ਸਕਿਓਰਿਟੀ ਦੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਗੈਰ-ਕਾਨੂੰਨੀ ਪਰਵਾਸੀਆਂ ਦੀ ਮੌਜੂਦਗੀ ਦੀ ਜਾਂਚ ਕਰਨ ਲਈ ਨਿਊਯਾਰਕ ਅਤੇ ਨਿਊ ਜਰਸੀ ਦੇ ਗੁਰਦੁਆਰਿਆਂ ਦੇ ਦੌਰੇ ਕਰਨੇ ਸ਼ੁਰੂ ਕਰ ਦਿੱਤੇ ਹਨ। ਦੂਜੇ ਪਾਸੇ ਇਸ ਕਾਰਵਾਈ ਖ਼ਿਲਾਫ਼ ਕੁੱਝ ਸਿੱਖ ਸੰਗਠਨਾਂ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ, ਜਿਨ੍ਹਾਂ ਅਜਿਹੀਆਂ ਕਾਰਵਾਈਆਂ ਨੂੰ ਆਪਣੇ ਧਰਮ ਦੀ ਪਵਿੱਤਰਤਾ ਲਈ ਖ਼ਤਰਾ ਕਰਾਰ ਦਿੱਤਾ ਹੈ। ਵਰਨਣਯੋਗ ਹੈ ਕਿ ਡੋਨਲਡ ਟਰੰਪ ਦੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵੱਜੋਂ ਸਹੁੰ ਚੁੱਕਣ ਦੇ ਕੁੱਝ ਘੰਟਿਆਂ ਦੇ ਅੰਦਰ ਹੀ Homeland




Secuirty ਦੇ ਕਾਰਜਕਾਰੀ ਸਕੱਤਰ ਬੈਂਜਾਮਿਨ ਹਫਮੈਨ ਨੇ ਇੱਕ ਨਿਰਦੇਸ਼ ਵਿੱਚ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE) ਅਤੇ ਕਸਟਮਜ਼ ਅਤੇ ਸਰਹੱਦੀ ਸੁਰੱਖਿਆ ਲਾਗੂ ਕਰਨ ਵਾਲੀਆਂ ਕਾਰਵਾਈਆਂ ਲਈ ਜੋਅ ਬਾਇਡਨ ਪ੍ਰਸ਼ਾਸਨ ਦੇ ਦਿਸ਼ਾ-ਨਿਰਦੇਸ਼ਾਂ ਨੂੰ ਰੱਦ ਕਰ ਦਿੱਤਾ, ਜੋ ਅਖੌਤੀ 'ਸੰਵੇਦਨਸ਼ੀਲ' ਖੇਤਰਾਂ ਵਿੱਚ ਜਾਂ ਉਨ੍ਹਾਂ ਨੇੜੇ ਕਾਨੂੰਨ ਲਾਗੂ ਕਰਨ ਸਬੰਧੀ ਕਾਰਵਾਈਆਂ ਨੂੰ ਰੋਕਦੀਆਂ ਹਨ। ਇਨ੍ਹਾਂ 'ਸੰਵੇਦਨਸ਼ੀਲ' ਖੇਤਰਾਂ ਵਿੱਚ ਗੁਰਦੁਆਰੇ ਮੰਦਰ ਅਤੇ ਚਰਚ ਵਰਗੇ ਪੂਜਾ ਸਥਾਨ ਵੀ ਸ਼ਾਮਿਲ ਸਨ। ਇੱਕ ਬਿਆਨ ਵਿੱਚ ਸਿੱਖ ਅਮੈਰਿਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਨੇ 'ਸੰਵੇਦਨਸ਼ੀਲ ਖੇਤਰਾਂ' ਨੂੰ ਨਿਰਧਾਰਤ ਕਰਨ ਵਾਲੇ ਦਿਸ਼ਾ-ਨਿਰਦੇਸ਼ਾਂ ਨੂੰ ਰੱਦ ਕਰਨ ਦੇ ਹੁਕਮਾਂ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ।





# ਧਾਗੇ ਦੀ ਸ਼ਿੱਪਮੈਂਟ ਵਿੱਚ ਭਾਰਤ ਤੋਂ ਭੇਜੀਆਂ ਨੀਂਦ ਦੀਆਂ 70,000 ਗੋਲੀਆਂ ਫੜੀਆਂ ਗਈਆਂ



ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਕਸਟਮ ਅਤੇ ਸੀਮਾ ਸੁਰੱਖਿਆ ਵਿਭਾਗ ਯਾਨੀ ਸੀਬੀਪੀ ਨੇ ਭਾਰਤ ਤੋਂ ਆਈ ਧਾਗੇ ਦੀ ਇੱਕ ਖੇਪ ਵਿੱਚੋਂ ਲਗਭਗ 70 ਹਜਾਰ ਨੀਦ ਦੀਆਂ ਗੋਲੀਆਂ ਜਬਤ ਕੀਤੀਆਂ ਹਨ। ਇਹਨਾਂ ਗੋਲੀਆਂ ਦੀ ਕੀਮਤ 33 ਹਜਾਰ ਅਮਰੀਕੀ ਡਾਲਰ ਦੇ ਕਰੀਬ ਬਣਦੀ ਹੈ। ਸੀਬੀਪੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਖੇਪ ਕੈਲੀਫੋਰਨੀਆ ਦੇ ਬਿਊਨਾ ਪਾਰਕ ਸਥਿਤ ਇੱਕ ਪਤੇ ਤੇ ਭੇਜੀ ਜਾ ਰਹੀ ਸੀ। ਅਧਿਕਾਰੀਆਂ ਨੇ ਅੱਗੇ ਦੱਸਿਆ ਕਿ 17 ਦਸੰਬਰ 2024 ਨੂੰ ਵਾਸ਼ਿੰਗਟਨ ਡਾਇਲਾਸ ਹਵਾਈ ਅੱਡੇ ਦੇ ਨੇੜੇ ਇੱਕ ਏਅਰ ਕਾਰਗੋ ਗੋਦਾਮ ਵਿੱਚ ਕਾਲੇ ਧਾਗੇ ਦੀ 96 ਰੋਲਾਂ ਦੀ ਖੇਪ ਦੀ ਜਾਂਚ ਕੀਤੀ ਗਈ ਤਾਂ ਉਸ ਵਿੱਚੋਂ ਇਹ ਗੋਲੀਆਂ ਬਰਾਮਦ ਹੋਈਆਂ, ਜਿਨਾਂ ਦੀ ਗਿਣਤੀ 69813 ਬਣਦੀ ਹੈ ਅਤੇ ਇਸ ਦੀ ਕੀਮਤ ਲਗਭਗ 33 ਹਜਾਰ ਅਮਰੀਕੀ ਡਾਲਰ ਅੰਦਾਜਾ ਕੀਤੀ ਗਈ ਹੈ।

























# MODERN SINGLE-FAMILY HOME WITH SPICE KITCHEN & LEGAL BASEMENT SUITE OPTIONS


Starting from Mid $600's Excl. GST.

ਸਾਡੇ ਮਾਡਰਨ ਸਿੰਗਲ ਫੈਮਿਲੀ ਹੋਮਜ਼ ਸਮਕਾਲੀ ਬਾਹਰੀ ਆਰਕੀਟੈਕਚਰ ਪੇਸ਼ ਕਰਦੇ ਹਨ ਜਿਸ ਵਿੱਚ ਡਬਲ ਫਰੰਟ ਗੈਰੇਜ ਅਤੇ ਇੱਕ ਨਿੱਜੀ ਪਰ ਸੱਦਾ ਦੇਣ ਵਾਲਾ ਸਾਹਮਣੇ ਪ੍ਰਵੇਸ਼ ਦੁਆਰ ਹੈ।ਇੱਕ ਬਹੁ-ਪੀੜ੍ਹੀ ਜੀਵਨ ਸ਼ੈਲੀ ਵਾਲਾ ਇਹ ਘਰ ਮੌਰਗੇਜ ਸਹਾਇਕ ਜਾਂ ਪੂਰਕ ਵਜੋਂ ਸੇਵਾ ਕਰਨ ਲਈ ਅਧੂਰੇ ਅਤੇ ਮੁਕੰਮਲ ਕਾਨੂੰਨੀ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ।

ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਮੁੱਖ ਵਿਕਲਪਾਂ 'ਤੇ ਘਰੇਲੂ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਵਿਸ਼ਾਲ ਘਰ ਦਾ ਦਫਤਰ, ਬੋਨਸ ਰੂਮ, ਮਸਾਲਾ ਰਸੋਈ ਅਤੇ ਬੈੱਡਰੂਮ ਵੀ ਉਪਲਬਧ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

**ਹੋਰ ਜਾਣਕਾਰੀ ਲਈ ਅੱਜ ਹੀ ਰਜਿਸਟਰ ਕਰੋ!!**


Den


Great room


Kitchen


Walk-in spice kitchen

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 11 No: 260 Website : www.punjabiakhbaar.ca Email: editor@punjabiakhbaar.ca Friday, 24 January 2025

# ਅਮਰੀਕਾ 'ਚ ਹਜ਼ਾਰਾਂ ਗ਼ੈਰ ਕਾਨੂੰਨੀ ਪਰਵਾਸੀ ਗ੍ਰਿਫ਼ਤਾਰ - ਕਾਮਿਆਂ 'ਚ ਸਹਿਮ ਦਾ ਮਾਹੌਲ




ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਡੋਨਰਟ ਟਰੰਪ ਦੀ ਨਵੀਂ ਇਮੀਗ੍ਰੇਸ਼ਨ ਨੀਤੀ ਤਹਿਤ ਗੈਰ ਕਾਨੂੰਨੀ ਤਰੀਕੇ ਦੇ ਨਾਲ ਅਮਰੀਕਾ ਵਿੱਚ ਰਹਿ ਰਹੇ ਪਰਵਾਸੀ ਜੇਕਰ ਉਹਨਾਂ ਦਾ ਕੋਈ ਕ੍ਰਿਮੀਨਲ ਰੈਕਟ ਆ ਤਾਂ ਉਹ ਬਖਸ਼ੇ ਨਹੀਂ ਜਾਣਗੇ। 2024 ਦੀਆਂ ਚੋਣਾਂ ਦੀ ਕੰਪੇਨ ਦੇ ਵਿੱਚ ਡੋਨਲ ਟਰੰਪ ਦੇ ਵੱਲੋਂ ਕੀਤੇ ਹੋਏ ਵਾਅਦੇ ਹੁਣ ਅਮਲੀ ਜਾਮਾ ਅਖਤਿਆਰ ਕਰ ਰਹੇ ਹਨ। ਥੋੜੇ ਹੀ ਦਿਨਾਂ ਦੇ ਵਿੱਚ 5 ਹਜਾਰ ਤੋਂ ਵੀ ਜਿਆਦਾ ਗੈਰ ਕਾਨੂੰਨੀ ਤਰੀਕੇ ਦੇ ਨਾਲ ਰਹਿ ਰਹੇ ਪ੍ਰਵਾਸੀਆਂ ਨੂੰ ਪੂਰੇ ਅਮਰੀਕਾ ਦੇ ਵਿੱਚੋਂ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਇਸ ਛਾਪੇਮਾਰੀ ਕਰਕੇ ਪੂਰੀ ਅਮਰੀਕਾ ਦੇ ਵਿੱਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਡਰੇ ਹੋਏ ਲੋਕਾਂ ਦੇ ਵਿੱਚੋਂ ਜਿਆਦਾਤਰ ਉਹ ਲੋਕ ਹਨ ਜਿੰਨਾਂ ਕੋਲ ਇੱਥੇ ਵਰਕ ਪਰਮਿਟ ਹੈ। ਭਾਵ ਉਹ ਅਮਰੀਕਾ ਦੇ ਵਿੱਚ ਕਾਨੂੰਨੀ ਤੌਰ ਤੇ ਕੰਮ ਕਰਨ ਦੇ ਯੋਗ ਹਨ ਪਰ ਇਸ ਦੇ ਬਾਵਜੂਦ ਵੀ ਉਹ ਇਨਾ ਕੁ ਡਰੇ ਅਤੇ ਸਹਿਮੇ ਹੋਏ ਹਨ ਕਿ ਉਹਨਾਂ ਨੇ ਕੰਮਾਂ ਤੇ ਜਾਣਾ ਬੰਦ ਕਰ ਦਿੱਤਾ ਹੈ। ਅਮਰੀਕਾ ਦੇ ਬਿਜ਼ਨਸ ਗ੍ਰੋਸਰੀ ਸਟੋਰ, ਰੈਸਟੋਰੈਂਟਸ, ਸ਼ੋਪਿੰਗ ਮਾਲ ਅੱਜ ਦੀ ਘੜੀ ਖਾਲੀ ਦਿਸ ਰਹੇ ਹਨ।ਪ੍ਰਵਾਸੀ ਲੋਕਾਂ ਨੇ ਘਰਾਂ ਤੋਂ ਨਿਕਲਣਾ ਬੰਦ ਕਰ ਦਿੱਤਾ ਹੈ ਕਿਉਂਕਿ ਉਹਨਾਂ ਨੂੰ ਕਿਤੇ ਨਾ ਕਿਤੇ ਡਰ ਹੈ ਕਿ ਉਹਨਾਂ ਨੂੰ ਆਈਸ ਦੇ ਵੱਲੋਂ ਪਰੇਸ਼ਾਨ ਕੀਤਾ ਜਾ ਸਕਦਾ ਹੈ। ਮੈਕਸੀਕੋ ਦੇ ਵਿਦੇਸ਼ ਮੰਤਰਾਲਾਂ ਨੇ ਦੋ ਗੈਰ ਦਸਤਾਵੇਜੀ ਪ੍ਰਵਾਸੀਆਂ ਵੱਲੋਂ ਅਮਰੀਕੀ ਸਰਕਾਰ ਕੋਲ ਸ਼ਿਕਾਇਤ ਦਰਜ ਕਰਾਈ ਹੈ, ਜਿਨਾਂ ਨੇ ਅਮਰੀਕੀ ਅਧਿਕਾਰੀਆਂ ਤੇ ਦੇਸ਼ ਨਿਕਾਲੇ ਦੀ ਕਾਰਵਾਈ ਦੌਰਾਨ ਉਹਨਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਨਾ ਕਰਨ ਦਾ ਦੋਸ਼ ਲਗਾਇਆ ਹੈ।

# ਟੈਸਲਾ ਨੇ ਆਪਣੀਆਂ ਕਾਰਾਂ ਦੀ ਕੀਮਤ 9000 ਡਾਲਰ ਤੱਕ ਵਧਾ ਦਿੱਤੀ ਹੈ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਟੈਸਲਾ ਵੱਲੋਂ ਕੈਨੇਡਾ ਵਿੱਚ ਆਪਣੀਆਂ ਗੱਡੀਆਂ ਦੀਆਂ ਕੀਮਤਾਂ ਵਿੱਚ ਹਜ਼ਾਰਾਂ ਡਾਲਰਾਂ ਦਾ ਵਾਧਾ ਕੀਤਾ ਜਾ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਟੈਸਲਾ ਦੇ ਮਾਡਲ ਥਰੀ ਦੀਆਂ ਕੀਮਤਾਂ ਵਿੱਚ 9000 ਡਾਲਰ ਤੱਕ ਦਾ ਵਾਧਾ ਹੋਵੇਗਾ ਜਦੋਂ ਕਿ ਮਾਡਲ ਵਾਈ ਐਕਸ ਅਤੇ ਐਸ ਗੱਡੀਆਂ ਦੀਆਂ ਕੀਮਤਾਂ ਵਿੱਚ 4 ਹਜ਼ਾਰ ਡਾਲਰ ਦਾ ਵਾਧਾ ਕੀਤਾ ਜਾ ਰਿਹਾ ਹੈ। ਕੰਪਨੀ ਵੱਲੋਂ ਇਹ ਜਾਣਕਾਰੀ ਆਪਣੀ ਵੈਬਸਾਈਟ ਉੱਪਰ ਸਾਂਝੀ ਕੀਤੀ ਗਈ ਹੈ ਪਰ ਕੰਪਨੀ ਵੱਲੋਂ ਇਹ ਨਹੀਂ ਦੱਸਿਆ ਗਿਆ ਕਿ ਟੈਸਲਾ ਵੱਲੋਂ ਇਹ ਕੀਮਤਾਂ ਕਿਉਂ ਵਧਾਈਆਂ ਜਾ ਰਹੀਆਂ ਹਨ। ਵਰਨਨ ਯੋਗ ਹੈ ਕਿ ਟੈਸਲਾ ਵੱਲੋਂ ਇਹ ਵਾਧਾ ਉਸ ਵਕਤ ਕੀਤਾ ਜਾ ਰਿਹਾ ਹੈ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕਨੇਡੀਅਨ ਉਤਪਾਦਾਂ ਉੱਪਰ 25 ਫੀਸਦੀ ਟੈਰੀਫ਼ ਲਗਾਉਣ ਕਾਰਨ ਦੋਹਾਂ ਦੇਸ਼ਾਂ ਵਿਚਾਲੇ ਵਪਾਰਕ ਤਨਾਅ ਚੱਲ ਰਿਹਾ ਹੈ ਇਸ ਤੋਂ ਇਲਾਵਾ ਕ੍ਰਬੈਕ ਵਿੱਚ ਇਲੈਕਟਰੀਕਲ ਵਹੀਕਲ ਇਨਸੈਂਟਿਵ ਜੋ ਕਿ 4 ਹਜ਼ਾਰ ਡਾਲਰ ਬਣਦਾ ਹੈ ਉਸ ਨੂੰ ਦੋ ਮਹੀਨੇ ਵਾਸਤੇ ਮੁਅਤਲ ਕੀਤਾ ਜਾ ਰਿਹਾ ਹੈ। ਵਰਨਣਯੋਗ ਹੈ ਕਿ ਇਸ ਤੋਂ ਪਹਿਲਾਂ ਫੈਡਰਲ ਸਰਕਾਰ ਵੱਲੋਂ ਇਲੈਕਟਰੀਕਲ ਵਹੀਕਲ ਇਨਸੈਂਟਿਵ ਜੋ ਕਿ 5 ਡਾਲਰ ਤੱਕ ਹੁੰਦਾ ਸੀ 12 ਜਨਵਰੀ ਤੋਂ ਬੰਦ ਹੋ ਚੁੱਕਾ ਹੈ ਕਿਉਂਕਿ ਉਸ ਵਾਸਤੇ ਫੰਡਿੰਗ ਖਤਮ ਹੋ ਚੁੱਕੀ ਸੀ ਅਤੇ ਫੈਡਰਲ ਸਰਕਾਰ ਵੱਲੋਂ ਅਜੇ ਤੱਕ ਇਹ ਨਹੀਂ ਦੱਸਿਆ ਗਿਆ ਕਿ ਇਹ ਇਨਸੈਂਟਿਵ ਫਿਰ ਤੋਂ ਕਦੋਂ ਸ਼ੁਰੂ ਹੋਵੇਗਾ।

# ਸਾਨੂੰ ਨਹੀਂ ਚਾਹੀਦੀ ਟਰੰਪ ਦੀ ਮਾਫ਼ੀ



ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ ) ਅਮਰੀਕੀ ਸੰਸਦ ਕੈਪੀਟਲ ਹਿੱਲ ਤੇ 6 ਜਨਵਰੀ, 2021 ਨੂੰ ਹੋਏ ਹਮਲੇ ਦੇ ਦੋ ਦੋਸ਼ੀਆਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਮੁਆਫੀ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਦਿ ਗਾਰਡੀਅਨ ਦੇ ਅਨੁਸਾਰ, ਦੋਸ਼ੀ ਜੇਸਨ ਰਿਡਲ ਅਤੇ ਪਾਮੇਲਾ ਹੈਮਫਿਲ ਦਾ ਕਹਿਣਾ ਹੈ ਕਿ ਕੈਪੀਟਲ ਹਿੱਲ ਤੇ ਜੋ ਵੀ ਕੀਤਾ ਗਿਆ, ਉਹ ਮੁਆਫੀਯੋਗ ਨਹੀਂ ਹੈ। 71 ਸਾਲਾ ਹੇਮਫਿਲ ਨੇ ਕਿਹਾ ਕਿ ਜੇਕਰ ਉਹ ਮਾਫੀ ਸਵੀਕਾਰ ਕਰ ਲੈਂਦੀ ਹੈ ਤਾਂ ਇਹ ਸੰਦੇਸ਼ ਜਾਵੇਗਾ ਕਿ 6 ਜਨਵਰੀ ਦਾ ਹਮਲਾ ਸ਼ਾਂਤੀਪੂਰਨ ਪ੍ਰਦਰਸ਼ਨ ਸੀ। ਹੇਮਫਿਲ ਨੂੰ 2022 ਵਿੱਚ ਕੈਪੀਟਲ ਹਿੱਲ ਤੇ ਗੈਰ-ਕਾਨੂੰਨੀ ਤੌਰ ਤੇ ਪ੍ਰਦਰਸ਼ਨ ਕਰਨ ਅਤੇ ਪਿਕਟਿੰਗ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ, ਜਿਸ ਤੋਂ ਬਾਅਦ ਉਸ ਨੂੰ 60 ਦਿਨਾਂ ਦੀ ਜੇਲ੍ਹ ਅਤੇ ਤਿੰਨ ਸਾਲ ਦੀ ਪੁਲਿਸ ਨਿਗਰਾਨੀ ਦੀ ਸਜ਼ਾ ਸੁਣਾਈ ਗਈ ਸੀ। ਦੂਜੇ ਪਾਸੇ, ਜੇਸਨ ਰਿਡਲ, ਜਿਸ ਨੂੰ 90 ਦਿਨਾਂ ਦੀ ਜੇਲ੍ਹ ਅਤੇ 750 ਡਾਲਰ ਦੇ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਸੀ, ਨੇ ਵੀ ਮੁਆਫੀ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਰਿਡਲ ਨੇ ਨਿਊ ਹੈਂਪਸ਼ਾਇਰ ਪਬਲਿਕ ਰੇਡੀਓ (ਐਨ.ਐਚ.ਪੀ.ਆਰ.) ਨੂੰ ਦੱਸਿਆ - ਜਦੋਂ ਵੀ ਕੋਈ ਨੌਕਰੀ ਦੇਣ ਵਾਲੀ ਕੰਪਨੀ ਮੇਰੇ ਪਿਛੋਕੜ ਨੂੰ ਵੇਖੇਗੀ , ਤਾਂ ਉਹ ਮੇਰੇ ਵਿਰੁੱਧ ਦੋਸ਼ਾਂ ਨੂੰ ਵੀ ਵੇਖੇਗੀ ਅਤੇ ਰਾਸ਼ਟਰਪਤੀ ਤੋਂ ਮੁਆਫ਼ੀ ਸਵੀਕਾਰ ਕਰਕੇ ਇਹ ਦੋਸ਼ ਹੋਰ ਉਜਾਗਰ ਹੋਣਗੇ ।

JBK LAW OFFICE
IMMIGRATION & LEGAL EXPERT TEAM
JBK LAW OFFICE
SPECIALIZATION:
Family Law,
Estate Planning,
Corporate Commercial &
Real Estate, Family Sponsorship,
PNP and Federal Applications
Habibat Larai Kasim
LL.B, BL., LL.M
Ph: 306-782-5040
Fax: 306-782-5041
habibat@jblawoffice.com
2-31 Broadway St. E.
Yorkton, SK S3N 0K4
ਸੈਸਕੈਚਵਨ ਵਿੱਚ
ਵਕਾਲਤ ਦੀ ਸਫਲਤਾ ਦਾ ਨਾਂ
SPECIALIZATION:
Criminal Law, Immigration Law
(Appeals & Judicial Reviews)
Inadmissibility, SINP Secondary
Reviews, CBSA Detention Reviews,
Misrepresentation,
Bhavan Jaggi
(Barrister & Solicitor)
Ph: 306-757-7998
Fax-306 700 2430
email: bjaggi@jbklawoffice.com
www.Jbklawoffice.com
2010-11th Avenue, 7th Floor,
RBC Building, Regina, SK S4P 0J3

# ਬੀ.ਸੀ. 'ਚ 7 ਲੱਖ ਲੋਕ ਫ਼ੈਮਿਲੀ ਡਾਕਟਰ ਤੋਂ ਵਾਂਝੇ

ਵੈਨਕੂਵਰ (ਪੰਜਾਬੀ ਅਖ਼ਬਾਰ ਬਿਊਰੋ ) ਬ੍ਰਿਟਿਸ਼ ਕੋਲੰਬੀਆ ਦੀ ਡੇਵਿਡ ਐਬੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਇਹ ਦਾਅਵੇ ਕੀਤੇ ਗਏ ਸਨ ਕਿ ਉਹ ਸੂਬੇ ਦੀਆਂ ਸਿਹਤ ਸੇਵਾਵਾਂ ਨੂੰ ਲੀਹ ਤੇ ਲੈ ਆਉਣਗੇ ਪਰ ਸੱਚਾਈ ਇਸ ਤੇ ਉਲਟ ਨਜ਼ਰ ਆ ਰਹੀ ਹੈ ਕਿਉਂਕਿ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ 7 ਲੱਖ ਲੋਕਾਂ ਕੋਲ ਫੈਮਲੀ ਡਾਕਟਰ ਹੀ ਨਹੀਂ ਹੈ ਇਹ ਜਾਣਕਾਰੀ ਡਾਕਟਰਸ ਆਫ਼ ਬੀਸੀ ਦੀ ਪ੍ਰੈਜੀਡੈਂਟ ਅਤੇ ਬਰਨਬੀ ਵਿੱਚ ਫੈਮਲੀ ਫਿਜੀਸ਼ੀਨ ਦੇ ਤੌਰ ਤੇ ਕੰਮ ਕਰ ਰਹੀ ਡਾਕਟਰ ਚਾਰਲੀਨ ਲੁਈ ਨੇ ਸਾਂਝੀ ਕੀਤੀ ਹੈ। ਉਹਨਾਂ ਨੇ ਆਖਿਆ ਕਿ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਲੋਕ ਕਿਸ ਖੇਤਰ ਵਿੱਚ ਰਹਿ ਰਹੇ ਹਨ ਤੇ ਉਸੇ ਤਰ੍ਹਾਂ ਦੀ ਉਨਾਂ ਦੀ ਡਾਕਟਰਾਂ ਤੱਕ ਪਹੁੰਚ ਨਾ ਹੋਣ ਦੀ ਸਮੱਸਿਆ ਹੈ ਉਹਨਾਂ ਨੇ ਆਖਿਆ ਕਿ ਪੇਂਡੂ ਖੇਤਰ ਇਸ ਮਾਮਲੇ ਵਿੱਚ ਜਿਆਦਾ ਪ੍ਰਭਾਵਿਤ ਹਨ ਉਹਨਾਂ ਨਾਲ ਹੀ ਆਖਿਆ ਕਿ ਵੈਨਕੂਵਰ ਆਈਲੈਂਡ ਵਿੱਚ ਵੀ ਸਥਿਤੀ ਕਾਫੀ ਗੰਭੀਰ ਹੈ।

WE'RE IN THE PEOPLE BUSINESS,
WE JUST HAPPEN TO DO MORTGAGES.®
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
ਰੀਜਾਇਨਾ ਅਤੇ ਆਸ ਪਾਸ ਦੇ
ਇਲਾਕੇ ਵਿੱਚ ਮੌਰਗੇਜ ਕਰਵਾਉਣ
ਲਈ ਭਰੋਸੇਮੰਦ ਨਾਂਅ
VINE GROUP
MORTGAGE BROKERAGE
200 1965 Broad Street, Regina, SK S4P 1Y1

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

# ਜਿਮਨੀ ਚੋਣ ਲਈ ਨਾਹੀਦ ਨੈਂਨਸ਼ੀ ਐਨ ਡੀ ਪੀ ਉਮੀਦਵਾਰ ਵੱਜੋਂ ਅੱਗੇ ਆਏ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਛੇ ਮਹੀਨੇ ਪਹਿਲਾਂ ਅਲਬਰਟਾ ਐਨਡੀਪੀ ਦੇ ਲੀਡਰ ਬਣੇ ਕੈਲਗਰੀ ਦੇ ਸਾਬਕਾ ਮੇਅਰ ਨਾਹੀਦ ਨੈਨਸ਼ੀ ਹੁਣ ਵਿਧਾਨ ਸਭਾ ਵਿੱਚ ਜਾਣ ਦੀ ਤਿਆਰੀ ਕਰ ਰਹੇ ਹਨ । ਜਿਸ ਲਈ ਉਹ ਐਡਮਿੰਟਨ ਸਟਰੈਥਕੋਨਾ ਸੀਟ ਦੀ ਹੋ ਰਹੀ ਜ਼ਿਮਨੀ ਚੋਣ ਲਈ ਐਨਡੀਪੀ ਦੇ ਉਮੀਦਵਾਰ ਹੋਣਗੇ ਅਤੇ ਉਹ ਸਾਬਕਾ ਲੀਡਰ ਰੇਚਲ ਨੋਟਲੀ ਦੀ ਥਾਂ ਲੈਣਗੇ। ਇਸ ਸੀਟ ਉੱਪਰ ਤੀਜੀ ਵਾਰ ਇਸ ਤਰਾਂ ਹੋ ਰਿਹਾ ਹੈ ਕਿ ਜਦੋਂ ਐਨਡੀਪੀ ਦੇ ਨਵੇਂ ਚੁਣੇ ਗਏ ਲੀਡਰ ਵੱਲੋਂ ਚੋਣ ਲੜੀ ਜਾ ਰਹੀ ਹੋਵੇ ਇਸ ਤੋਂ ਪਹਿਲਾਂ ਰਾਜ ਪੰਨੂ ਅਤੇ ਰੇਚਲ ਨੋਟਲੀ ਵੱਲੋਂ ਇਸ ਸੀਟ ਤੋਂ ਚੋਣ ਲੜੀ ਜਾ ਚੁੱਕੀ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ 1997 ਤੋਂ ਐਨਡੀਪੀ ਇਸ ਸੀਟ ਉੱਪਰ ਕਾਬਜ਼ ਹੈ ਹੈ। ਵਰਨਣਯੋਗ ਹੈ ਕਿ ਨਾਹੀਦ ਨੈਂਸ਼ੀ ਅਲਬਰਟਾ ਐਨਡੀਪੀ ਦੇ ਲੀਡਰ ਬਣਨ ਤੋਂ ਪਹਿਲਾਂ 11 ਸਾਲ ਤੱਕ ਕੈਲਗਰੀ ਦੇ ਮੇਅਰ ਰਹੇ ਹਨ। ਇਸ ਮੌਕੇ ਸੰਬੋਧਨ ਕਰਦਿਆਂ ਨੈਂਸ਼ੀ ਨੇ ਆਖਿਆ ਕਿ ਐਡਮਿੰਟਨ ਵਿੱਚ ਸਭ ਤੋਂ ਵੱਡੀ ਸਮੱਸਿਆ ਪਬਲਿਕ ਸੇਫਟੀ ਹੈ ਜੋ ਕਿ ਪੂਰੇ ਸੂਬੇ ਨਾਲੋਂ ਜਿਆਦਾ ਗੰਭੀਰ ਸਥਿਤੀ ਵਿੱਚ ਹੈ।

DA INDIA CURRY HOUSE
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
# 806 Victoria Ave, Regina S4N 0R6

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

MOHAMMAD DERAKHSHANFAR
MORTGAGE ASSOCIATE Lic#316587
ਸਾਰੇ ਹੀ ਬੈਂਕਾ ਨਾਲ ਕੰਮ ਕਰਦੇ ਹੋਣ ਕਾਰਣ
ਤੁਹਾਨੂੰ ਮਾਰਗੇਜ ਸਸਤੀ ਅਤੇ ਵਧੀਆ
ਸਿਰਫ਼ ਇੱਥੇ ਹੀ ਮਿਲ ਸਕਦੀ ਹੈ।
I work for YOU, NOT the BANK!
CELL: 306.351.4340
mohammad.d@dominionlending.ca
www.momomortgages.ca
Dominion Lending Centres - The Mortgage Firm
3889 Arcola Avenue E, Regina, SK S4V 1P5 Canada
independently Owned & Operated - Brokerage Lic. #316454
DOMINION LENDING CENTRES
MORTGAGEFIRM.CA

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorhip · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigraton Consultant)
306-201-4464
Regina, SK navimmigrationservices@gmail.com

Bullet
Now Hiring
We are hiring Company Drivers & Owner Operators for USA Open Board
SPECIAL OFFER
- Steady Milage and Home time
- Bi Week Directly diposit
- Execellent equipment Dedicated to you
- Paid Border cross and waiting time
- after 2 hHours !
MUST HAVE
- Clean Driver Abstract and CVOR
- Clear Crimnal Search
- Minimum 6 months verifiable experience
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca
306-914-7733/647-221-4700

# ਤਾਨਾਸ਼ਾਹ ਹਿਟਲਰ ਵੱਲੋਂ ਯਹੂਦੀਆਂ ਨੂੰ ਮੌਤ ਦੇ ਘਾਟ ਉਤਾਰਨ ਦੇ ਵਰਤਾਰੇ ਨੂੰ ਨਸਲਕੁਸ਼ੀ ਵੱਜੋਂ ਜਾਣਿਆਂ ਜਾਂਦਾ ਹੈ : ਪਲਾਹਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਸ਼ਨ ਦੀ ਮੀਟਿੰਗ 27 ਜਨਵਰੀ ਨੂੰ ਵੀਵੋ ਵਿਖੇ ਦੇਸ਼ ਪ੍ਰੇਮ ਦੇ ਇਸ ਗੀਤ ਐ ਮੇਰੇ ਵਤਨ ਕੇ ਲੋਗੋ ਨਾਲ ਸ਼ੁਰੂ ਹੋਈ । ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਭਾਰਤ ਦੇ ਗਣਤੰਤਰ ਦਿਵਸ, ਸੰਵਿਧਾਨ, ਕੂਕਾ ਲਹਿਰ ਦੇ ਪਾਏ ਯੋਗਦਾਨ ਅਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਬਾਰੇ ਅਹਿਮ ਤੱਥ ਪੇਸ਼ ਕੀਤੇ। ਪ੍ਰਧਾਨ ਸੁਰਿੰਦਕਜੀਤ ਪਲਾਹਾ ਨੇ ਕਿਹਾ ਕਿ ਦੂਜੀ ਸੰਸਾਰ-ਜੰਗ ਸਮੇਂ ਜਰਮਨੀ ਦੇ ਤਾਨਾਸ਼ਾਹ ਹਿਟਲਰ ਨੇ ਕੋਈ 60 ਲੱਖ ਯਹੂਦੀਆਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਇਤਿਹਾਸ ਵਿੱਚ ਇਸ ਵਰਤਾਰੇ ਨੂੰ ਨਸਲਕੁਸ਼ੀ (ਹੋਲੋਕਾਸਟ) ਵੱਜੋਂ ਜਾਣਿਆਂ ਜਾਂਦਾ ਹੈ। ਹਰ ਉਮਰ ਦੇ ਯਹੂਦੀਆਂ ਨੂੰ ਰੇਲ ਗੱਡੀਆਂ ਰਾਹੀਂ 6 ਕਾਂਸਟ੍ਰੇਸ਼ਨ ਕੈਂਪਾਂ ਵਿੱਚ ਲਿਜਾ ਕੇ, ਨੰਗਿਆਂ ਨੂੰ ਗੈਸ ਚੈਂਬਰਾਂ ਵਿੱਚ ਤੂੜੀ ਵਾਂਗ ਤੁੰਨ ਕੇ, ਜ਼ਹਿਰੀਲੀ ਗੈਸ ਛੱਡ ਕੇ ਮਾਰਿਆ ਜਾਂਦਾ ਸੀ। ਬੇ-ਤਹਾਸ਼ਾ ਲਾਸ਼ਾਂ ਨੂੰ ਨਾਲ਼ ਬਣਾਈਆਂ ਭੱਠੀਆਂ ਵਿੱਚ ਜਲਾਇਆ ਜਾਂਦਾ ਸੀ। 27 ਜਨਵਰੀ, 1945 ਨੂੰ ਰੂਸੀ ਫੌਜਾਂ ਨੇ ਨਾਜ਼ੀਆਂ ਨੂੰ ਹਰਾ ਕੇ ਇਹ ਕੈਂਪ ਕਬਜ਼ੇ ਵਿੱਚ ਲਏ ਅਤੇ ਉਸ ਸਮੇਂ ਕੈਂਪਾਂ ਵਿੱਚ ਤਾੜੇ ਹੋਏ ਬਚਦੇ ਯਹੂਦੀਆਂ ਨੂੰ ਆਜ਼ਾਦ ਕੀਤਾ। ਇਨ੍ਹਾਂ 6 ਕੈਂਪਾਂ ਵਿੱਚੋਂ ਪੋਲੈਂਡ ਦੇ ਸ਼ਹਿਰ ਆਸ਼ਵਿਤਜ਼ ਵਿੱਚ ਬਣੇ ਤਿੰਨੇ ਕੈਂਪਾਂ ਨੂੰ ਕੌਮੀ ਯਾਦਗਾਰਾਂ ਵਿੱਚ ਬਦਲ ਦਿੱਤਾ ਗਿਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਅੱਜ 80 ਸਾਲ ਪੂਰੇ ਹੋਣ ਉਪ੍ਰੰਤ ਆਸ਼ਵਿਤਜ਼ ਦੀ ਇਸ ਯਾਦਗਾਰ ਵਿਖੇ ਮੁਕਤੀ ਦਿਵਸ (ਲਿਬਰੇਸ਼ਨ ਡੇ) ਮਨਾਈਆ ਜਾ ਰਿਹਾ ਹੈ। ਕਰਮ ਦੇ ਵਿਸ਼ੇ ਤੇ ਬੋਲਦਿਆਂ ਕਿਹਾ ਕਿ ਹਰੇਕ ਕਰਮ ਪਰਿਵਾਰ ਅਤੇ ਸਮਾਜ ਉਪਰ ਅਸਰ ਪਾਉਂਦਾ ਹੈ। ਇਸੇ ਤਰ੍ਹਾਂ ਬੋਲਣ ਦਾ ਸਲੀਕਾ ਅਤੇ ਸੁਨਣ ਦਾ ਹੁਨਰ ਸ਼ਖ਼ਸੀਅਤ ਤੋਂ ਇਲਾਵਾ ਕਈ ਪਾਸੇ ਚੰਗਾ ਮਾੜਾ ਪ੍ਰਭਾਵ ਪਾਉਂਦਾ ਹੈ। ਇਸ ਮਗਰੋਂ ਜਨਵਰੀ ਮਹੀਨੇ ਪੈਂਦੇ ਜਨਮ ਦਿਨ ਵਾਲ਼ੇ ਮੈਂਬਰਾਂ ਨੂੰ ਤਾੜੀਆਂ ਦੀ ਗੂੰਜ ਵਿੱਚ ਵਧਾਈਆਂ ਦਿੱਤੀਆਂ ਗਈਆਂ।

ਕਰਮ ਸਿੰਘ ਮੁੰਡੀ ਨੇ ਏਕਤਾ ਦੇ ਵਿਸ਼ੇ ਤੇ ਬੋਲਦਿਆਂ ਇਤਿਹਾਸ ਵਿੱਚੋਂ ਉਦਾਹਰਣਾਂ ਦੇ ਕੇ ਕਿਹਾ ਕਿ ਏਕਤਾ ਨਾਲ ਹੀ ਹਰ ਕਾਰਜ ਵਿੱਚ ਕਾਮਯਾਬੀ ਮਿਲਦੀ ਹੈ। ਤਰਜੀਤ ਸਿੰਘ ਲੱਲੀ ਨੇ ਇਤਿਹਾਸ ਵਿੱਚ ਮੌਕੇ ਦੀਆਂ ਸਰਕਾਰਾਂ ਦੁਆਰਾ ਕਿਸਾਨੀ ਪ੍ਰਤੀ ਲਾਗੂ ਕੀਤੀਆਂ ਮਾਰੂ ਨੀਤੀਆਂ ਅਤੇ ਬੇਇਨਸਾਫ਼ੀਆਂ ਦਾ ਵੇਰਵਾ ਦਿੱਤਾ। ਇਨ੍ਹਾਂ ਵਧੀਕੀਆਂ ਖਿਲਾਫ਼ ਚਲਾਏ ਅੰਦੋਲਨਾਂ ਦੀ ਤਫ਼ਸੀਲ ਦੇ ਕੇ ਦੁੱਲਾ ਭੱਟੀ ਦੇ ਨਾਬਰੀ ਕਿਰਦਾਰ ਨੂੰ ਉਘਾੜਿਆ। ਭਜਨ ਸਿੰਘ ਸਾਗੂ ਨੇ ਚੁਟਕਲੇ ਸੁਣਾ ਕੇ ਹਾਸਰਸ ਸਿਰਜਿਆ।

ਰੇਡੀ? ਰੈੱਡ ਐਫ ਐਮ ਦੇ ਨਿਊਜ਼ ਡਾਇਰੈਕਟਰ ਅਤੇ ਹੋਸਟ ਰਿਸ਼ੀ ਨਾਗਰ ਨੇ ਤਿੰਨ ਵਿਅੰਗਾਤਮਕ ਪਰ ਹਾਸਰਸੀ ਕਵਿਤਾਵਾਂ ਜਿਸ ਕਮਾਲ ਦੇ ਅੰਦਾਜ਼ ਅਤੇ ਹੁਨਰ ਨਾ਼ਲ ਪੇਸ਼ ਕੀਤੀਆਂ ਉਹ ਪ੍ਰੋਗਰਾਮ ਦਾ ਸਿਖਰ ਸੀ। ਇੱਕ ਕਵਿਤਾ ਪਾਕਿਸਤਾਨੀ ਅਦੀਬ ਖਾਲਿਦ ਮਸੂਦ ਦੀ ਸੀ, ਦੂਜੀ ਕਵਿਤਾ ਦੀਆਂ ਸਤਰਾਂ ਸਨ - ਗਧੇ ਹੱਸ ਰਹੇ ਹਨ ਪਰ ਬੰਦਾ ਰੋ ਰਿਹਾ ਹੈ \ ਕੈਨੇਡਾ ਵਿੱਚ ਇਹ ਕੀ ਹੋ ਰਿਹਾ ਹੈ । ਤੀਜੀ ਕਵਿਤਾ ਲੰਬੜਾਂ ਦੀ ਬੀਮਾਰ ਮਾਈ ਅਤੇ ਹਕੀਮ ਬਾਰੇ ਸੀ, ਜਿਸ ਨੂੰ ਸੁਣ ਕੇ ਦਰਸ਼ਕਾਂ ਦਾ ਹਾਸਾ ਗੂੰਜਦਾ ਰਿਹਾ। ਡਾ: ਰਾਜਵੰਤ ਕੌਰ ਮਾਨ ਨੇ ਖ਼ਾਬਾਂ ਦੀ ਉਡਾਰੀ। ਕਵਿਤਾ ਸੁਣਾਈ। ਬਿੱਕਰ ਸਿੰਘ ਸੰਧੂ ਨੇ ਪ੍ਰਕਾਸ਼ ਸਾਥੀ ਦਾ ਗੀਤ ਸੁਣਾ ਕੇ ਮਾਹੌਲ ਨੂੰ ਗ਼ਮਗੀਨ ਕਰ ਦਿੱਤਾ। ਸੁਖਮੰਦਰ ਗਿੱਲ ਦਾ ਗੀਤ ਮਾਏ ਨੀਂ ਮੈਂ ਕੀਹਨੂੰ ਆਖਾਂ ਦਰਸ਼ਕਾਂ ਦੇ ਮਨਾਂ ਅੰਦਰ ਲਹਿ ਗਿਆ। ਮੁਨੱਵਰ ਅਹਿਮਦ ਦਾ ਗੀਤ ਦਰਸ਼ਕਾਂ ਨੂੰ ਰੋਮਾਂਸ ਦੇ ਮਾਹੌਲ ਵਿੱਚ ਲੈ ਗਿਆ। ਅਖੀਰ ਵਿੱਚ ਸੁਰਿੰਦਰਜੀਤ ਪਲਾਹਾ ਨੇ ਪੇਸ਼ਕਾਰਾਂ, ਪ੍ਰਬੰਧਕਾਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਬੀਬੀਆਂ ਦੀ ਟੀਮ ਵੱਲੋਂ ਸਾਰਿਆਂ ਨੂੰ ਬੜੇ ਸਲੀਕੇ ਨਾ਼ਲ ਲਜ਼ੀਜ਼ ਖਾਣਾ ਪਰੋਸਿਆ ਗਿਆ।

# ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਕੈਲਗਰੀ ਅਲਬਰਟਾ ਦੀ ਮਿਲਣੀ ਮੌਕੇ ਮਨਮੋਹਨ ਸਿੰਘ ਨੂੰ ਚੇਤੇ ਕੀਤਾ ਗਿਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਜਨਵਰੀ 2025 ਨੂੰ ਸਾਕਾ ਦੇ ਸੀਨੀਅਰ ਵਾਈਸ ਪ੍ਰਧਾਨ ਹਰਦੀਪ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਸਾਕਾ ਦੇ ਦਫਤਰ ਵਿੱਚ ਇਹ ਸਮਾਗਮ ਮਨਾਏ ਗਏ। ਸਾਰੇ ਮੈਂਬਰਾਂ ਨੇ ਮਿਲ ਕੇ ਸੁਖਮਨੀ ਸਾਹਿਬ ਦਾ ਪਾਠ ਕੀਤਾ। ਸਾਲ 2025 ਲਈ ਸਾਰੀ ਮਨੁੱਖਤਾ ਦੇ ਭਲੇ ਲਈ ਅਰਦਾਸ ਕੀਤੀ ਗਈ। ਪ੍ਰਸ਼ਾਦ ਵਰਤਾਇਆ ਗਿਆ। ਹਰ ਵਾਰ ਦੀ ਤਰ੍ਹਾਂ ਇਸ ਮਹੀਨੇ ਜਿੰਨਾ ਸੰਸਥਾ ਦੇ ਮੈਂਬਰ ਭੈਣ ਭਰਾਵਾਂ ਦਾ ਜਨਮਦਿਨ ਇਸ ਮਹੀਨੇ ਵਿੱਚ ਆਉਂਦਾ ਹੈ ਕੇਕ ਕੱਟਣ ਦੀ ਰਸਮ ਨਾਲ ਉਹਨਾਂ ਦਾ ਜਨਮ ਦਿਨ ਮਨਾਇਆ ਗਿਆ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ । ਸਾਰੀ ਦੁਨੀਆਂ ਵਿੱਚ ਉਸਦੀ ਕਾਬਲੀਅਤ ਦਾ ਜੋ ਸਿੱਕਾ ਚੱਲਦਾ ਹੈ ਕਿ ਉਹ ਚੋਣ ਲੜੇ ਬਿਨਾਂ 10 ਸਾਲ ਇੰਡੀਆ ਦੇ ਪ੍ਰਧਾਨ ਮੰਤਰੀ ਰਹੇ,ਇੰਡੀਆ ਦੀ ਕਰੰਸੀ ਉੱਪਰ ਉਹਨਾਂ ਦੇ ਹਸਤਾਖਰ ਹਨ, ਉਹ ਮਹਾਨ ਅਰਥਸ਼ਾਸਤਰੀ ਸਨ, ਅਜਿਹੀਆਂ ਗੱਲਾਂ ਨੂੰ ਚੇਤੇ ਕਰਦਿਆਂ ਮਨਮੋਹਨ ਸਿੰਘ ਬਾਰੇ ਲੰਬਾ ਸਮਾਂ ਗੱਲਬਾਤ ਹੁੰਦੀ ਰਹੀ। ਬਲਵਿੰਦਰ ਸਿੰਘ ਬਿਰਦੀ,ਜਰਨੈਲ ਸਿੰਘ ਤੱਗੜ, ਗੁਰਤੇਜ ਕੌਰ ਸਿੱਧੂ, ਹਰਚੰਦ ਸਿੰਘ ਨੇ ਲੰਘੇ ਸ਼ਹੀਦੀ ਦਿਨਾਂ ਨੂੰ ਮੁੱਖ ਰੱਖਦੇ ਹੋਏ ਆਪੋ ਆਪਣੀਆਂ ਰਚਨਾਵਾਂ ਰਾਹੀਂ ਲਾਸਾਨੀ ਸਹਾਇਤਾ ਨੂੰ ਕੋਟ ਕੋਟ ਪ੍ਰਣਾਮ ਕਰਦਿਆਂ ਕਵਿਤਾਵਾਂ ਬੋਲੀਆਂ । ਸਰਿੰਦਰ ਕੌਰ ਸੰਧੂ ਨੇ ਕਵਿਤਾ ਦੇ ਰੂਪ ਵਿੱਚ ਸ਼ਬਦ ਗਾਇਨ ਕੀਤਾ। ਦੁਪਹਿਰ ਦੇ ਖਾਣੇ ਅਤੇ ਚਾਹ ਪਾਣੀ ਦਾ ਯੋਗ ਪ੍ਰਬੰਧ ਸੀ। ਮਹਿੰਦਰ ਸਿੰਘ ਮੁੰਡੀ ਨੇ ਆਏ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਨਵੇਂ ਸਾਲ ਅਤੇ ਜਨਮ ਦਿਨਾਂ ਦੀਆਂ ਵਧਾਈਆਂ ਦਿੱਤੀਆਂ । ਆਪਣੇ ਸੁਭਾਅ ਅਨੁਸਾਰ ਉਹਨਾਂ ਕੁੱਝ ਚੁਟਕਲੇ ਵੀ ਸੁਣਾਏ । ਕਮੇਟੀ ਮੈਂਬਰ ਜਸਵੰਤ ਸਿੰਘ ਹੀਰ, ਕੁਲਦੀਪ ਸਿੰਘ ਗਿੱਲ, ਜਸਵੰਤ ਸਿੰਘ ਸਿੱਧੂ, ਦਲਵੀਰ ਕੌਰ ਕੰਗ, ਜਰਨੈਲ ਸਿੰਘ ਤੱਗੜ ਨੇ ਆਪੋ ਆਪਣੀ ਡਿਊਟੀ ਬਾਖ਼ੂਬ ਢੰਗ ਨਾਲ ਨਿਭਾਈ। ਸਟੇਜ ਦਾ ਬਾਖ਼ੂਬੀ ਸੰਚਾਲਨ ਗੁਰਮੇਲ ਸਿੰਘ ਸੰਧੂ ਨੇ ਕੀਤਾ।

# ਨਾਰਥ ਕੈਲਗਰੀ ਸੀਨੀਅਰਜ਼ ਸੋਸਾਇਟੀ ਦੇ ਬਾਬਿਆਂ ਨੇ ਸੱਭਿਆਚਾਰਕ ਅਤੇ ਸਮਝਦਾਰੀ ਦੇ ਤੋਹਫਿਆਂ ਭਰੀ ਮਹਿਫਿਲ ਸਜਾਈ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਸੀਨੀਅਰਜ਼ ਸੋਸਾਇਟੀ ਦੀ ਮਾਸਿਕ ਮੀਟਿੰਗ 22 ਜਨਵਰੀ ਨੂੰ ਲਿਵਿੰਗਸਟਨ ਕਮਿਊਨਿਟੀ ਸੈਂਟਰ ਦੇ ਹਾਲ ਵਿੱਚ ਹੋਈ ਜਿਸ ਦੀ ਪ੍ਰਧਾਨਗੀ ਕੁਲਵੰਤ ਰਾਏ ਸ਼ਰਮਾ, ਯਾਦਵਿੰਦਰ ਸਿੱਧੂ ਅਤੇ ਹਰਜਿੰਦਰ ਸੈਣੀ ਨੇ ਕੀਤੀ। ਮੰਚ ਸੰਭਾ਼ਲਦਿਆਂ ਜਗਦੇਵ ਸਿੱਧੂ ਨੇ ਲੋਹੜੀ ਅਤੇ ਮਾਘੀ ਦੇ ਤਿਉਹਾਰਾਂ ਦੇ ਇਤਿਹਾਸਕ ਤੇ ਪਰਸੰਗਕ ਪੱਖਾਂ ਨੂੰ ਉਜਾਗਰ ਕੀਤਾ। 31 ਜਨਵਰੀ, 2020 ਨੂੰ ਦਲੀਪ ਕੌਰ ਟਿਵਾਣਾ ਅਤੇ ਠੀਕ ਅਗਲੇ ਦਿਨ ਪਹਿਲੀ ਫ਼ਰਵਰੀ ਨੂੰ ਜਸਵੰਤ ਸਿੰਘ ਕੰਵਲ ਦੇ ਅਕਾਲ ਚਲਾਣੇ ਦੇ ਇਤਫ਼ਾਕ ਨੂੰ ਯਾਦ ਕੀਤਾ। ਕੌਂਸਲਰ ਰਾਜ ਧਾ਼ਲੀਵਾ਼ਲ ਨੇ ਸੋਸਾਇਟੀ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਜਨਵਰੀ ਮਹੀਨੇ ਪੈਂਦੇ ਜਨਮ ਦਿਨ ਵਾ਼ਲੇ 15 ਮੈਂਬਰਾਂ ਨੂੰ ਤੋਹਫ਼ੇ ਦੇ ਕੇ ਮੁਬਾਰਕਾਂ ਪਰੋਸੀਆਂ । ਇਸ ਮਗਰੋਂ ਗਾਇਕਾਂ ਨੇ ਕਮਾਲ ਦੀ ਆਵਾਜ਼, ਅੰਦਾਜ਼ ਅਤੇ ਪਰਪੱਕ ਗਾਈਕੀ ਦਾ ਮੁਜ਼ਾਹਰਾ ਕਰਦਿਆਂ ਦਰਸ਼ਕਾਂ ਨੂੰ ਕੀਲੀ ਰੱਖਿਆ। ਹਾਲ ਤਾੜੀਆਂ ਨਾ਼ਲ ਗੂੰਜਦਾ ਰਿਹਾ। ਇਨ੍ਹਾਂ ਵਿੱਚੋਂ ਦੇਵਿੰਦਰ ਮਾਨ ਨੇ ਤਿੰਨ ਵੰਨਗੀਆਂ ਦੀ ਗਾਇਕੀ ਪੇਸ਼ ਕੀਤੀ - ਹੀਰ ਦੀ ਇਹ ਕਲੀ - ਰਾਂਝੇ ਚਾਕ ਨੇ ਦੁਹੱਥੜ ਪੱਟੀਂ ਮਾਰੀ, ਦੂਜਾ ਗੀਤ - ਸਭ ਤੋਂ ਬੁਰਾ ਜੋ ਯਾਰ ਮਾਰ ਕਰਦਾ, ਤੀਜਾ - ਇਨ੍ਹਾਂ ਅੱਖੀਆਂ 'ਚ ਪਾਵਾਂ ਕਿਵੇਂ ਕਜਲਾ ਵੇ ਅੱਖੀਆਂ 'ਚ ਤੂੰ ਵਸਦਾ ਗਾਕੇ ਗਾਇਕੀ ਦੀ ਬੁਲੰਦਗੀ ਦੀ ਛਾਪ ਛੱਡੀ।

ਡਾ: ਸਤਨਾਮ ਧੋਥੜ, ਮੁਨੱਵਰ ਅਹਿਮਦ,ਸੁਖਮੰਦਰ ਗਿੱਲ, ਪਰਮਜੀਤ ਭੰਗੂ,ਡਾ: ਰਮਨ ਗਿੱਲ ਦੀ, ਕੰਵਲਜੀਤ ਧਾ਼ਲੀਵਾ਼ਲ ਦੀ ਪੇਸ਼ਕਾਰੀ ਨਾ਼ਲ ਮਸਤੀ ਬਿਖਰ ਗਈ। ਜਨਾਬ ਤਾਰਿਕ ਮਲਿਕ ਦੇ ਉਮਦਾ ਸ਼ੇਅਰਾਂ ਵਿੱਚੋਂ ਇੱਕ ਨਮੂਨਾ - ਕਾਂਚ ਕੋ ਹੀਰਾ ਸਮਝੇ, ਸਾਰੀ ਭੂਲ ਹਮਾਰੀ ਥੀ / ਇਸ ਝੂਠ ਕੋ ਸੱਚਾ ਸਮਝੇ ਸਾਰੀ ਭੂਲ ਹਮਾਰੀ ਥੀ। ਤਰਲੋਕ ਚੁੱਘ ਨੇ ਚੋਣਾਂ ਨਾ਼ਲ ਸੰਬੰਧਤ ਚੁਟਕਲੇ ਸੁਣਾਕੇ ਹਾਸਰਸ ਦਾ ਮਾਹੌਲ ਸਿਰਜਿਆ। ਸੰਤ ਸਿੰਘ ਧਾ਼ਲੀਵਾ਼ਲ ਨੇ ਸਮਾਜ ਭਲਾਈ ਦੇ ਉਪਰਾਲਿਆਂ ਬਾਰੇ ਦੱਸਿਆ। ਬਲਜੀਤ ਪੰਧੇਰ ਨੇ ਸਾਰੇ ਤਿਉਹਾਰ ਰਲ ਮਿਲ ਕੇ ਮਨਾਉਣ ਦੀ ਅਪੀਲ ਕੀਤੀ। ਬਿੱਕਰ ਸਿੰਘ ਸੰਧੂ ਨੇ ਕੈਨੇਡਾ ਅੰਦਰ ਮਿਲਦੀਆਂ ਸਹੂਲਤਾਂ ਲੈਣ ਦੇ ਢੰਗ-ਤਰੀਕਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਜਗਦੇਵ ਸਿੱਧੂ ਨੇ ਦੱਸਿਆ ਕਿ ਬਿੱਕਰ ਸਿੰਘ ਸੰਧੂ ਭਾਰਤੀ ਸੈਨਾ ਦੇ ਮੁੱਖ ਦਫਤਰਾਂ ਵਿਚ ਕੰਮ ਕਰਦੇ ਰਹੇ ਅਤੇ ਸੇਵਾ-ਨਵਿਰਤੀ ਉਪ੍ਰੰਤ ਕੈਲਗਰੀ ਵਿਚ ਸਮਾਜਿਕ ਸੰਸਥਾਵਾਂ ਅਤੇ ਆਮ ਲੋਕਾਂ ਨੂੰ ਸਲਾਹ ਮਸ਼ਵਰਾ ਦੇਣ, ਫਾਰਮ ਭਰਨ, ਜ਼ਰੂਰੀ ਦਸਤਾਵੇਜ਼ ਜੁਟਾਉਣ ਵਰਗੇ ਕਾਰਜਾਂ ਲਈ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ। ਇਨ੍ਹਾਂ ਪਰਉਪਕਾਰੀ ਕੰਮਾਂ ਸਦਕਾ ਉਨ੍ਹਾਂ ਨੂੰ ਸਰਕਾਰ ਵੱਲੋਂ ਵੀ ਸਨਮਾਨਿਆ ਗਿਆ ਹੈ। ਅਖੀਰ ਵਿੱਚ ਕੁਲਵੰਤ ਰਾਏ ਸ਼ਰਮਾ ਨੇ ਪੇਸ਼ਕਾਰੀਆਂ ਦੇ ਮਿਆਰ ਨੂੰ ਸਲਾਹਿਆ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ।

# ਓਨਟਾਰੀਓ ਨੇ ਐਲਾਨ ਮਸਕ ਦੀ ਸਟਾਰਲਿੰਕ ਨਾਲ ਕੀਤਾ 100 ਮਿਲੀਅਨ ਡਾਲਰ ਦਾ ਸਮਝੌਤਾ ਤੋੜਿਆ



ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ ) ਓਨਟਾਰੀਓ ਚ ਡਗ ਫ਼ੋਰਡ ਨੇ ਆਖਿਆ ਹੈ ਕਿ ਉਹ ਐਲਨ ਮਸਕ ਦੇ ਸਟਾਰਲਿੰਕ ਨਾਲ ਕੀਤਾ 100 ਮਿਲੀਅਨ ਡਾਲਰ ਦਾ ਸਮਝੌਤਾ ਰੱਦ ਕਰ ਰਹੇ ਹਨ ਜਿਸ ਨਾਲ ਨੋਰਦਨ ਤੇ ਰੂਰਲ ਕਮਿਊਨਿਟੀਜ ਵਿੱਚ ਹਾਈ ਸਪੀਡ ਇੰਟਰਨੈਟ ਮੁਹਈਆ ਕਰਵਾਉਣਾ ਸੀ ਡਗ ਫੋਰਡ ਜਿਨਾਂ ਨੇ ਪਿਛਲੇ ਹਫਤੇ ਸੂਬੇ ਚ ਮੱਧਕਾਲੀ ਚੋਣਾਂ ਦਾ ਐਲਾਨ ਕੀਤਾ ਸੀ, ਨੇ ਸੋਸ਼ਲ ਮੀਡੀਆ ਤੇ ਪਾਈ ਪੋਸਟ ਵਿੱਚ ਆਖਿਆ ਹੈ ਕਿ ਸੂਬੇ ਦੀ ਪ੍ਰੋਗਰੈਸਿਵ ਕੰਜਰਵੇਟਿਵ ਸਰਕਾਰ ਫੌਰੀ ਤੌਰ ਤੇ ਅਮਰੀਕਾ ਦੀਆਂ ਕੰਪਨੀਆਂ ਨਾਲ ਕੀਤੇ ਸਮਝੌਤਿਆਂ ਨੂੰ ਬੈਨ ਕਰ ਰਹੀ ਹੈ ਇਸ ਤੇ ਜਵਾਬ ਵਿੱਚ ਐਲਨ ਮਸਕ ਨੇ ਵੀ ਇੱਕ ਟਵੀਟ ਕੀਤਾ ਹੈ ਜਿਸ ਵਿੱਚ ਉਸਨੇ ਲਿਖਿਆ ਹੈ ਬਹੁਤ ਵਧੀਆ-

ਉਧਰ ਉਨਟਾਰੀਓ ਲਿਬਰਲ ਪਾਰਟੀ ਦੀ ਲੀਡਰ ਬੋਨੀ ਕਰੌਂਬੀ ਜਿਨਾਂ ਨੇ ਬੀਤੇ ਦਿਨੀ ਆਖਿਆ ਸੀ ਕਿ ਸਟਾਰ ਲਿੰਕ ਨਾਲ ਕੀਤਾ ਸਮਝੌਤਾ ਰੱਦ ਕਰਨਾ ਚਾਹੀਦਾ ਹੈ ਨੇ ਡਗਫੋਡ ਦੇ ਇਸ ਫੈਸਲੇ ਤੇ ਐਕਸ ਤੇ ਪਾਈ ਪੋਸਟ ਵਿੱਚ ਆਖਿਆ ਕਿ ਉਹਨਾਂ ਨੂੰ ਖੁਸ਼ੀ ਹੈ ਕਿ ਆਖਿਰਕਾਰ ਇਹ ਕਦਮ ਚੁੱਕਿਆ ਗਿਆ ਹੈ ਇਸ ਦੇ ਨਾਲ ਹੀ ਡੱਗ ਫ਼ੋਰਡ ਨੇ ਐਲਾਨ ਕੀਤਾ ਕਿ ਸੂਬੇ ਵਿੱਚ ਸ਼ਰਾਬ ਵੇਚਣ ਵਾਲੇ ਸਟੋਰਾਂ ਯਾਨੀ ਐਲਸੀਬੀਓ ਤੋਂ ਮੰਗਲਵਾਰ ਤੋਂ ਅਮਰੀਕੀ ਸ਼ਰਾਬ ਦੀ ਵਿਕਰੀ ਵੀ ਰੋਕ ਦਿੱਤੀ ਜਾਵੇਗੀ











# 51 ਹਜ਼ਾਰ ਕੈਨੇਡੀਅਨ ਡਾਲਰ ਵਾਲੇ ਢਾਹਾਂ ਸਾਹਿਤ ਇਨਾਮ-2025 ਲਈ ਪੁਸਤਕਾਂ ਦੀਆਂ ਨਾਮਜ਼ਦਗੀਆਂ ਆਰੰਭ

## ਪੁਸਤਕਾਂ ਭੇਜਣ ਦੀ ਆਖਰੀ ਤਾਰੀਕ 28 ਫਰਵਰੀ 2025

ਵੈਨਕੂਵਰ (ਪੰਜਾਬੀ ਅਖਬਾਰ ਬਿਊਰੋ)- ਕੈਨੇਡਾ ਦੀ ਧਰਤੀ ਤੋਂ ਆਰੰਭ ਹੋਏ ਅਤੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ 51000 ਕੈਨੇਡੀਅਨ ਡਾਲਰ ਦੇ ਕੌਮਾਂਤਰੀ ਪ੍ਰਸਿੱਧੀ ਵਾਲੇ ਢਾਹਾਂ ਸਾਹਿਤ ਇਨਾਮ ਸਾਲ 2025 ਲਈ ਨਾਮਜ਼ਦਗੀਆਂ ਹੁਣ ਪ੍ਰਵਾਨ ਕਰਨੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ ਅਤੇ ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਤਾਰੀਖ 28 ਫਰਵਰੀ 2025 ਹੈ। ਇਹ ਜਾਣਕਾਰੀ ਢਾਹਾਂ ਸਾਹਿਤ ਇਨਾਮ ਦੇ ਬਾਨੀ ਸ੍ਰੀ ਬਰਜਿੰਦਰ ਸਿੰਘ ਢਾਹਾਂ ਦੁਆਰਾ ਦਿੱਤੀ ਗਈ। ਉਹਨਾਂ ਕਿਹਾ ਕਿ ਇਸ ਸਨਮਾਨ ਮਾਂ-ਬੋਲੀ ਪੰਜਾਬੀ ਵਿਚ ਸਮੁੱਚੇ ਸੰਸਾਰ ਵਿਚ ਰਚੇ ਗਏ ਉੱਤਮ ਸਾਹਿਤ ਦੀ ਪਛਾਣ ਕਰਨ ਅਤੇ ਪੰਜਾਬੀ ਸਾਹਿਤ-ਸਿਰਜਣਾ ਨੂੰ ਉਤਸ਼ਾਹ ਦੇਣ ਦੇ ਮਨੋਰਥ ਨਾਲ ਸ਼ੁਰੂ ਕੀਤਾ ਗਿਆ ਸੀ। ਜੋ ਕੌਮਾਂਤਰੀ ਪੱਧਰ ਉੱਤੇ ਮਾਂ ਬੋਲੀ ਪੰਜਾਬੀ ਦੀ ਗੁਰਮੁਖੀ ਜਾਂ ਸ਼ਾਹਮੁਖੀ ਲਿਪੀ ਵਿਚ ਛਪੇ ਨਾਵਲ ਤੇ ਕਹਾਣੀ ਦੀਆਂ ਤਿੰਨ ਕਿਤਾਬਾਂ ਨੂੰ ਦਿੱਤਾ ਜਾਂਦਾ ਹੈ। ਜਿਸ ਵਿਚ ਤਿੰਨ ਪੁਸਤਕਾਂ ਵਿਚੋ ਇੱਕ ਨੂੰ 25 ਹਜ਼ਾਰ ਕੈਨੇਡੀਅਨ ਡਾਲਰ ਦਾ ਇਨਾਮ ਅਤੇ ਦੋ ਪੁਸਤਕਾਂ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਦਾ ਢਾਹਾਂ ਸਾਹਿਤ ਇਨਾਮ ਬਹੁਤ ਸਤਿਕਾਰ ਸਹਿਤ ਭੇਟ ਕੀਤਾ ਜਾਂਦਾ ਹੈ। ਇਸ ਮੌਕੇ ਜੇਤੂ ਕਿਤਾਬਾਂ ਦੇ ਲੇਖਕਾਂ ਨੂੰ ਗੁਰਮੁਖੀ ਜਾਂ ਸ਼ਾਹਮੁਖੀ ਵਿੱਚ ਲਿਪੀਅੰਤਰਨ ਕਰਨ ਲਈ ਵੀ 6,000 ਕੈਨੇਡੀਅਨ ਡਾਲਰ ਦਾ ਵਿਸ਼ੇਸ਼ ਸਨਮਾਨ ਵੀ ਭੇਟ ਕੀਤਾ ਜਾਂਦਾ ਹੈ। ਢਾਹਾਂ ਸਾਹਿਤ ਇਨਾਮ ਵੱਲੋਂ 11 ਸਾਲਾਂ ਦੇ ਸਫਰ ਵਿਚ ਹੁਣ ਤੱਕ ਭਾਰਤ, ਪਾਕਿਸਤਾਨ, ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਦੇ ਪੰਜਾਬੀ ਲੇਖਕਾਂ ਦੀਆਂ 33 ਨਾਮਵਰ ਪੁਸਤਕਾਂ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ, ਜਿਹਨਾਂ ਵਿਚ ਨਾਵਲ ਤੇ ਕਹਾਣੀ ਸੰਗ੍ਰਿਹ ਸ਼ਾਮਿਲ ਹਨ। ਸ. ਢਾਹਾਂ ਨੇ ਇਸ ਮੌਕੇ ਢਾਹਾਂ ਸਾਹਿਤ ਇਨਾਮ ਨੂੰ ਦੇਸ-ਵਿਦੇਸ ਦੇ ਲੇਖਕਾਂ, ਪ੍ਰਕਾਸ਼ਿਕਾਂ ਅਤੇ ਪਾਠਕਾਂ ਵੱਲੋ ਦਿੱਤੇ ਜਾ ਰਹੇ ਪਿਆਰ-ਸਤਿਕਾਰ ਲਈ ਵੀ ਤਹਿ ਦਿਲੋਂ ਧੰਨਵਾਦ ਕੀਤਾ। ਸ੍ਰੀ ਢਾਹਾਂ ਨੇ ਨਾਮਜ਼ਦਗੀਆਂ ਦਾਖਲ ਕਰਨ ਸਬੰਧੀ ਜਾਣਕਾਰੀ ਦਿੰਦੇ ਦੱਸਿਆ ਕਿ ਸਾਲ 2025 ਦੇ ਢਾਹਾਂ ਇਨਾਮ ਲਈ ਪ੍ਰਕਾਸ਼ਿਤ ਨਾਵਲ ਜਾਂ ਕਹਾਣੀਆਂ ਦੀ ਕਿਤਾਬ ਨਾਮਜ਼ਦ ਕਰਨ ਦੇ ਚਾਹਵਾਨ ਲੇਖਕ, ਪ੍ਰਕਾਸ਼ਿਕ ਨਾਮਜ਼ਦਗੀ ਫਾਰਮ ਭਰ ਕੇ ਸੰਬਧਿਤ ਪੁਸਤਕ ਦੀਆਂ ਤਿੰਨ ਕਾਪੀਆਂ ਨੂੰ ਢਾਹਾਂ ਇਨਾਮ ਦੇ ਮੁੱਖ ਦਫਤਰ Dhahan Prize Book Submission # 1058 – 2560 Shell Road Richmond, B.C., Canada VFX 028 ਜਾਂ ਈਮੇਲ submissions @dhahanprize.com ਤੇ ਭੇਜ ਸਕਦੇ ਹਨ। ਇਸ ਸਬੰਧੀ ਹੋਰ ਜਾਣਕਾਰੀ ਵੈਬਸਾਈਟ www.dhahanprize.com ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ, ਜਿਸ ਤੋਂ ਲੇਖਕ-ਪ੍ਰਕਾਸ਼ਿਕ ਤਿੰਨ ਭਾਸ਼ਾਵਾਂ ਗੁਰਮੁਖੀ, ਸ਼ਾਹਮੁਖੀ ਅਤੇ ਅੰਗਰੇਜ਼ੀ ਵਿਚ ਜਾਣਕਾਰੀ ਮਿਲ ਸਕਦੀ ਹੈ। ਵਰਨਣਯੋਗ ਹੈ ਕਿ ਢਾਹਾਂ ਇਨਾਮ ਪੰਜਾਬੀ ਭਾਸ਼ਾ ਦਾ ਸਭ ਤੋਂ ਵੱਡਾ ਸਨਮਾਨ ਹੈ, ਜੋ ਪੰਜਾਬੀ ਸਾਹਿਤ ਰਚਨਾ ਨੂੰ ਉਤਸ਼ਾਹਿਤ ਕਰਨ, ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿੱਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਨੂੰ ਆਪਸ ਵਿੱਚ ਜੋੜਨ ਅਤੇ ਕੌਮਾਂਤਰੀ ਪੱਧਰ 'ਤੇ ਪੰਜਾਬੀ ਸਾਹਿਤ ਦਾ ਪ੍ਰਚਾਰ ਤੇ ਪਸਾਰ ਕਾਰਜਸ਼ੀਲ ਹੈ। ਇਸ ਨਾਲ ਪੰਜਾਬੀ ਲੇਖਕਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਨਿਵੇਕਲੀ ਪਛਾਣ ਮਿਲਦੀ ਹੈ ਅਤੇ ਜਿਸ ਰਾਹੀਂ ਉਹ ਦੁਨੀਆ ਭਰ ਦੇ ਬਹੁ-ਭਾਸ਼ੀ ਪਾਠਕਾਂ ਤੱਕ ਪਹੁੰਚ ਸਕਦੇ ਹਨ।



ਢਾਹਾਂ ਸਾਹਿਤ ਇਨਾਮ ਦੇ ਬਾਨੀ ਸ੍ਰੀ ਬਰਜਿੰਦਰ ਸਿੰਘ ਢਾਹਾਂ

ਢਾਹਾਂ ਇਨਾਮ ਦੀ ਸਥਾਪਨਾ ਬਰਜ ਢਾਹਾਂ (ਬਰਜਿੰਦਰ ਸਿੰਘ) ਅਤੇ ਉਹਨਾਂ ਧਰਮਪਤਨੀ ਰੀਟਾ ਢਾਹਾਂ ਦੁਆਰਾ ਪਰਿਵਾਰ, ਦੋਸਤਾਂ ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਸਹਿਯੋਗ ਨਾਲ ਵੈਨਕੂਵਰ, ਕੈਨੇਡਾ ਵਿੱਚ ਸਾਲ 2013 ਵਿਚ ਕੀਤੀ ਸੀ। ਢਾਹਾਂ ਸਾਹਿਤ ਇਨਾਮ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ (ਕਨੈਡਾ) ਸਥਾਪਿਤ ਹੋਇਆ ਸੀ, ਜਿੱਥੇ ਪੰਜਾਬੀ ਲੋਕਾਂ ਦਾ, ਪੰਜਾਬੀ ਭਾਸ਼ਾ ਦਾ ਅਤੇ ਪੰਜਾਬੀ ਸੱਭਿਆਚਾਰ ਦਾ ਇੱਕ ਅਮੀਰ ਇਤਿਹਾਸ ਹੈ। ਇਸ ਤੋਂ ਇਲਾਵਾ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਕੈਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਜੋ ਇਸ ਦੇਸ਼ ਦੇ ਬਹੁ-ਸੱਭਿਆਚਾਰਕ ਤਾਣੇ-ਬਾਣੇ ਵਿੱਚ ਇੱਕ ਮਜ਼ਬੂਤ ਥੰਮ ਦਾ ਕੰਮ ਕਰ ਰਹੀ ਹੈ।

# ਇਜ਼ਰਾਈਲ ਵੱਲੋਂ ਵੈਸਟ ਬੈਂਕ ਵਿੱਚ 50 ਫ਼ਲਸਤੀਨੀ ਅੱਤਵਾਦੀ ਮਾਰਨ ਦਾ ਦਾਅਵਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇਜ਼ਰਾਈਲ ਡਿਫੈਂਸ ਫੋਰਸਿਜ਼ (ਆਈਡੀਐੱਫ) ਨੇ ਦਾਅਵਾ ਕੀਤਾ ਕਿ ਉਸਨੇ ਪਿਛਲੇ ਦੋ ਹਫ਼ਤਿਆਂ ਵਿੱਚ ਵੈਸਟ ਬੈਂਕ (ਫਲਸਤੀਨ) ਵਿੱਚ ਫੌਜੀ ਕਾਰਵਾਈਆਂ ਦੌਰਾਨ 50 ਤੋਂ ਵੱਧ ਫਲਸਤੀਨੀ ਅੱਤਵਾਦੀਆਂ ਨੂੰ ਮਾਰ ਦਿੱਤਾ ਹੈ। ਟਾਈਮਜ਼ ਆਫ਼ ਇਜ਼ਰਾਈਲ ਦੀ ਰਿਪੋਰਟ ਅਨੁਸਾਰ, ਆਈਡੀਐੱਫ ਨੇ ਜੇਨਿਨ, ਤੁਲਕਾਰੇਮ ਅਤੇ ਤਾਮੂਨ ਖੇਤਰਾਂ ਵਿੱਚ ਇਨ੍ਹਾਂ ਵਿੱਚੋਂ 35 ਅੱਤਵਾਦੀਆਂ ਨੂੰ ਸਿੱਧੇ ਹਮਲਿਆਂ ਚ ਮਾਰ ਦਿੱਤਾ ਹੈ, ਜਦੋਂਕਿ 15 ਡਰੋਨ ਹਮਲਿਆਂ ਵਿੱਚ ਮਾਰੇ ਗਏ ਹਨ। ਆਮ ਨਾਗਰਿਕ ਵੀ ਇਨ੍ਹਾਂ ਆਈਡੀਐੱਫ ਹਮਲਿਆਂ ਦਾ ਸਿ ?ਕਾਰ ਹੋਏ ਹਨ। ਇਨ੍ਹਾਂ ਵਿੱਚ ਇੱਕ ਬੱਚਾ ਵੀ ਸ਼ਾਮਿਲ ਹੈ। ਆਈਡੀਐੱਫ ਨੇ ਵੀ ਆਪਣੀ ਗਲਤੀ ਮੰਨ ਲਈ ਹੈ। ਇਜ਼ਰਾਈਲ ਨੇ 100 ਤੋਂ ਵੱਧ ਫਲਸਤੀਨੀ ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। 40 ਹਜ਼ਾਰ ਤੋਂ ਵੱਧ ਹਥਿਆਰ ਬਰਾਮਦ ਕੀਤੇ ਗਏ। 80 ਤੋਂ ਵੱਧ ਵਿਸਫੋਟਕਾਂ ਨੂੰ ਨਕਾਰਾ ਕੀਤਾ ਗਿਆ ਹੈ। ਇਜ਼ਰਾਈਲ ਨੇ ਇਸਨੂੰ ਆਪਰੇਸ਼ਨ ਆਇਰਨ ਵਾਲ ਦਾ ਨਾਮ ਦਿੱਤਾ ਹੈ।ਦੂਜੇ ਪਾਸੇ ਫ਼ਲਸਤੀਨ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਇਜਰਾਇਲੀ ਹਮਲਿਆਂ ਵਿੱਚ 70 ਜਣੇ ਮਾਰੇ ਗਏ ਹਨ

# ਪੰਜਾਬੀ ਸਾਹਿਤ ਸਭਾ ਦੀ ਮਿਲਣੀ ਮੌਕੇ ਸੁਰਿੰਦਰ ਗੀਤ ਦੀਆਂ ਰਚਨਾਵਾਂ ਬਾਰੇ ਗੱਲਬਾਤ ਹੋਈ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ, ਕੈਲਗਰੀ ਦੀ ਮਾਸਿਕ ਮੀਟਿੰਗ 26 ਜਨਵਰੀ ਨੂੰ ਕੋਸੋ ਹਾਲ ਵਿੱਚ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਇਸ ਦਿਨ ਨੂੰ ਭਾਰਤ ਦੇ 76ਵੇਂ ਗਣਤੰਤਰ ਦਿਵਸ ਵੱਜੋਂ ਯਾਦ ਕੀਤਾ। ਉਸ ਨੇ ਸੰਵਿਧਾਨ ਬਨਾਉਣ ਦੇ ਪਿਛੋਕੜ ਤੇ ਝਾਤ ਪੁਆਈ ਅਤੇ ਇਸ ਦੀ ਅਹਿਮੀਅਤ ਜਤਾਈ। ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੀਵਨ ਬਾਰੇ ਸੰਖੇਪ ਬਿਉਰਾ ਦਿੱਤਾ। ਤੇਜਾ ਸਿੰਘ ਪ੍ਰੇਮੀ, ਗੁਰਰਾਜ ਸਿੰਘ ਵਿਰਕ, ਮਨਜੀਤ ਸਿੰਘ ਬਰਾੜ ਅਤੇ ਜਸਵੀਰ ਸਿਹੋਤਾ ਨੇ ਕਵਿਤਾਵਾਂ ਸੁਣਾਈਆਂ। ਸੁਰਿੰਦਰ ਢਿੱਲੋਂ ਨੇ ਸੰਵਿਧਾਨ ਦੀਆਂ ਵਿਸ਼ੇਸ਼ਤਾਵਾਂ ਬਿਆਨ ਕਰਦਿਆਂ ਕਿਹਾ ਕਿ ਸਾਨੂੰ ਇਸ ਉਪਰ ਮਾਣ ਹੈ। ਸਰਦੂਲ ਲੱਖਾ ਦੀ ਕਵਿਤਾ ਬਹੁਤ ਸਲਾਹੀ ਗਈ। ਸੁਖਮੰਦਰ ਗਿੱਲ ਨੇ ਤਿੰਨ ਗੀਤ ਅਤੇ ਮੁਨੱਵਰ ਅਹਿਮਦ ਨੇ ਖਾਸ ਕਰ ਕੇ ਲਹਿੰਦੇ ਪੰਜਾਬ ਦੇ 13 ਕਰੋੜ ਲੋਕਾਂ ਦੀ ਪੰਜਾਬੀ ਜ਼ਬਾਨ ਪ੍ਰਤੀ ਉਨ੍ਹਾਂ ਦੀ ਬੇ-ਰੁਖੀ ਉਪਰ ਚਿੰਤਾ ਜ਼ਾਹਿਰ ਕੀਤੀ। ਜ਼ਬਾਨ ਨੂੰ ਜਿਉਂਦਾ ਰੱਖਣ ਲਈ ਇਸ ਵਿਚ ਬੱਚਿਆਂ ਲਈ ਸਾਹਿਤ ਲਿਖਣ ਦੀ ਅਹਿਮੀਅਤ ਜਤਾਈ। ਉਸ ਨੇ ਮੀਆਂ ਮੁਹੰਮਦ ਬਖ਼ਸ਼ ਦੇ ਦੋਹੜੇ ਕਮਾਲ ਦੇ ਅੰਦਾਜ਼ ਵਿਚ ਪੇਸ਼ ਕੀਤੇ। ਜਗਦੇਵ ਸਿੱਧੂ ਨੇ ਦੱਸਿਆ ਕਿ ਸਾਡੇ ਲਈ ਇਹ ਮਾਣ ਦੀ ਗੱਲ ਹੈ ਕਿ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਦੀਆਂ ਕਵਿਤਾਵਾਂ, ਕਹਾਣੀਆਂ, ਵਾਰਤਕ ਦੀਆਂ ਰਚਨਾਵਾਂ ਅਤੇ ਉਨ੍ਹਾਂ ਦੀਆਂ ਸਾਹਿਤਕ ਗਤੀਵਿਧੀਆਂ ਸੰਬੰਧੀ ਰਿਪੋਰਟਾਂ ਵੱਕਾਰੀ ਰਸਾਲੇ 'ਸਮਕਾਲੀ ਸਾਹਿਤ' ਵਿੱਚ ਵੀ ਛਪਦੀਆਂ ਰਹਿੰਦੀਆ ਹਨ। ਉਨ੍ਹਾਂ ਦੇ ਬਹੁ-ਚਰਚਿਤ ਕਹਾਣੀ ਸੰਗ੍ਰਹਿ 'ਤੋਹਫ਼ਾ'ਦਾ ਹਿੰਦੀ ਅਨੁਵਾਦ ਸੁਭਾਸ਼ ਨੀਰਵ ਨੇ ਕੀਤਾ ਹੈ ਜਿਸ ਨੂੰ ਦਿੱਲੀ ਦੇ ਵਾਣੀ ਪ੍ਰਕਾਸ਼ਨ ਨੇ ਛਾਪਿਆ ਹੈ। ਅੰਗ੍ਰੇਜ਼ੀ ਅਨੁਵਾਦ ਪਰਮਜੀਤ ਰਮਾਣਾ ਨੇ ਕੀਤਾ ਹੈ ਜਿਸ ਦਾ ਟਾਈਟਲ ਕਵਰ ਮਸ਼ਹੂਰ ਕਵੀ ਅਤੇ ਚਿੱਤਰਕਾਰ ਦੇਵ ਨੇ ਡੀਜ਼ਾਈਨ ਕੀਤਾ ਹੈ। ਇਹ ਦੋਵੇਂ ਪੁਸਤਕਾਂ ਅਤੇ ਪ੍ਰੋ: ਜਸਪਾਲ ਕੌਰ ਦੁਆਰਾ ਸੰਪਾਦਿਤ ਪੁਸਤਕ 'ਸੁਰਿੰਦਰ ਗੀਤ ਰਚਿਤ ਸਾਹਿਤ - ਚਿੰਤਨੀ ਪਰਿਪੇਖ' ਨੂੰ ਸੁਰਿੰਦਰ ਗੀਤ ਦੀ ਭਾਰਤ ਫੇਰੀ ਦੌਰਾਨ ਦਿੱਲੀ ਯੂਨੀਵਰਸਿਟੀ ਵਿਖੇ ਵਿਦਵਾਨਾਂ, ਲੇਖਕਾਂ ਅਤੇ ਆਲੋਚਕਾਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤਾ ਗਿਆ। ਸੁਰਿੰਦਰ ਗੀਤ ਨੇ ਇਸ ਰਿਲੀਜ਼ ਸਮਾਰੋਹ ਦੌਰਾਨ ਹੋਈ ਵਿਚਾਰ ਚਰਚਾ ਬਾਰੇ ਦੱਸਿਆ। ਇਸ ਸਾਹਿਤਕ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਉਸ ਨੇ ਬਲਬੀਰ ਮਾਧੋਪੁਰੀ, ਰੇਣੂਕਾ ਸਿੰਘ ਅਤੇ ਪ੍ਰੋ: ਜਸਪਾਲ ਕੌਰ ਦਾ ਉਚੇਚੇ ਤੌਰ 'ਤੇ ਸ਼ੁਕਰੀਆ ਅਦਾ ਕੀਤਾ। ਉਸ ਨੇ ਕਹਾਣੀ ਲਿਖਣ ਦੀ ਪ੍ਰਕਿਰਿਆ ਬਾਰੇ ਆਪਣੇ ਨਿੱਜੀ ਅਨੁਭਵ ਸਾਂਝੇ ਕੀਤੇ। ਮਗਰੋਂ ਆਪਣੀਆਂ ਤਿੰਨ ਕਵਿਤਾਵਾਂ ਦਾ ਉਚਾਰਨ ਕੀਤਾ ਅਤੇ ਬਤੌਰ ਸਭਾ ਦੀ ਪ੍ਰਧਾਨ ਹਾਜ਼ਰੀਨ ਦਾ ਧੰਨਵਾਦ ਕੀਤਾ।

# ਟਰੰਪ ਨੇ ਸਾਰੇ ਸਮਾਨ 'ਤੇ 25 ਫ਼ੀਸਦੀ ਟੈਰਿਫ ਲਗਾਇਆ ਤਾਂ ਕੋਲੰਬੀਆ ਹੋ ਗਿਆ ਮਜਬੂਰ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੋਲੰਬੀਆ ਤੋਂ ਆਯਾਤ ਕੀਤੇ ਗਏ ਸਾਰੇ ਸਮਾਨ 'ਤੇ 25 ਫ਼ੀ ਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਕਿਉਂਕਿ ਇਸ ਲਾਤੀਨੀ ਅਮਰੀਕੀ ਦੇਸ਼ ਨੇ ਦੇਸ਼ ਨਿਕਾਲਾ ਦਿਤੇ ਪ੍ਰਵਾਸੀਆਂ ਨੂੰ ਲੈ ਕੇ ਜਾਣ ਵਾਲੀਆਂ ਦੋ ਉਡਾਣਾਂ ਨੂੰ ਉਤਰਨ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿਤਾ ਸੀ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫ਼ਾਰਮ ਟਰੂਥ ਸੋਸ਼ਲ 'ਤੇ ਪੋਸਟ ਕੀਤਾ, 'ਮੈਨੂੰ ਹੁਣੇ ਹੀ ਸੂਚਿਤ ਕੀਤਾ ਗਿਆ ਹੈ ਕਿ ਅਮਰੀਕਾ ਤੋਂ ਵੱਡੀ ਗਿਣਤੀ ਵਿੱਚ ਗ਼ੈਰ-ਕਾਨੂੰਨੀ ਅਪਰਾਧੀਆਂ ਨੂੰ ਲੈ ਕੇ ਜਾਣ ਵਾਲੀਆਂ ਦੋ ਵਾਪਸੀ ਉਡਾਣਾਂ ਨੂੰ ਕੋਲੰਬੀਆ ਵਿੱਚ ਉਤਰਨ ਦੀ ਇਜਾਜ਼ਤ ਨਹੀਂ ਦਿਤੀ ਗਈ।' 'ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੈਟਰੋ ਵਲੋਂ ਇਨ੍ਹਾਂ ਉਡਾਣਾਂ ਦੀ ਆਗਿਆ ਦੇਣ ਤੋਂ ਇਨਕਾਰ ਕਰਨ ਨਾਲ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਅਤੇ ਜਨਤਕ ਸੁਰੱਖਿਆ ਖ਼ਤਰੇ ਵਿੱਚ ਪੈ ਗਈ,' ਉਨ੍ਹਾਂ ਲਿਖਿਆ, ਇਹ ਨੋਟ ਕਰਦੇ ਹੋਏ ਕਿ ਉਨ੍ਹਾਂ ਨੇ ਆਪਣੇ ਪ੍ਰਸ਼ਾਸਨ ਨੂੰ ਤੁਰੰਤ ਅਤੇ ਫ਼ੈਸਲਾਕੁੰਨ ਬਦਲਾ ਲੈਣ ਦੀ ਕਾਰਵਾਈ ਕਰਨ ਦੇ ਨਿਰਦੇਸ਼ ਦਿਤੇ ਹਨ। ਟਰੰਪ ਨੇ ਕੋਲੰਬੀਆ ਤੋਂ ਆਉਣ ਵਾਲੇ ਸਾਰੇ ਸਮਾਨ 'ਤੇ ਐਮਰਜੈਂਸੀ 25 ਫ਼ੀ ਸਦੀ ਟੈਰਿਫ ਲਗਾਇਆ ਹੈ, ਜਿਸ ਨੂੰ ਇੱਕ ਹਫ਼ਤੇ ਵਿੱਚ ਵਧਾ ਕੇ 50 ਫ਼ੀ ਸਦੀ ਕਰ ਦਿਤਾ ਜਾਵੇਗਾ। ਉਨ੍ਹਾਂ ਨੇ ਕੋਲੰਬੀਆ ਦੇ ਸਰਕਾਰੀ ਅਧਿਕਾਰੀਆਂ ਅਤੇ ਸਾਰੇ ਸਹਿਯੋਗੀਆਂ ਅਤੇ ਸਮਰਥਕਾਂ 'ਤੇ ਯਾਤਰਾ ਪਾਬੰਦੀ ਅਤੇ ਤੁਰੰਤ ਵੀਜ਼ਾ ਰੱਦ ਕਰਨ, ਕੋਲੰਬੀਆ ਸਰਕਾਰ ਦੇ ਸਾਰੇ ਮੈਂਬਰਾਂ, ਪਰਿਵਾਰਕ ਮੈਂਬਰਾਂ ਅਤੇ ਸਮਰਥਕਾਂ 'ਤੇ ਵੀਜ਼ਾ ਪਾਬੰਦੀ ਲਗਾਉਣ ਦੇ ਹੁਕਮ ਵੀ ਦਿੱਤੇ ਹਨ। ਟਰੰਪ ਦੀ ਇਸ ਸਖ਼ਤ ਕਾਰਵਾਈ ਤੋਂ ਬਾਅਦ ਕੋਲੰਬੀਆ ਸਰਕਾਰ ਇਹਨਾਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਲੈਣ ਵਾਸਤੇ ਰਜ਼ਾਮੰਦ ਹੋ ਗਈ।















# ਸੰਪਾਦਕੀ



**ਸਾਂਝ ਅਤੇ ਸਹਿਜ ਸਫਲਤਾ ਦੇ ਦਰਵਾਜੇ ਹਨ।**
**-ਜੇਮਸ ਮੈਡੀਸਨ**

## ਟਰੰਪ ਦੀਆਂ ਟੈਰਿਫ ਟਪੂਸੀਆਂ ਅਤੇ ਦਬਕੇ

ਕਨੇਡਾ ਦੇ ਗੁਆਂਢੀ ਮੁਲਕ ਅਮਰੀਕਾ ਦੇ ਨਵੇਂ ਬਣੇ ਸਰਪੰਚ ਨੇ ਕੁਰਸੀ ਉੱਪਰ ਬਹਿੰਦਿਆਂ ਹੀ ਆਪਣੀ ਸਰਪੰਚੀ ਦੀ ਦਿੱਖ ਨੂੰ ਵੱਡਾ ਦਿਖਾਉਣ ਖਾਤਿਰ ਕਨੇਡਾ ਤੋਂ ਜਾਣ ਵਾਲੇ ਸਮਾਨ ਉੱਪਰ 25 ਪ੍ਰਤੀਸਤ ਟੈਰਿਫ ਲਗਾਉਣ ਦਾ ਫੈਸਲਾ ਸੁਣਾ ਦਿੱਤਾ। ਪਰ ਅੱਗਿਓ ਟਰੰਪ ਨੂੰ ਟਰੂਡੋ ਵੀ ਵੰਝ ਬਰਾਬਰ ਗੱਡਾਂਗੇ ਵਾਲੀ ਵਾਲੀ ਕਹਾਵਤ ਲੈਕੇ ਟੱਕਰਿਆ। ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਸਖਤ ਰੁੱਖ ਅਖਤਿਆਰ ਕਰਦਿਆਂ ਲਿਕਰ ਸਟੋਰਾਂ ਦੀਆਂ ਸੈਲਫਾਂ ਉਪਰੋਂ ਅਮਰੀਕੀ ਸ਼ਰਾਬ ਹਟਾਉਣ ਦੀ ਧਾਰ ਲਈ। ਟਰੂਡੋ ਸਾਹਿਬ ਕਹਿੰਦੇ ਅਮਰੀਕਨ ਬਰਬਨ ਦੀ ਥਾਂ ਕਨੇਡੀਅਨ ਰਾਈ ਸਰਾਬ ਵਰਤਣੀ ਚੰਗੀ ਹੈ। ਕਨੇਡੀਅਨ ਅਮਰੀਕਨ ਬਾਰਡਰ ਦੀਆਂ ਕਮਜੋਰੀਆਂ ਨੂੰ ਬਹਾਨਾ ਬਣਾਕੇ ਟੈਰਿਫ ਲਗਾਉਣ ਦਾ ਦਬਕਾ ਉਸ ਵੇਲੇ ਢਿੱਲਾ ਪੈ ਗਿਆ ਜਦੋਂ ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਫੋਨ ਉੱਪਰ ਡੋਨਲਡ ਟਰੰਪ ਨੂੰ ਵਿਸਵਾਸ਼ ਦਿਵਾਇਆ ਕਿ ਉਹ ਬਾਰਡਰ ਉੱਪਰ ਸਖਤਾਈ ਕਰਨਗੇ। ਭਾਵੇਂ ਹੁਣ 30 ਦਿਨ ਲਈ ਟਰੰਪ ਸਾਹਿਬ ਨੇ ਆਪਣੀ ਟੈਰਿਫ ਪਾਲਿਸੀ ਦੀਆਂ ਲਗਾਮਾਂ ਪਿੱਛੇ ਖਿੱਚ ਲਈਆਂ ਹਨ ਪਰ ਜੇਕਰ ਆਰਥਿਕ ਮਾਹਿਰਾਂ ਦੀ ਨਜ਼ਰ ਨਾਲ ਇਸ ਉੱਪਰ ਨਜ਼ਰ ਮਾਰੀ ਜਾਵੇ ਤਾਂ ਡੋਨਲਡ ਟਰੰਪ ਦੀ ਟੈਰਿਫ ਵਾਲ਼ੀ ਨੀਤੀ ਅਖਿਰਕਾਰ ਫੇਲ ਹੋਵੇਗੀ। ਪਰ ਇਸ ਤੋਂ ਪਹਿਲਾਂ ਇਹ ਦੋਵਾਂ ਮੁਲਕਾਂ ਦਾ ਵੱਡੇ ਪੱਧਰ ਤੇ ਆਰਥਿਕ ਨੁਕਸਾਨ ਕਰ ਦੇਵੇਗੀ। " ਇਹ ਨਤੀਜਾ ਅਰਥਸ਼ਾਸਤਰੀ ਅਤੇ ਲੋਕ ਨੀਤੀ ਸਲਾਹਕਾਰ ਹੈਂਡਰਿਕ ਬ੍ਰੈਕਲ ਨੇ ਮੈਕਡੋਨਾਲਡ-ਲੌਰੀਅਰ ਇੰਸਟੀਚਿਊਟ ਅਤੇ ਸੈਂਟਰ ਫਾਰ ਨੌਰਥ ਅਮੈਰੀਕਨ ਪ੍ਰਾਸਪੈਰਿਟੀ ਐਂਡ ਸਿਕ੍ਯੂਰਟੀ ਦੁਆਰਾ ਪ੍ਰਕਾਸ਼ਿਤ ਇੱਕ ਰਿਪੋਰਟ ਵਿੱਚ ਕੱਢਿਆ ਹੈ। ਉਸਨੇ ਆਪਣੇ ਆਰਟੀਕਲ ਵਿੱਚ ਇਸ ਧਾਰਨਾ ਦੇ ਹੱਕ ਵਿੱਚ ਕੁੱਝ ਦਲੀਲਾਂ ਦਿੱਤੀਆਂ ਹਨ ,ਕਿ ਟਰੰਪ ਭਾਵੇਂ ਕੁਝ ਵੀ ਕਹੇ ਪਰ ਟੈਰਿਫ ਦਾ ਭੁਗਤਾਨ ਇੰਪੋਰਟਰ ਦੁਆਰਾ ਕੀਤਾ ਜਾਂਦਾ ਹੈ। ਸੋ ਇਹਨਾਂ ਟੈਰਿਫਾਂ ਦਾ ਸਿੱਧਾ ਬੋਝ ਅਮਰੀਕਨਾਂ ਉੱਪਰ ਪਵੇਗਾ। ਮਹਿੰਗਾਈ ਦੋਵਾਂ ਦੇਸ਼ਾਂ ਵਿੱਚ ਵਧੇਗੀ। ਜੇਕਰ ਛੋਟ ਨਾ ਦਿੱਤੀ ਗਈ ਅਮਰੀਕਾ ਵਿੱਚ ਪੈਟਰੋਲ ਦੀ ਕੀਮਤ ਵੱਧ ਜਾਵੇਗੀ। ਟਰੰਪ ਦੀ ਇਹ ਧਾਰਨਾ ਵੀ ਗਲਤ ਹੈ ਕਿ ਉਦਯੋਗ ਵਾਪਿਸ ਅਮਰੀਕਾ ਵਿੱਚ ਆ ਸਕਦੇ ਹਨ ਕਿਉਂਕਿ ਅੱਜ ਦੀ ਇੰਡਸਟਰੀ ਬਹੁਤ ਗੁੰਝਲਦਾਰ ਹੈ ਅਤੇ ਬਿਲੀਅਨ ਡਾਲਰ ਦੀ ਇੰਡਸਟਰੀ ਰੀਲੋਕੇਟ ਨਹੀਂ ਹੋ ਸਕਦੀ। ਟੈਰਿਫ ਨਾ਼ਲ ਅਮਰੀਕਾ ਦੀ ਦੁਨੀਆਂ ਦੀ ਇੰਡਸਟਰੀ ਨਾ਼ਲ ਮੁਕਾਬਲਾ ਕਰਨ ਦੀ ਸਮਰੱਥਾ ਘਟੇਗੀ ਕਿਉਂਕਿ ਉਤਪਾਦਨ ਮਹਿੰਗਾ ਹੋਵੇਗਾ। ਟੈਰਿਫ ਕਮਾਈ ਦਾ ਕੋਈ ਵਧੀਆ ਸਾਧਨ ਨਹੀਂ ਹਨ , ਕਿਉਂਕਿ ਇਸ ਨਾ਼ਲ ਇਕੌਨਮੀ ਵਿੱਚ ਡਿਸਟੌਰਸ਼ਨ ਹੁੰਦੀ ਹੈ। ਹੁਣ ਜੇਕਰ ਪਰਵਾਸੀਆਂ ਦੇ ਮਸਲੇ ਵੱਲ ਝਾਤ ਮਾਰੀਏ ਥੋੜੇ ਹੀ ਦਿਨਾਂ ਦੇ ਵਿੱਚ 5 ਹਜਾਰ ਤੋਂ ਵੀ ਜਿਆਦਾ ਗੈਰ ਕਾਨੂੰਨੀ ਤਰੀਕੇ ਦੇ ਨਾਲ ਰਹਿ ਰਹੇ ਪ੍ਰਵਾਸੀਆਂ ਨੂੰ ਪੂਰੇ ਅਮਰੀਕਾ ਦੇ ਵਿੱਚੋਂ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਇਸ ਛਾਪੇਮਾਰੀ ਕਰਕੇ ਪੂਰੀ ਅਮਰੀਕਾ ਦੇ ਵਿੱਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਡਰੇ ਹੋਏ ਲੋਕਾਂ ਦੇ ਵਿੱਚੋਂ ਜਿਆਦਾਤਰ ਉਹ ਲੋਕ ਹਨ ਜਿੰਨਾਂ ਕੋਲ ਇੱਥੇ ਵਰਕ ਪਰਮਿਟ ਹੈ ਭਾਵ ਉਹ ਅਮਰੀਕਾ ਦੇ ਵਿੱਚ ਕਾਨੂੰਨੀ ਤੌਰ ਤੇ ਕੰਮ ਕਰਨ ਦੇ ਯੋਗ ਹਨ ਇਸ ਦੇ ਬਾਵਜੂਦ ਵੀ ਉਹ ਇਨਾ ਕੁ ਡਰੇ ਅਤੇ ਸਹਿਮੇ ਹੋਏ ਹਨ ਕਿ ਉਹਨਾਂ ਨੇ ਕੰਮਾਂ ਤੇ ਜਾਣਾ ਬੰਦ ਕਰ ਦਿੱਤਾ ਹੈ। ਪੂਰੇ ਅਮਰੀਕਾ ਦੇ ਜਿੰਨੇ ਵੀ ਬਿਜ਼ਨਸ ਆ ਭਾਵੇਂ ਉਹ ਗਰੋਸਰੀ ਸਟੋਰ ਆ ਭਾਵੇਂ ਉਹ ਰੈਸਟੋਰੈਂਟਸ ਆ ਭਾਵੇਂ ਉਹ ਸ਼ੋਪਿੰਗ ਮਾਲ ਆ ਅੱਜ ਦੀ ਘੜੀ ਖਾਲੀ ਦਿਸ ਰਹੇ ਹਨ ਤੇ ਪ੍ਰਵਾਸੀ ਲੋਕਾਂ ਨੇ ਘਰਾਂ ਤੋਂ ਨਿਕਲਣਾ ਬੰਦ ਕਰ ਦਿੱਤਾ ਹੈ ਕਿਉਂਕਿ ਉਹਨਾਂ ਨੂੰ ਕਿਤੇ ਨਾ ਕਿਤੇ ਡਰ ਹੈ ਕਿ ਉਹਨਾਂ ਨੂੰ ਆਈਸ ਦੇ ਵੱਲੋਂ ਪਰੇਸ਼ਾਨ ਕੀਤਾ ਜਾ ਸਕਦਾ ਹੈ। ਅਜਿਹੇ ਹਾਲਾਤਾਂ ਵਿੱਚ ਲੇਬਰ ਦੀ ਘਾਟ ਕਾਰਣ ਅਮਰੀਕਨ ਵਪਾਰ ਬੁਰੀ ਤਰਾਂ ਪ੍ਰਭਾਵਿਤ ਹੋਣਗੇ। ਇਹ ਵੀ ਜਾਣਕਾਰੀ ਆਈ ਹੈ ਕਿ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਇੰਡੀਅਨ ਧਾਰਮਿਕ ਸਥਾਨਾਂ ਮੰਦਰ ਗੁਰੁਦਵਾਰਿਆਂ ਵੱਲ ਵੀ ਗੇੜੇ ਮਾਰੇ ਜਾ ਰਹੇ ਹਨ ਤਾਂ ਕਿ ਮਜਬੂਰੀ ਵਸ ਪੇਟ ਦੀ ਅੱਗ ਬੁਝਾਉਣ ਲਈ ਆਉਂਦੇ ਲੋੜਵੰਦ ਪਰਵਾਸੀਆਂ ਨੂੰ ਸੌਖਾਲਿਆਂ ਹੀ ਦਬੋਚਿਆ ਜਾ ਸਕੇ। ਅਜਿਹਾ ਹੋਣ ਨਾਲ ਭਾਰਤੀ ਭਾਈਚਾਰੇ ਅੰਦਰ ਟਰੰਪ ਪ੍ਰਤੀ ਜੋ ਭਾਵਨਾ ਪੈਦਾ ਹੋਵੇਗੀ ਉਹ ਅਗਲੀਆਂ ਚੋਣਾਂ ਵਿੱਚ ਟਰੰਪ ਦੀ ਮੱਦਦ ਦੀ ਬਜਾਇ ਬਗਾਵਤ ਦਾ ਰੰਗ ਵੀ ਦਿਖਾ ਸਕਦੀ ਹੈ। ਸੋ ਟਰੰਪ ਸਾਹਿਬ ਨੂੰ ਆਪਣੇ ਵੋਟਰਾਂ ਨੂੰ ਖੁਸ਼ ਕਰਨ ਲਈ ਠੰਡੇ ਸੁਰ ਵਾਲੇ ਅਲਾਪ ਲਗਾਉਣੇ ਚਾਹੀਦੇ ਹਨ ਤਾਂ ਕਿ ਰਾਜਨੀਤਕ ਵੰਝਲੀ ਦੀ ਤਾਨ ਲੰਮਾ ਸਮਾਂ ਵਜਦੀ ਰਹੇ। ਕਨੇਡਾ ਮੈਕਸੀਕੋ ਦੇ ਸਬੰਧਾਂ ਨੂੰ ਵਿਗੜਨ ਤੋਂ ਬਚਾਕੇ ਰੱਖਣਾ ਚਾਹੀਦਾ ਹੈ। ਸਿਆਣੇ ਕਹਿੰਦੇ ਹਨ ਗੁਆਂਢੀ ਨਾਲ ਵਿਗਾੜ ਕੇ ਤੁਸੀਂ ਆਪਣੇ ਘਰ ਵੀ ਸੁੱਖ ਦੀ ਨੀਂਦ ਨਹੀਂ ਸੌਂ ਸਕਦੇ ਸੋ ਟਰੰਪ ਸਾਹਿਬ ਸੰਭਲਕੇ ਚੱਲੋ।

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
- ਸੰਪਾਦਕ

# ਕੌਤਕੀ ਟਰੰਪ : ਦੁਨੀਆਂ ਲਈ ਖ਼ਤਰਾ



-ਗੁਰਮੀਤ ਸਿੰਘ ਪਲਾਹੀ
-9815802070

ਅਮਰੀਕਾ ਵਿੱਚ ਟਰੰਪ ਯੁੱਗ ਦੀ ਸ਼ੁਰੂਆਤ ਹੋ ਗਈ ਹੈ।ਅਮਰੀਕਾ ਵਿੱਚ ਰਾਸ਼ਟਰਪਤੀ ਬਣਨ ਦੇ ਨਾਲ ਹੀ ਟਰੰਪ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਹ ਦਾਅਵਾ ਕੀਤਾ ਗਿਆ ਹੈ ਕਿ ਟਰੰਪ ਨੇ ਪਹਿਲੇ ਹੀ ਦਿਨ ਵੀਹ ਝੂਠ ਬੋਲੇ ਹਨ ਜਾਂ ਵੀਹ ਝੂਠੇ ਵਾਅਦੇ ਕੀਤੇ ਹਨ।

ਇਥੇ ਇਹ ਦੱਸਣਾ ਬਣਦਾ ਹੈ ਕਿ ਆਪਣੇ ਪਹਿਲੇ ਕਾਰਜ ਕਾਲ ਦੌਰਾਨ ਡੋਨਾਲਡ ਟਰੰਪ ਨੇ 30573 ਝੂਠ ਬੋਲੇ ਸਨ ਅਰਥਾਤ ਉਹਨਾਂ ਵੱਲੋਂ ਰੋਜ਼ਾਨਾ ਔਸਤਨ 21 ਝੂਠ ਬੋਲੇ ਗਏ ਸਨ। ਟਰੰਪ ਨੇ ਦੂਜੇ ਕਾਰਜਕਾਲ ਦੇ ਪਹਿਲੇ ਦਿਨ ਹੀ ਵਾਅਦਿਆਂ, ਦਾਅਵਿਆਂ ਦੀ ਝੜੀ ਲਗਾ ਦਿੱਤੀ। ਉਹਨਾਂ ਕਿਹਾ ਕਿ ਸਾਬਕਾ ਰਾਸ਼ਟਰਪਤੀ ਨੇ 33 ਹਤਿਆਰਿਆਂ ਦੀ ਸਜ਼ਾ ਮੁਆਫ਼ ਕੀਤੀ, ਸਾਲ 2020 ਦੀਆਂ ਚੋਣਾਂ 'ਚ ਧਾਂਦਲੀ ਹੋਈ,ਬਾਇਡਨ ਦੇ ਰਾਜ 'ਚ ਰਿਕਾਰਡ ਤੋੜ ਮਹਿੰਗਾਈ ਹੋਈ, ਚੀਨ ਨੇ ਬਾਇਡਨ ਰਾਜ ਵੇਲੇ ਪਨਾਮਾ ਨਹਿਰ 'ਤੇ ਕਬਜ਼ਾ ਕੀਤਾ, ਬਾਇਡਨ ਨੇ ਖ਼ਤਰਨਾਕ ਅਪਰਾਧੀਆਂ ਨੂੰ ਸ਼ਰਨ ਦਿੱਤੀ ਆਦਿ-ਆਦਿ। ਪਰ ਇਹ ਸਾਰੇ ਦਾਅਵੇ ਮੀਡੀਆ ਨੇ ਝੁਠਲਾ ਦਿੱਤੇ।

ਮੁਢਲੇ ਤੌਰ 'ਤੇ ਦੁਨੀਆ ਭਰ ਵਿੱਚ ਅਮਰੀਕਾ ਨੂੰ ÷ਥਾਣੇਦਾਰ÷ ਦਾ ਦਰਜਾ ਮਿਲਿਆ ਹੋਇਆ ਹੈ।ਟਰੰਪ ਦੇ ਮੁੜ ਸੱਤਾ 'ਚ ਆਉਣ ਨਾਲ਼ ਇੱਕ ਸਖ਼ਤ ਠਾਣੇਦਾਰ ਅਮਰੀਕਾ ਨੂੰ ਮਿਲਿਆ ਹੈ, ਜੋ ਡੰਡੇ ਦੇ ਜ਼ੋਰ ਨਾਲ ਸਾਰੀ ਦੁਨੀਆ ਨੂੰ ਡਰਾ ਕੇ ਰੱਖਣ ਦਾ ਹਾਮੀ ਹੈ।ਉਸ ਦੇ ਪਿੱਛੇ ਸੈਲੀਕੋਨ ਵੈਲੀ ਦੇ ਵੱਡੇ ਦਿੱਗਜਾਂ ਦੀ ਟੇਕ ਹੈ। ਅਮਰੀਕੀ ਅਰਬਪਤੀ,ਖਰਬਪਤੀ ਸੁੰਦਰ ਪਿਚਾਈ, ਜ਼ਕਰਬਰਗ ,ਜੈਫ਼ ਬੇਜੋਸ ਅਤੇ ਵੱਡੇ ਅਮੀਰ ਕਾਰਪੋਰੇਟ ਘਰਾਣੇ ਉਸ ਦੀ ਪਿੱਠ 'ਤੇ ਖੜ੍ਹੇ ਹਨ।

ਗੱਦੀ ਸੰਭਾਲਦਿਆਂ ਹੀ ਉਸ ਨੇ ਬ੍ਰਿਕਸ ਦੇਸ਼ਾਂ ਨੂੰ ਧਮਕਾਇਆ। ਕਿਊਬਾ ਨੂੰ ਬਲੈਕ ਲਿਸਟ ਵਿੱਚ ਪਾ ਦਿੱਤਾ। ਵਿਸ਼ਵ ਸਿਹਤ ਸੰਗਠਨ ਤੇ ਪੈਰਿਸ ਜਲਵਾਯੂ ਸਮਝੌਤੇ 'ਚੋਂ ਵੀ ਨਿਕਲਣ ਦਾ ਉਸ ਨੇ ਐਲਾਨ ਕਰ ਦਿੱਤਾ। ਬ੍ਰਿਕਸ ਦੇਸ਼ ਜਿਸ ਵਿੱਚ ਭਾਰਤ ਸਮੇਤ 10 ਦੇਸ਼ਾਂ ਦੀ ਸ਼ਮੂਲੀਅਤ ਹੈ, ਨੂੰ ਉਹਨਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਉਹਨਾਂ ਨੇ ਅਮਰੀਕੀ ਡਾਲਰ ਨੂੰ ਬਦਲਣ ਲਈ ਕੋਈ ਚਾਰਾਜੋਈ ਕੀਤੀ ਤਾਂ ਉਹ ਉਹਨਾਂ 'ਤੇ 100 ਫ਼ੀਸਦੀ ਟੈਕਸ ਲਗਾਉਣਗੇ। ਸਹੁੰ ਚੁੱਕਣ ਦੇ ਛੇ ਘੰਟਿਆਂ ਅੰਦਰ ਹੀ ਬਾਇਡਨ ਸਰਕਾਰ ਦੇ 78 ਫ਼ੈਸਲਿਆਂ ਨੂੰ ਉਹਨਾਂ ਪਲਟ ਦਿੱਤਾ। ਜਿਸ ਵਿੱਚ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਬਾਹਰ ਕੱਢਣ, ਬੱਚਿਆਂ ਦੀ ਨਾਗਰਿਕਤਾ ਖ਼ਤਮ ਕਰਨ ਜਿਹੇ ਅਤਿ ਮਹੱਤਵਪੂਰਨ ਫ਼ੈਸਲੇ ਸ਼ਾਮਲ ਹਨ। ਟਰੰਪ ਨੇ ਉਹਨਾਂ ਮਾਪਿਆਂ ਦੇ ਬੱਚਿਆਂ ਨੂੰ ਜਨਮ ਜਾਤ ਨਾਗਰਿਕਤਾ ਦੇਣ ਤੋਂ ਇਨਕਾਰ ਕਰਨ ਦਾ ਤਤਕਾਲੀ ਹੁਕਮ ਦਿੱਤਾ, ਜਿਹੜੇ ਗ਼ੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਰਹਿ ਰਹੇ ਹਨ ਜਾਂ ਆਰਜੀ ਵੀਜ਼ੇ 'ਤੇ ਰਹਿ ਰਹੇ ਹਨ।

ਟਰੰਪ ਦੇਸ਼ ਅਮਰੀਕਾ ਵਿੱਚ ਪੁਰਾਤਨ ਯੁੱਗ ਲਿਆਉਣ ਦਾ ਹਾਮੀ ਹੈ। ਡੋਨਾਲਡ ਟਰੰਪ ਨੇ ਸਹੁੰ ਚੁੱਕ ਸਮਾਰੋਹ ਤੋਂ ਬਾਅਦ ਕਈ ਐਕਸ਼ਨ ਕੀਤੇ,ਪਰ ਸਭ ਤੋਂ ਵੱਧ ਚਰਚਾ ਅਮੀਰਜ਼ਾਦੇ ਐਲਨ ਮਸਕ ਦੇ ਸਲੂਟ ਦੀ ਹੋ ਰਹੀ ਹੈ।ਅਮਰੀਕੀ ਮੀਡੀਏ ਤੇ ਸੋਸ਼ਲ ਮੀਡੀਏ ਵੱਲੋਂ ਇਸ ਸਲੂਟ ਦੀ ਤੁਲਨਾ ਹਿਟਲਰ ਦੇ ਨਾਜੀ ਸਲੂਟ ਨਾਲ ਕੀਤੀ ਜਾ ਰਹੀ ਹੈ। ਹਿਟਲਰ ਨੇ ਇਸ ਸਲੂਟ ਦਾ ਇਸਤੇਮਾਲ 1933 ਤੋਂ 1945 ਤੱਕ ਤੀਜੇ ਰਾਈਖ (ਤੀਜਾ ਜਰਮਨ ਸਾਮਰਾਜ) ਦੌਰਾਨ ਕੀਤਾ ਸੀ। ਜਾਪਦਾ ਹੈ ਟਰੰਪ ਹਿਟਲਰੀ ਸੋਚ ਦਾ ਮੁਦੱਈ ਹੈ। ਉਸ ਅਨੁਸਾਰ ਅਮਰੀਕਾ ਵਿੱਚ ਸਿਰਫ਼ ਅਮਰੀਕੀਆਂ ਨੂੰ ਹੀ ਵਸਣ ਦਾ ਅਧਿਕਾਰ ਹੈ।ਉਹ ਪਰਵਾਸੀਆਂ ਖ਼ਾਸ ਕਰ ਕੇ ਨਜਾਇਜ਼ ਤੌਰ 'ਤੇ ਅਮਰੀਕਾ ਪੁੱਜੇ ਪਰਵਾਸੀਆਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣ ਲਈ ਤਤਪਰ ਦਿਸਦਾ ਹੈ। ਟਰੰਪ ਨੇ ਇੱਕ ਹੁਕਮ ਜਾਰੀ ਕਰਕੇ 30,000 ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਫੜਕੇ ਬਦਨਾਮ ਗਵਾਂਤਾਨਾਮੋ ਬੇ ਜੇਲ੍ਹ (ਕਿਊਬਾ) ਵਿੱਚ ਡੱਕਣ ਲਈ ਤਿਆਰੀਆਂ ਕਰਨ ਦਾ ਹੁਕਮ ਕੀਤਾ ਹੈ। ਇਸ ਜੇਲ੍ਹ ਵਿੱਚ 30,000 ਕੈਦੀਆਂ ਨੂੰ ਡੱਕਣ ਲਈ ਤੁਰੰਤ ਮੰਜੇ-ਬਿਸਤਰੇ ਤਿਆਰ ਕਰ ਦਿੱਤੇ ਗਏ ਹਨ। ਇਸ ਜੇਲ੍ਹ ਵਿੱਚ ਆਮ ਤੌਰ 'ਤੇ ਅਤਿ ਖ਼ਤਰਨਾਕ ਅਤਿਵਾਦੀਆਂ, ਅਪਰਾਧੀਆਂ ਨੂੰ ਅਤਿਅੰਤ ਸੁਰੱਖਿਆ ਪ੍ਰਬੰਧਾਂ ਹੇਠ ਰੱਖਿਆ ਜਾਂਦਾ ਹੈ। ਇਥੇ ਕੈਦੀਆਂ ਨੂੰ ਬਹੁਤ ਤਸੀਹੇ ਦਿੱਤੇ ਜਾਂਦੇ ਹਨ। ਕੈਦੀਆਂ ਨੂੰ ਬਿਨ੍ਹਾਂ ਮੁਕੱਦਮੇ ਅਣਮਿੱਥੇ ਸਮੇਂ ਲਈ ਰੱਖਿਆ ਜਾਂਦਾ ਹੈ। ਪਿਛਲੇ 20 ਸਾਲਾਂ 'ਚ ਇਥੇ ਘੱਟੋ-ਘੱਟ 9 ਕੈਦੀਆਂ ਦੀ ਮੌਤ ਹੋਈ ਅਤੇ 7 ਨੇ ਆਤਮ ਹੱਤਿਆ ਕੀਤੀ। ਕੈਦੀਆਂ ਨੂੰ ਕਠਿਨ ਤਸੀਹੇ ਦੇਣ ਦੀ ਵਜਾਹ




ਕਾਰਨ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਇਸ ਜੇਲ੍ਹ ਨੂੰ ਵਿਰੋਧ ਝੱਲਣਾ ਪਿਆ। ਇਸ ਸਮੇਂ ਇਸ ਜੇਲ੍ਹ 'ਚ ਸਿਰਫ਼ 15 ਕੈਦੀ ਹਨ। ਸਾਲ 2020 ਤੋਂ 2023 ਤੱਕ ਇਥੇ ਸਿਰਫ਼ 37 ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੱਖਿਆ ਗਿਆ। ਰਾਸ਼ਟਰਪਤੀ ਬਰਾਕ ਓਬਾਮਾ ਅਤੇ ਜੋਅ ਬਾਇਡਨ ਇਸ ਜੇਲ੍ਹ ਨੂੰ ਬੰਦ ਕਰਨ ਲਈ ਯਤਨ ਕਰ ਚੁੱਕੇ ਹਨ, ਪਰ ਅਮਰੀਕੀ ਕਾਂਗਰਸ ਦੇ ਵਿਰੋਧ ਕਾਰਨ ਬੰਦ ਨਹੀਂ ਕੀਤੀ ਜਾ ਸਕੀ।

ਅਮਰੀਕਾ 'ਚ ਇੱਕ ਸੂਚਨਾ ਅਨੁਸਾਰ ਦੁਨੀਆਂ ਭਰ ਦੇ 1 ਕਰੋੜ ਦੇ ਕਰੀਬ ਨਜਾਇਜ਼ ਤੌਰ 'ਤੇ ਅਮਰੀਕਾ ਵਸੇ ਪਰਵਾਸੀ(ਟਰੰਪ ਅਨੁਸਾਰ 2 ਕਰੋੜ )ਜਿਹਨਾਂ ਵਿੱਚ 6 ਲੱਖ ਪਰਵਾਸੀ ਭਾਰਤੀ ਵੀ ਸ਼ਾਮਲ ਹਨ, ਜੋ ਮੋਟੀਆਂ ਰਕਮਾਂ ਦੇ ਕੇ ਕੈਨੇਡਾ ਤੋਂ ਜਾਂ ਮੈਕਸੀਕੋ ਰਾਹੀਂ ਅਮਰੀਕਾ ਪੁੱਜੇ ਹਨ। ਜੋ ਟਰੰਪ ਦੇ ਡਰ ਤੋਂ ਸੁਰੱਖਿਅਤ ਟਿਕਾਣਿਆਂ ਤੇ ਕੈਲੀਫੋਰਨੀਆ ਬੋਸਟਨ ਆਦਿ ਰਾਜਾਂ 'ਚ ਜਾ ਦੁਬਕੇ ਹਨ,ਜਿੱਥੇ ਬਾਇਡਨ ਤੇ ਕਮਲਾ ਹੈਰਿਸ ਦੀ ਪਾਰਟੀ ਡੈਮੋਕਰੇਟਿਕ ਦਾ ਰਾਜ ਹੈ।ਟਰੰਪ ਨੇ ਮੈਕਸੀਕੋ ਬਾਰਡਰ ਬੰਦ ਕਰ ਦਿੱਤਾ ਹੈ ਅਤੇ ਨਜਾਇਜ਼ ਪਰਵਾਸੀਆਂ ਦੇ ਲਾਂਘੇ ਨੂੰ ਸਖ਼ਤੀ ਨਾਲ ਰੋਕ ਦਿੱਤਾ ਹੈ। ਅਮਰੀਕੀ ਬਾਰਡਰ ਇਮੀਗ੍ਰੇਸ਼ਨ ਅਨੁਸਾਰ ਕੈਨੇਡਾ ਬਾਰਡਰ ਤੋਂ 2.75 ਲੱਖ,ਮੈਕਸੀਕੋ ਬਾਰਡਰ ਤੋਂ 2.25 ਲੱਖ ਅਤੇ ਹੋਰ ਬਾਰਡਰਾਂ ਰਾਹੀਂ ਦੋ 2.25 ਲੱਖ ਭਾਰਤੀ ਅਮਰੀਕਾ ਪੁੱਜੇ ਹੋਏ ਹਨ। ਟਰੰਪ ਪ੍ਰਸ਼ਾਸਨ ਨੇ ਤੁਰੰਤ 18000 ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਭਾਰਤ ਭੇਜਣ ਦਾ ਫ਼ੈਸਲਾ ਲੈ ਲਿਆ ਹੈ। ਰਾਸ਼ਟਰਪਤੀ ਟਰੰਪ ਨੇ ਲੇਕਨ ਰਿਲੇਅ ਐਕਟ ਉੱਪਰ ਦਸਤਖ਼ਤ ਕੀਤੇ ਹਨ, ਜਿਹੜਾ ਗ਼ੈਰ-ਕਾਨੂੰਨੀ ਪਰਵਾਸੀਆਂ ਵਿਰੁੱਧ ਕਾਰਵਾਈ ਲਈ ਇਮੀਗ੍ਰੇਸ਼ਨ ਅਫ਼ਸਰਾਂ ਨੂੰ ਬਹੁਤ ਜ਼ਿਆਦਾ ਅਧਿਕਾਰ ਦਿੰਦਾ ਹੈ। ਹੁਣ ਇਸ ਕਾਨੂੰਨ ਤਹਿਤ ਇਮੀਗ੍ਰੇਸ਼ਨ ਅਫ਼ਸਰ ਗ਼ੈਰ-ਕਾਨੂੰਨੀ ਪਰਵਾਸੀ ਨੂੰ ਉਸੇ ਵੇਲੇ ਆਪਣੀ ਹਿਰਾਸਤ ਵਿੱਚ ਲੈ ਸਕਣਗੇ, ਜਦੋਂ ਕਿਸੇ ਅਪਰਾਧ ਤਹਿਤ ਪੁਲਿਸ ਅਫ਼ਸਰਾਂ ਵੱਲੋਂ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ। ਉਸ ਵਿਰੁੱਧ ਮੁਕੱਦਮੇ ਦੀ ਬਜਾਏ ਉਸ ਨੂੰ ਸਿੱਧਾ ਦੇਸ਼-ਨਿਕਾਲਾ ਦੇ ਦਿੱਤਾ ਜਾਵੇਗਾ।

ਟਰੰਪ ਤਾਕਤ ਦੇ ਗ਼ਰੂਰ ਵਿੱਚ ਇਤਨਾ ਨਸ਼ਿਆ ਚੁੱਕਾ ਹੈ ਕਿ ਨਿੱਤ - ਦਿਹਾੜੇ ਉਸ ਵੱਲੋਂ ਗ਼ੈਰ ਕਾਨੂੰਨੀ ਆਦੇਸ਼ ਜਾਰੀ ਹੋ ਰਹੇ ਹਨ, ਜਿਹਨਾਂ ਨੂੰ ਅਮਰੀਕੀ ਅਦਾਲਤਾਂ ਵਿੱਚ ਚੁਣੌਤੀ ਦਿੱਤੀ ਗਈ ਹੈ। ਸੀਐਟਲ (ਕੈਲੇਫੋਰਨੀਆਂ) ਦੀ ਅਮਰੀਕੀ ਸੰਘੀ ਅਦਾਲਤ ਵੱਲੋਂ ਜਨਮ ਦੇ ਆਧਾਰ 'ਤੇ ਨਾਗਰਿਕਤਾ ਖ਼ਤਮ ਕਰਨ ਦੇ ਟਰੰਪ ਦੇ ਹੁਕਮਾਂ 'ਤੇ ਰੋਕ ਲਗਾ ਦਿੱਤੀ ਗਈ ਹੈ।ਅਦਾਲਤ ਨੇ ਕਿਹਾ ਹੈ ਕਿ ਜਨਮ ਦੇ ਆਧਾਰ 'ਤੇ ਨਾਗਰਿਕਤਾ ਦੇਣ ਤੋਂ ਇਨਕਾਰ ਕਰਨਾ ਗ਼ੈਰ ਕਾਨੂੰਨੀ ਤੇ ਜ਼ਾਲਮਾਨਾ ਹੈ ਤੇ ਅਮਰੀਕੀ ਕਦਰਾਂ-ਕੀਮਤਾਂ ਦੇ ਉਲਟ ਹੈ। ਇਥੇ ਇਹ ਵਰਣਨ ਕਰਨਾ ਜ਼ਰੂਰੀ ਹੈ ਕਿ ਅਮਰੀਕੀ ਸੰਵਿਧਾਨ ਦੀ ਚੌਦਵੀਂ ਸੋਧ ਜਨਮ ਨਾਗਰਿਕਤਾ ਗਰੰਟੀ ਨੂੰ 1868 'ਚ ਸਿਵਲ ਯੁੱਧ ਦੇ ਮੱਦੇ ਨਜ਼ਰ ਪ੍ਰਵਾਨਗੀ ਦਿੱਤੀ ਗਈ ਸੀ, ਤਾਂ ਜੋ ਗੁਲਾਮ ਕਾਲੇ ਲੋਕ ਵੀ ਨਾਗਰਿਕ ਬਣ ਸਕਣ। ਅਮਰੀਕੀ ਸੈਨਟ 'ਚ ਇੱਕ ਬਿੱਲ ਪੇਸ਼ ਕਰਦੇ ਹੋਏ ਅਮਰੀਕਾ 'ਚ ਜਨਮ ਤੋਂ ਹੀ ਨਾਗਰਿਕਤਾ ਦੇ ਅਧਿਕਾਰ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਗਈ ਹੈ। ਇਹ ਬਿੱਲ ਸੱਤਾਧਾਰੀ ਰੀਪਬਲਿਕਨ ਪਾਰਟੀ ਦੇ ਤਿੰਨ ਮੈਂਬਰਾਂ ਵੱਲੋਂ ਲਿਆਂਦਾ ਹੈ। ਇਥੇ ਇਹ ਵਰਨਣ ਯੋਗ ਹੈ ਕਿ ਸਾਲ 2023 'ਚ 2-2.5 ਲੱਖ ਬੱਚਿਆਂ ਨੂੰ ਜਨਮ ਅਧਿਕਾਰ ਨਾਗਰਿਕਤਾ ਮਿਲੀ ਸੀ। ਟਰੰਪ ਦਾ ਬਿਆਨ ਵੀ ਚਰਚਾ 'ਚ ਹੈ ਕਿ ਜਨਮ ਜਾਤ ਨਾਗਰਿਕਤਾ ਮੁੱਖ ਤੌਰ 'ਤੇ ਗੁਲਾਮਾਂ ਦੇ ਬੱਚਿਆਂ ਲਈ ਸੀ। ਇਹ ਪੂਰੀ ਦੁਨੀਆਂ ਦੇ ਲੋਕਾਂ ਦੇ ਅਮਰੀਕਾ ਆਉਣ ਤੇ ਭੀੜ ਲਗਾਉਣ ਲਈ ਨਹੀਂ ਹੈ।

ਡੋਨਾਲਡ ਟਰੰਪ ਅਤੇ ਉਸਦੇ ਪ੍ਰਸ਼ਾਸਨਿਕ ਅਧਿਕਾਰੀ ਆਪਣੇ ਵੱਲੋਂ ਕੀਤੇ ਸੱਚੇ ਝੂਠੇ ਵਾਅਦਿਆਂ ਦੀ ਪੂਰਤੀ ਲਈ ਇੰਨੇ ਕਾਹਲੇ ਹਨ ਕਿ ਉਹਨਾਂ ਵੱਲੋਂ ਇਮੀਗਰੇਸ਼ਨ ਕਸਟਮ ਫੋਰਸਮੈਂਟ ਅਤੇ ਸਰਹੱਦੀ ਸੁਰੱਖਿਆ ਲਾਗੂ ਕਰਨ ਲਈ ਬਾਇਡਨ ਪ੍ਰਸ਼ਾਸਨ ਦੇ ਵੱਲੋਂ ਦਿੱਤੇ ਦਿਸ਼ਾ-ਨਿਰਦੇਸ਼ਾਂ ਨੂੰ ਰੱਦ ਕਰ ਦਿੱਤਾ, ਜੋ ਅਖੌਤੀ ਸੰਵੇਦਨਸ਼ੀਲ ਖੇਤਰਾਂ ਜਾਂ ਉਹਨਾਂ ਨੇੜੇ ਕਾਨੂੰਨ ਲਾਗੂ ਕਰਨ ਸੰਬੰਧੀ ਕਾਰਵਾਈਆਂ ਨੂੰ ਰੋਕਦੀਆਂ ਹਨ।

ਇਹਨਾਂ ਸੰਵੇਦਨਸ਼ੀਲ ਖੇਤਰਾਂ 'ਚ ਗੁਰਦੁਆਰਾ ਅਤੇ ਚਰਚ ਵਰਗੇ ਪੂਜਾ ਸਥਾਨ ਵੀ ਸ਼ਾਮਲ ਹਨ। ਇਹਨਾਂ ਕਾਰਵਾਈਆਂ ਦੇ ਚਲਦਿਆਂ ਅਮਰੀਕੀ ਏਜੰਸੀਆਂ ਵੱਲੋਂ ਗੁਰਦੁਆਰਿਆਂ ਦੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ ਗਏ ਹਨ।

ਇੱਥੇ ਹੀ ਬੱਸ ਨਹੀਂ ਤਾਕਤ ਦਾ ਗ਼ੁਬਾਰ ਟਰੰਪ ਦੇ ਸਿਰ ਵਿੱਚੋਂ ਇਥੋਂ ਤੱਕ ਚੜ੍ਹ ਕੇ ਬੋਲ ਰਿਹਾ ਹੈ ਕਿ ਟਰੰਪ ਦੇ ਇੱਕ ਫ਼ਰਮਾਨ ਨਾਲ਼ 180 ਦੇਸ਼ਾਂ ਨੂੰ 5 ਲੱਖ ਡਾਲਰ ਦੀ ਮਦਦ ਬੰਦ ਕਰ ਦਿੱਤੀ ਗਈ ਹੈ,ਜਿਸ ਵਿੱਚ ਭਾਰਤ ਦੀ 1300 ਕਰੋੜ ਦੀ ਮਦਦ ਥੰਮ੍ਹ ਗਈ ਹੈ। ਇਸ ਨਾਲ਼ ਐੱਚ.ਆਈ.ਵੀ./ਏਡਜ਼ ਦੇ ਖਿਲਾਫ਼ ਜਾਰੀ ਲੜਾਈ ਲਈ ਅਫ਼ਰੀਕੀ ਦੇਸ਼ਾਂ ਨੂੰ ਮਦਦ ਵੀ ਪ੍ਰਭਾਵਿਤ ਹੋਵੇਗੀ। ਇਸ ਯੋਜਨਾ ਤਹਿਤ ਹੁਣ ਤੱਕ 2.6 ਕਰੋੜ ਲੋਕਾਂ ਦੀ ਜਾਨ ਬਚਾਈ ਗਈ। ਟਰੰਪ ਵੱਲੋਂ ਨਿੱਤ - ਦਿਹਾੜੇ ਕੀਤੇ ਜਾ ਰਹੇ ਐਲਾਨ ਅਤੇ ਵਾਅਦੇ ਦੇਸ਼ ਨੂੰ ਅਰਾਜਕਤਾ ਵੱਲ ਧੱਕਣ ਦਾ ਕਾਰਨ ਬਣਨਗੇ। ਅਮਰੀਕਾ ਵੱਲੋਂ ਵੱਖੋ-ਵੱਖਰੇ ਦੇਸ਼ਾਂ ਨੂੰ ਉਹਨਾਂ ਵੱਲੋਂ ਦਿੱਤੇ ਆਦੇਸ਼ਾਂ ਨੂੰ ਨਾ ਮੰਨਣ 'ਤੇ ਦਿੱਤੀਆਂ ਵੱਡੀਆਂ ਧਮਕੀਆਂ, ਅਮਰੀਕਾ ਦੇ ਦੋਸਤ ਦੇਸ਼ਾਂ ਨਾਲ਼ ਸੰਬੰਧ ਵਿਗਾੜਨਗੀਆਂ ਅਤੇ ਇਹ ਦੇਸ਼ ਕਿਸੇ ਹੋਰ ਦੇਸ਼ ਨਾਲ਼ ਆਪਣੀ ਸਾਂਝ ਵਧਾਉਣ ਲਈ ਅੱਗੇ ਆਉਣਗੇ। ਭਾਰਤ ਤੇ ਅਮਰੀਕਾ ਦੇ ਸੰਬੰਧ ਸੁਖਾਵੇਂ ਹਨ, ਪਰ ਟਰੰਪ ਵੱਲੋਂ ਮੌਜੂਦਾ ਸਮੇਂ ਭਾਰਤ ਨਾਲ਼ ਭੈੜਾ ਵਿਵਹਾਰ ਦੋਹਾਂ ਦੇਸ਼ਾਂ ਦੇ ਆਪਸੀ ਵਪਾਰ ਅਤੇ ਸੰਬੰਧਾਂ 'ਤੇ ਅਸਰ ਪਾਏਗਾ। ਭਾਰਤ, ਚੀਨ ਅਤੇ ਬ੍ਰਾਜ਼ੀਲ ਉੱਤੇ 100 ਫ਼ੀਸਦੀ ਟੈਕਸ ਲਗਾਉਣ ਦੀਆਂ ਖ਼ਬਰਾਂ ਵੀ ਹਨ। ਟਰੰਪ ਦੇ ਨਿਸ਼ਾਨੇ ਉਤੇ ਚੀਨ ਅਤੇ ਰੂਸ ਤੋਂ ਵੀ ਪਹਿਲਾਂ ਗੁਆਂਢੀ ਮੁਲਕ ਕੈਨੇਡਾ ਅਤੇ ਮੈਕਸੀਕੋ ਹਨ। ਇਹਨਾਂ ਦੋਨਾਂ ਦੇਸ਼ਾਂ ਨਾਲ ਅਮਰੀਕਾ ਦਾ ਵਪਾਰ ਇੱਕ ਟ੍ਰਿਲੀਅਨ ਡਾਲਰ ਹੈ। ਟਰੰਪ ਦਾ ਕਹਿਣਾ ਹੈ ਕਿ ਇਹ ਦੋਵੇਂ ਮੁਲਕ ਉਸਦੀ ਉਦਾਰਤਾ ਦਾ ਲਾਭ ਲੈ ਰਹੇ ਹਨ। ਉਸਨੇ ਇਹਨਾਂ ਮੁਲਕਾਂ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਉਹ ਬਾਜ ਨਾ ਆਏ ਤਾਂ ਅਮਰੀਕਾ ਟੈਕਸ ਟੈਰਿਫ ਵਧਾ ਦੇਵੇਗਾ।

ਡੋਨਾਲਡ ਟਰੰਪ ਸਹੁੰ ਚੁੱਕਣ ਤੋਂ ਬਾਅਦ ਸੈਨਾ ਦੇ ਕਮਾਂਡਰ-ਇਨ-ਚੀਫ਼ ਸਵਾਗਤ ਸਮਾਰੋਹ 'ਚ ਤਲਵਾਰ ਲੈ ਕੇ ਨੱਚਦੇ ਨਜ਼ਰ ਆਏ। ਉਹਨਾਂ ਤਲਵਾਰ ਨਾਲ ਕੇਕ ਕੱਟਿਆ।ਉਹਨਾਂ ਦਾ ਇਹ ਰੂਪ-ਸਰੂਪ ਨਾਜ਼ੀ ਸਰੂਪ ਦਾ ਪ੍ਰਤੀਕ ਜਾਪ ਰਿਹਾ ਹੈ। ਇਹ ਉਹਨਾਂ ਦਾ ਸਵਾਰਥੀ ਸਰੂਪ ਵੀ ਹੈ। ਟਰੰਪ ਅਮਰੀਕਾ ਨੂੰ ਗ੍ਰੇਟ ਬਣਾਉਣ ਦੇ ਚੱਕਰ 'ਚ ਆਪਣਾ ਅਕਸ ਵੱਡਾ ਕਰਨ ਦੀ ਤਾਕ 'ਚ ਹੈ। ਜਿਵੇਂ ਭਾਰਤੀ ਲੋਕਤੰਤਰ 'ਚ ਨਰੇਂਦਰ ਮੋਦੀ ਭਾਜਪਾ ਆਰ.ਐੱਸ.ਐੱਸ.ਦੀ ਛਤਰ-ਛਾਇਆ 'ਚ ਦੇਸ਼ ਵਿੱਚ ਰਾਜਾਸ਼ਾਹੀ ਲਿਆਉਣ ਦੀ ਤਾਕ ਵਿੱਚ ਹੈ ਅਤੇ ਜਿਵੇਂ ਲੋਕਤੰਤਰ ਦੇ ਪਰਦੇ ਹੇਠ ਵਲਾਦੀਮੀਰ ਪੁਤਿਨ ਨੇ ਰੂਸ 'ਚ ਤਾਨਾਸ਼ਾਹੀ ਹਕੂਮਤ ਕਾਇਮ ਕਰ ਦਿੱਤੀ ਹੈ, ਉਵੇਂ ਹੀ ਰਾਸ਼ਟਰਪਤੀ ਡੋਨਾਲਡ ਟਰੰਪ ਜੋ ਰਾਸ਼ਟਰਵਾਦ ਦਾ ਅਮਰੀਕਾ ਵਿੱਚ ਨਵਾਂ ਅਧਿਆਏ ਲਿਖ ਰਿਹਾ ਹੈ, ਆਪਣੇ ਕੌਤਕੀ ਸੁਭਾਅ ਨਾਲ਼ ਆਪਣਾ ਸਖਸ਼ੀ ਉਭਾਰ ਕਰਕੇ ਦੁਨੀਆ 'ਚ ਇੱਕ ਡਿਕਟੇਟਰ ਵਜੋਂ ਆਪਣਾ ਨਾਂ ਪੈਦਾ ਕਰਨ ਦੇ ਯਤਨ 'ਚ ਹੈ। ਇਹ ਲੋਕਤੰਤਰ ਅਮਰੀਕਾ ਲਈ ਹੀ ਘਾਤਕ ਨਹੀਂ ਹੈ, ਸਗੋਂ ਸਮੁੱਚੀ ਦੁਨੀਆਂ ਲਈ ਖ਼ਤਰੇ ਦੀ ਘੰਟੀ ਹੈ।

# ਕੋਟ ਫੱਤੇ ਦੇ ਟਿੱਬਿਆਂ ਦੀ ਕੰਡਿਆਈ ਵਿੱਚੋਂ ਉਗਿਆ ਗੁਲਾਬ ਦਾ ਫ਼ੁੱਲ : ਗੋਪਾਲ ਸਿੰਘ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਤੰਗੀਆਂ ਤਰੁਸ਼ੀਆਂ ਬੁਲੰਦ ਹੌਸਲਿਆਂ ਅੱਗੇ ਬੌਣੀਆਂ ਹੋ ਜਾਂਦੀਆਂ ਹਨ, ਜਦੋਂ ਇਨਸਾਨ ਆਪਣੀ ਜ਼ਿੰਦਗੀ ਦਾ ਟੀਚਾ ਨਿਸਚਤ ਕਰਕੇ ਮਸਤ ਹਾਥੀ ਦੀ ਚਾਲ ਤੁਰਦਾ ਹੋਇਆ ਨਿੱਕੀਆਂ-ਮੋਟੀਆਂ ਅੜਚਣਾਂ ਨੂੰ ਮਧੋਲ ਕੇ ਅੱਗੇ ਵੱਧਦਾ ਜਾਂਦਾ ਹੈ। ਜੇਕਰ ਇਨਸਾਨ ਦਾ ਇਰਾਦਾ ਦ੍ਰਿੜ੍ਹ ਅਤੇ ਇੱਛਾ ਸ਼ਕਤੀ ਮਜ਼ਬੂਤ ਹੋਵੇ, ਤਾਂ ਵਿੰਗੇ ਟੇਡੇ ਰਾਹਾਂ ਦੇ ਵਿੰਗ ਵਲ ਕਦੀਂ ਵੀ ਰਸਤਾ ਨਹੀਂ ਰੋਕ ਸਕਦੇ। ਸਗੋਂ ਪਗਡੰਡੀਆਂ ਉਸ ਦੇ ਅੱਗੇ ਰਸਤੇ ਬਣ ਜਾਂਦੀਆਂ ਹਨ। ਕੋਟ ਫੱਤੇ ਦੇ ਟਿੱਬਿਆਂ ਦੀਆਂ ਪਗਡੰਡੀਆਂ ਨੂੰ ਵਿਸ਼ਾਲ ਮਨਮੋਹਕ ਵਾਤਾਵਰਨ ਵਾਲੇ ਰਸਤਿਆਂ ਵਿੱਚ ਬਦਲਣ ਵਾਲਾ ਮਾਨਸਾ ਦੇ ਟਿੱਬਿਆਂ ਦਾ ਰਾਹੀ ਗੋਪਾਲ ਸਿੰਘ ਹੈ, ਜਿਹੜਾ ਰੇਤਲੇ ਇਲਾਕੇ ਦੀਆਂ ਪਗਡੰਡੀਆਂ 'ਤੇ ਤੁਰਦਾ ਹੋਇਆ, ਕਾਹੀ ਤੇ ਕੰਡਿਆਈ ਦੇ ਫ਼ੁੱਲਾਂ ਵਿੱਚੋਂ ਗੁਲਾਬ ਦਾ ਫ਼ੁੱਲ ਬਣਕੇ ਸਮਾਜਿਕਤਾ ਦੀ ਖ਼ੁਸ਼ਬੋ ਫੈਲਾ ਰਿਹਾ ਹੈ। ਭਾਵੇਂ ਸਮਾਜਿਕ ਤੇ ਪਰਿਵਾਰਿਕ ਹਾਲਾਤ ਉਸ ਅੱਗੇ ਪਹਾੜ ਬਣਕੇ ਖੜ੍ਹਦੇ ਰਹੇ ਪ੍ਰੰਤੂ ਗੋਪਾਲ ਸਿੰਘ ਦੇ ਸਿਰੜ੍ਹ, ਮਿਹਨਤ ਅਤੇ ਦ੍ਰਿੜ੍ਹ ਇਰਾਦੇ ਨੇ ਪਹਾੜਾਂ ਦਾ ਸੀਨਾ ਚੀਰ ਕੇ ਆਪਣਾ ਰਸਤਾ ਆਪ ਬਣਾਇਆ। ਸਮਾਜਿਕ ਅਤੇ ਘਰੇਲੂ ਹਾਲਾਤ ਉਸ ਦੇ ਅੱਗੇ ਵਧਦੇ ਕਦਮਾ ਦੀ ਰਫ਼ਤਾਰ ਨੂੰ ਰਵਾਂ ਹੋਣ ਵਿੱਚ ਰੁਕਾਵਟ ਨਹੀਂ ਬਣ ਸਕੇ, ਸਗੋਂ ਦਾਦੇ ਦੀ ਹੱਲਾਸ਼ੇਰੀ ਨਿਸ਼ਾਨੇ ਦੀ ਪ੍ਰਾਪਤੀ ਦਾ ਰਾਹ ਸੌਖਾ ਕਰਦੀ ਰਹੀ। ਉਹ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਲਗਨ ਨਾਲ ਜਦੋਜਹਿਦ ਕਰਦਾ ਰਿਹਾ ਤਾਂ ਜੋ ਆਪਣੇ ਦਾਦੇ ਦੀ ਸ਼ਾਬਾਸ਼ ਦਾ ਮੁੱਲ ਮੋੜ ਸਕੇ। ਪਿੰਡਾਂ ਵਿੱਚ ਆਮ ਤੌਰ 'ਤੇ ਬੱਚਿਆਂ ਨੂੰ ਸਹੀ ਅਗਵਾਈ ਦੀ ਘਾਟ ਰਹਿੰਦੀ ਹੈ, ਪ੍ਰੰਤੂ ਉਸ ਦੀ ਇਸ ਘਾਟ ਨੂੰ ਪਿੰਡ ਦੇ ਪਰਉਪਕਾਰੀ ਲੋਕਾਂ ਨੇ ਪੂਰਿਆਂ ਕੀਤਾ। ਉਸ ਨੇ ਪਿੰਡ ਕੋਟਫੱਤਾ ਦੇ ਸਰਕਾਰੀ ਸਕੂਲ ਤੋਂ 1982 ਵਿੱਚ ਦਸਵੀਂ ਪਾਸ ਕਰਕੇ ਨੌਕਰੀ ਕਰਨ ਦਾ ਮਨ ਬਣਾਇਆ। ਨੌਕਰੀ ਦੀ ਪ੍ਰਾਪਤੀ ਲਈ ਉਸ ਦੇ ਇੱਕ ਗੁਆਂਢੀ ਨੇ ਉਸ ਨੂੰ ਪੰਜਾਬੀ ਤੇ ਅੰਗਰੇਜ਼ੀ ਦੀ ਸਟੈਨੋਗ੍ਰਾਫ਼ੀ ਦੀ ਸਿੱਖਿਆ ਲੈਣ ਦੀ ਸਲਾਹ ਦਿੱਤੀ। ਫਿਰ ਗੋਪਾਲ ਸਿੰਘ ਨੇ ਸਟੈਨੋਗ੍ਰਾਫ਼ੀ ਦੀ ਸਿੱਖਿਆ ਲੈ ਲਈ ਪ੍ਰੰਤੂ ਹੋਰ ਕੋਈ ਨੌਕਰੀ ਨਾ ਮਿਲੀ, ਮਰਦਾ ਕੀ ਨਹੀਂ ਕਰਦਾ ਦੇ ਸਿਧਾਂਤ ਦੀ ਪਹਿਰੇਦਾਰੀ ਕਰਦਾ ਹੋਇਆ, ਅਗਸਤ 1984 ਵਿੱਚ ਉਹ ਲੋਕ ਨਿਰਮਾਣ ਵਿਭਾਗ ਵਿੱਚ ਬੇਲਦਾਰ ਭਰਤੀ ਹੋ ਗਿਆ। ਉਹ ਸਮਝਦਾ ਸੀ ਕਿ ਚਲਦੀ ਦਾ ਨਾਮ ਹੀ ਗੱਡੀ ਹੁੰਦਾ ਹੈ, ਇਸ ਲਈ ਉਹ ਆਪਣੀ ਜ਼ਿੰਦਗੀ ਵਿੱਚ ਖੜੋਤ ਨਹੀਂ ਲਿਆਉਣੀ ਚਾਹੁੰਦਾ ਸੀ। ਦਫ਼ਤਰ ਦੇ ਨਰਮ ਦਿਲ ਮਦਦਗਾਰ ਅਧਿਕਾਰੀ ਨੇ ਉਸ ਦੀ ਕਾਬਲੀਅਤ ਵੇਖਕੇ ਦਫ਼ਤਰ ਵਿੱਚ



ਗੋਪਾਲ ਸਿੰਘ:
9780888780

ਟਾਈਪ ਦਾ ਕੰਮ ਕਰਨ ਦੀ ਡਿਊਟੀ ਲਾ ਦਿੱਤੀ। ਪ੍ਰੰਤੂ ਜਿਵੇਂ ਆਮ ਹੁੰਦਾ ਹੈ, ਦਫ਼ਤਰਾਂ ਵਿੱਚ ਕੁਝ ਮੁਲਾਜ਼ਮਾ ਨੂੰ ਇਕ ਬੇਲਦਾਰ ਦਾ ਦਫ਼ਤਰੀ ਕੰਮ ਕਰਨਾ ਰੜਕਣ ਲੱਗ ਪਿਆ। ਫ਼ਿਰ ਉਸ ਨੂੰ ਸੜਕਾਂ ਦੇ ਟੋਏ ਟਿੱਬੇ ਭਰਨ ਲਈ ਬੇਲਦਾਰ ਦਾ ਕੰਮ ਕਰਨ ਲਈ ਭੇਜ ਦਿੱਤਾ ਗਿਆ। ਗੋਪਾਲ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਿਤ ਕਰਨ ਦੇ ਸਿਧਾਂਤ ਦੀ ਪਹਿਰੇਦਾਰੀ ਕਰਦਿਆਂ, ਕ੍ਰਿਤ ਨੂੰ ਉਸ ਨੇ ਖਿੜੇ ਮੱਥੇ ਪ੍ਰਵਾਨ ਕਰਦਿਆਂ ਆਪਣੀ ਡਿਊਟੀ ਤਨਦੇਹੀ ਨਾਲ ਕੀਤੀ। ਬੇਲਦਾਰੀ ਕਰਦੇ ਸਮੇਂ ਉਸ ਦੇ ਮਨ ਵਿੱਚ ਹੋਰ ਕੁਝ ਅਹੁਦਾ ਪ੍ਰਾਪਤ ਕਰਨ ਦੀ ਚਿਣਗ ਪੈਦਾ ਹੋ ਗਈ। ਉਸ ਸਮੇਂ ਕਿਸੇ ਦੇ ਯਾਦ ਚੇਤੇ ਵੀ ਨਹੀਂ ਸੀ ਕਿ ਗੋਪਾਲ ਸਿੰਘ ਇੱਕ ਦਿਨ ਆਪਣੀ ਕਾਬਲੀਅਤ ਨਾਲ ਪੀ.ਸੀ.ਐਸ. ਅਧਿਕਾਰੀ ਬਣਕੇ ਸਮਾਜਿਕ ਕੁਰੀਤੀਆਂ ਦੇ ਟੋਏ ਟਿੱਬੇ ਭਰਦਾ ਹੋਇਆ ਗ਼ਰੀਬ ਲੋਕਾਂ ਦੀ ਆਵਾਜ਼ ਬਣਕੇ ਸਫ਼ਲ ਪ੍ਰਸ਼ਾਸਨਿਕ ਅਧਿਕਾਰੀ ਸਾਬਤ ਹੋਵੇਗਾ।

ਪੀ.ਸੀ.ਐਸ.ਬਣਕੇ ਲੋਕ ਸੇਵਾ ਕਰਨ ਦੀ ਪ੍ਰਵਿਰਤੀ ਨੂੰ ਚਾਰ ਚੰਨ ਉਦੋਂ ਲੱਗ ਗਏ ਜਦੋਂ ਇੱਕ ਵਾਰ ਉਹ ਆਪਣੇ ਸਰਟੀਫਿਕੇਟ ਅਟੈਸਟ ਕਰਵਾਉਣ ਲਈ ਕਚਹਿਰੀਆਂ ਵਿੱਚ ਆਪਣੇ ਪਿੰਡ ਦੇ ਇੱਕ ਮੁਲਾਜ਼ਮ ਕੋਲ ਗਿਆ ਤਾਂ ਇੱਕ ਪੁਲਿਸ ਅਧਿਕਾਰੀ ਨੇ ਉਸ ਮੁਲਾਜ਼ਮ ਨੂੰ ਸਲੂਟ ਮਾਰੀ। ਪੁਲਿਸ ਅਧਿਕਾਰੀ ਦੀ ਸਲੂਟ ਗੋਪਾਲ ਸਿੰਘ ਦੇ ਦਿਲ ਨੂੰ ਟੁੰਬ ਗਈ। ਗੋਪਾਲ ਸਿੰਘ ਵਿੱਚ ਉਸ ਮੁਲਾਜ਼ਮ ਦੀ ਤਰ੍ਹਾਂ ਬਣਨ ਦੀ ਚੇਸ਼ਟਾ ਐਸੀ ਉਤਪਨ ਹੋ ਗਈ ਕਿ ਉਸਦੀ ਮਿਹਨਤ ਕਰਨ ਦੀ ਰਫ਼ਤਾਰ ਛੜੱਪੇ ਮਾਰਨ ਲੱਗ ਗਈ। ਗੋਪਾਲ ਸਿੰਘ ਦੀ ਮਿਹਨਤ ਰੰਗ ਲਿਆਈ, ਉਹ ਉਸੇ ਮੁਲਾਜ਼ਮ ਦੀ ਥਾਂ ਕੋਰਟ ਵਿੱਚ ਨੌਕਰ ਹੋ ਗਿਆ। ਗੋਪਾਲ ਸਿੰਘ ਦੀ ਕਿਸਮਤ ਹਮੇਸ਼ਾ ਇਮਤਿਹਾਨ ਲੈਂਦੀ ਰਹੀ, ਜਿਹੜੀ ਕੋਰਟ ਵਿੱਚ ਉਹ ਕੰਮ ਕਰ ਰਿਹਾ ਸੀ, ਉਹ ਕੋਰਟ ਹੀ ਟੁੱਟ ਗਈ। ਉਸ ਦੀ ਵੀ ਨੌਕਰੀ ਚਲੀ ਗਈ ਪ੍ਰੰਤੂ ਉਸ ਨੇ ਹੌਸਲਾ ਨਹੀਂ ਛੱਡਿਆ। ਲਗਾਤਾਰ ਮਿਹਨਤ ਕਰਦਾ ਰਿਹਾ ਤਾਂ ਫਿਰ ਉਸ ਦੀ ਚੋਣ ਲੋਕ ਨਿਰਮਾਣ ਵਿੱਚ ਹੋ ਗਈ। ਇਹ ਵੀ ਨੌਕਰੀ ਬਹੁਤੀ ਦੇਰ ਚਲ ਨਾ ਸਕੀ। ਉਹ ਦੁਬਾਰਾ ਜੁਡੀਸ਼ੀਅਲ ਕੋਰਟ ਵਿੱਚ ਐਡਹਾਕ ਸਟੈਨੋ ਲੱਗ ਗਿਆ। ਉਸ ਤੋਂ ਬਾਅਦ ਉਸ ਦੀ ਰੈਗੂਲਰ ਤੌਰ 'ਤੇ ਚੋਣ ਲੋਕ ਨਿਰਮਾਣ ਵਿਭਾਗ ਵਿੱਚ ਬਤੌਰ ਕਲਰਕ ਹੋ ਗਈ। ਫਿਰ ਦਫ਼ਤਰ ਦੇ ਇੱਕ ਅਧਿਕਾਰੀ ਨੇ ਉਸ ਨੂੰ ਅੱਗੇ ਪੜ੍ਹਨ ਲਈ ਪ੍ਰੇਰਿਆ। ਉਸ ਤੋਂ ਬਾਅਦ ਗੋਪਾਲ ਸਿੰਘ ਨੇ ਲਗਾਤਾਰ ਪ੍ਰਾਈਵੇਟ ਉਮੀਦਵਾਰ ਦੇ ਤੌਰ 'ਤੇ ਬੀ.ਏ., ਐਮ.ਏ. ਰਾਜਨੀਤੀ ਸ਼ਾਸਤਰ, ਐਮ.ਏ.ਪੰਜਾਬੀ ਅਤੇ ਐਲ.ਐਲ.ਬੀ.ਪਾਸ ਕਰ ਲਈਆਂ। ਕਲਰਕ ਦੀ ਨੌਕਰੀ ਨਾਲ ਆਰਥਿਕ ਮਜ਼ਬੂਤੀ ਤਾਂ ਮਿਲੀ ਪ੍ਰੰਤੂ ਗੋਪਾਲ ਸਿੰਘ ਵਿੱਚ ਅਧਿਕਾਰੀ ਬਣਨ ਦਾ ਉਤਸ਼ਾਹ ਮੱਠਾ ਨਹੀਂ ਹੋਇਆ। ਲੋਕ ਨਿਰਮਾਣ ਵਿਭਾਗ ਵਿੱਚੋਂ ਛੁੱਟੀ ਲੈ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਆਈ.ਏ.ਐਸ.ਕੋਚਿੰਗ ਸੈਂਟਰ ਵਿੱਚ ਕੋਚਿੰਗ ਲੈਣ ਲਈ ਆ ਗਿਆ। ਦਫ਼ਤਰ ਵਾਲਿਆਂ ਨੇ ਤਨਖ਼ਾਹ ਦੇਣੀ ਬੰਦ ਕਰ ਦਿੱਤੀ ਤਾਂ ਉਹ ਅੱਧ ਵਿਚਾਲੇ ਕੋਚਿੰਗ ਛੱਡ ਕੇ ਦਫ਼ਤਰ ਹਾਜ਼ਰ ਹੋ ਗਿਆ। ਪ੍ਰੰਤੂ ਪੀ.ਸੀ.ਐਸ.ਬਣਨ ਦੀ ਚਿਣਗ ਘਟਣ ਦੀ ਥਾਂ ਵਧਦੀ ਰਹੀ। ਜਦੋਜਹਿਦ ਦੇ ਸਮੇਂ ਦੌਰਾਨ ਦੋਸਤਾਂ ਮਿੱਤਰਾਂ, ਅਮੀਰ, ਗ਼ਰੀਬ, ਦੌਲਤਮੰਦ ਅਤੇ ਹਰ ਵਿਅਕਤੀ ਦਾ ਬਹੁਤ ਸਹਿਯੋਗ ਰਿਹਾ। ਮਿਹਨਤੀ ਹੋਣ ਕਰਕੇ ਉਸ ਦੀ 1993 ਵਿੱਚ ਚੋਣ ਡਿਪਟੀ ਕਮਿਸ਼ਨਰ ਬਠਿੰਡਾ ਦੇ ਦਫ਼ਤਰ ਵਿੱਚ ਬਤੌਰ ਸਟੈਨੋ ਹੋ ਗਈ। ਉਥੇ ਉਸ ਨੇ ਐਸ.ਡੀ.ਐਮ. ਅਤੇ ਡਿਪਟੀ ਕਮਿਸ਼ਨਰ ਦਾ ਪੀ.ਏ ਅਤੇ ਸੁਪਰਇਨਟੈਂਡੈਂਟ ਰੈਵਨਿਊ ਦੇ ਤੌਰ 'ਤੇ ਕੰਮ ਕੀਤਾ। ਇਸ ਦੌਰਾਨ ਉਸ ਦੀ ਪੀ.ਸੀ.ਐਸ.ਬਣਨ ਦੀ ਇੱਛਾ ਸ਼ਕਤੀ ਨੂੰ ਹੋਰ ਉਤਸ਼ਾਹ ਮਿਲਿਆ ਕਿਉਂਕਿ ਉਹ ਅਧਿਕਾਰੀਆਂ ਨੂੰ ਕੰਮ ਕਰਦਿਆਂ ਅਤੇ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਕਰਦਿਆਂ ਵੇਖਦਾ ਸੀ। ਫਿਰ ਉਸ ਨੇ 1993 ਵਿੱਚ ਪੀ.ਸੀ.ਐਸ. ਦਾ ਇਮਤਿਹਾਨ ਦਿੱਤਾ। ਪ੍ਰੰਤੂ ਸਫ਼ਲ ਨਾ ਹੋ ਸਕਿਆ। ਗੋਪਾਲ ਸਿੰਘ ਨੂੰ ਮਹਿਸੂਸ ਹੋਇਆ ਕਿ ਮਿਹਨਤ ਦਾ ਕੋਈ ਬਦਲ ਨਹੀਂ ਹੋ ਸਕਦਾ, ਇਸ ਲਈ ਉਸ ਨੇ ਮਿਹਨਤ ਕਰਨੀ ਨਾ ਛੱਡੀ। ਇਸ ਤੋਂ ਇਲਾਵਾ ਉਸ ਨੇ ਬਚਪਨ ਵਿੱਚ "ਕਿੰਗ ਬਰੂਸ ਐਂਡ ਸਪਾਈਡਰ" ਦੀ ਕਹਾਣੀ ਸੁਣੀ ਹੋਈ ਸੀ, ਇਸ ਲਈ ਉਹ ਵਾਰ ਵਾਰ ਬੀ.ਡੀ.ਪੀ.ਓ ਅਤੇ ਪੀ.ਸੀ.ਐਸ.ਦਾ ਇਮਤਿਹਾਨ ਦਿੰਦਾ ਰਿਹਾ। ਉਸ ਨੇ 1998 ਵਿੱਚ ਵੀ ਇਮਤਿਹਾਨ ਦਿੱਤਾ ਪਰ ਗੱਲ ਨਾ ਬਣੀ ਪ੍ਰੰਤੂ 2014 ਵਿੱਚ ਉਸ ਦੀ ਚੋਣ ਹੋ ਗਈ। ਇਹ ਚੋਣ ਵੀ ਕੋਰਟ ਕਚਹਿਰੀਆਂ ਦੇ ਚਕਰ ਵਿੱਚ ਪੈ ਗਈ ਅਤੇ ਹਾਈ ਕੋਰਟ ਵਿੱਚ ਕੇਸ ਹੋ ਗਿਆ। ਹਾਈ ਕੋਰਟ ਨੇ 2016 ਵਿੱਚ ਸਟੇਅ ਖੋਲ੍ਹੀ, ਜਿਸ ਤੋਂ ਬਾਅਦ ਉਸ ਦੀ ਮਿਹਨਤ ਨੂੰ ਬੂਰ ਪਿਆ। ਪੀ.ਸੀ.ਐਸ.ਬਣਨ ਤੋਂ ਬਾਅਦ ਉਸ ਨੇ ਬਹੁਤ ਸਾਰੇ ਮਹੱਤਵਪੂਰਨ ਅਹੁਦਿਆਂ 'ਤੇ ਕੰਮ ਕੀਤਾ, ਜਿਨ੍ਹਾਂ ਵਿੱਚ ਡਿਪਟੀ ਕਮਿਸ਼ਨਰ ਦੇ ਅਸਿਟੈਂਟ ਕਮਿਸ਼ਨਰ ਜਨਰਲ, ਅਸਿਸਟੈਂਟ ਕਮਿਸ਼ਨਰ ਸ਼ਿਕਾਇਤਾਂ, ਐਸ.ਡੀ.ਐਮ., ਡਿਪਟੀ ਸਕੱਤਰ ਪੰਜਾਬ ਸਰਕਾਰ ਅਤੇ ਸੰਯੁਕਤ ਸਕੱਤਰ ਲੋਕ ਸੰਪਰਕ ਵਿਭਾਗ ਵਰਣਨਯੋਗ ਹਨ। ਉਹ ਜੁਲਾਈ 2018 ਤੋਂ ਸਤੰਬਰ 2021 ਤੱਕ ਐਸ.ਡੀ.ਐਮ.ਮਲੋਟ ਰਿਹਾ, ਜਿਥੇ ਉਸ ਦੀ ਕਾਰਗੁਜ਼ਾਰੀ ਨੇ ਇਲਾਕੇ ਦੇ ਲੋਕਾਂ ਦਾ ਦਿਲ ਜਿੱਤ ਲਿਆ। ਸਾਹਿਤਕ ਦਿਲ ਹੋਣ ਕਰਕੇ ਲੋਕ ਮਸਲਿਆਂ ਨੂੰ ਮਾਨਵੀ ਪੱਖ ਤੋਂ ਵਿਚਾਰ ਕੇ ਫ਼ੈਸਲੇ ਕਰਦਾ ਰਿਹਾ ਸੀ। ਗੋਪਾਲ ਸਿੰਘ ਦਾ ਇਕ ਕਾਵਿ ਸੰਗ੍ਰਹਿ 'ਕਸਕ' ਵੀ ਪ੍ਰਕਾਸ਼ਤ ਹੋਇਆ ਹੈ। ਉਹ ਫ਼ਰਵਰੀ 2024 ਵਿੱਚ ਸੇਵਾ ਮੁਕਤ ਹੋਇਆ ਹੈ।

ਗੋਪਾਲ ਸਿੰਘ ਦਾ ਜਨਮ ਮਾਤਾ ਭੋਲੋ ਕੌਰ ਤੇ ਪਿਤਾ ਬਾਬੂ ਸਿੰਘ ਦੇ ਘਰ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟ ਫੱਤਾ ਵਿੱਚ 15 ਫਰਵਰੀ 1966 ਨੂੰ ਹੋਇਆ ਸੀ। ਉਸ ਦਾ ਵਿਆਹ ਸੁਰਿੰਦਰ ਕੌਰ ਨਾਲ ਹੋਇਆ, ਜੋ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਵਿਖੇ ਅਸਿਸਟੈਂਟ ਪ੍ਰੋਫ਼ੈਸਰ ਸੇਵਾ ਨਿਭਾ ਰਹੇ ਹਨ। ਉਨ੍ਹਾਂ ਦੇ ਦੋ ਲੜਕੇ ਕੈਪਟਨ ਮਿਰਾਜਿੰਦਰ ਸਿੰਘ ਅਤੇ ਨੂਰਿੰਦਰ ਸਿੰਘ ਹਨ। ਨੂਰਿੰਦਰ ਸਿੰਘ ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ ਪਟਿਆਲਾ ਵਿਚ ਐਲ.ਐਲ.ਬੀ.ਕਰ ਰਿਹਾ ਹੈ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



**Edmonton**
Sukhdev Singh Dhanoa
780 700 5022,
780 599 2000
Email:
sukhdevdhanoa@gmail.com



**Edmonton**
Parminder Singh Balluana
+1 (204) 930-3030
780 599 2000
Email:
balluana.parminder@gmail.com



**Regina**
Gurbinder Singh Gagowal
306 520 4313,
639 999 1000
Email:
gur.gago@gmail.com



**Saskatoon**
Rishi Joshi
639 742 1200
639 999 1000
Rishijoshi1990 @hotmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਵੱਡਾ ਘੱਲੂਘਾਰਾ ਕੁੱਪ ਰੋਹੀੜਾ ਦਿਵਸ 'ਤੇ ਵਿਸ਼ੇਸ਼



ਡਾ. ਚਰਨਜੀਤ ਸਿੰਘ ਗੁਮਟਾਲਾ
91-9417533060
gumtalacs@gmail.com



**ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਸਵੇਰ ਦਾ ਸਮਾਂ ਸੀ। ਸਿੰਘ ਅਜੇ ਤਿਆਰ ਵੀ ਨਹੀਂ ਸਨ ਹੋਏ। ਅਬਦਾਲੀ ਨੇ ਘੇਰਾ ਘੱਤ ਲਿਆ। ਅਬਦਾਲੀ ਦੀਆਂ ਫੌਜਾਂ ਨੇ ਪੁਜਦੇ ਸਾਰ ਹੀ ਕਤਲਿ-ਆਮ ਅਰੰਭ ਦਿੱਤਾ। ਸਿੰਘਾਂ ਨੇ ਝਟਪਟ ਤਿਆਰੇ ਕਰ ਲਏ। ਭਾਵੇਂ ਹਮਲਾ ਅਚਨਚੇਤ ਸੀ, ਪਰ ਸਿੱਖਾਂ ਨੇ ਡਟ ਕੇ ਮੁਕਾਬਲਾਏ ਕਰਨ ਦੀ ਠਾਣੀ। ਪਹਿਲੇ ਹੱਲੇ ਵਿੱਚ ਹਜ਼ਾਰਾਂ ਸਿੰਘ ਸ਼ਹੀਦ ਹੋ ਗਏ। ਟੱਬਰਾਂ ਨੂੰ ਬਚਾਉਣ ਲਈ ਸਿੱਖਾਂ ਨੇ ਵਿਚਾਰ ਬਣਾਈ ਅਤੇ ਨਾਲ ਹੀ ਉਸੇ ਪਲ ਟੱਬਰਾਂ ਦਾ ਖ਼ਿਆਲ ਆਇਆ। ਉਹ ਸਾਰੇ ਬੇਦੋਸ਼ੇ ਸ਼ਹੀਦ ਕਰ ਦਿੱਤੇ ਜਾਣਗੇ। ਸੋ ਜਲਦੀ ਵਿੱਚ ਹੀ ਇਹ ਫ਼ੈਸਲਾ ਹੋਇਆ ਕਿ ਵਹੀਰਾਂ ਦੇ ਇਰਦ ਗਿਰਦ ਚੌਖਟਾ (ਗੋਲ ਕਿਲ੍ਹਾ) ਬਣਾ ਕੇ ਦੁਸ਼ਮਣਾਂ ਦਾ ਮੁਕਾਬਲਾ ਕੀਤਾ ਜਾਏ। ਸਰਦਾਰ ਜੱਸਾ ਸਿੰਘ ਨੇ ਕਮਾਨ ਆਪਣੇ ਹੱਥ ਸੰਭਾਲ ਲਈ। ਸਰਦਾਰ ਸ਼ਾਮ ਸਿੰਘ ਦਾ ਜੱਥਾ ਵੀ ਨਾਲ ਸੀ। ਅਜੇ ਤਿੰਨ ਮੀਲ ਹੀ ਪੈਂਡਾ ਕੀਤਾ ਸੀ ਕਿ ਭੀਖਨ ਖ਼ਾਨ, ਜ਼ੈਨ ਖ਼ਾਨ ਅਤੇ ਸ਼ਾਹ ਵਲੀ ਖ਼ਾਨ ਆ ਪਏ। ਉਹ ਗੋਲ ਕਿਲ੍ਹਾ ਤੌੜਨ ਵਿੱਚ ਕਾਮਯਾਬ ਨਾ ਹੋ ਸਕੇ। ਸਿੱਖ ਫੌਜੀਆਂ ਨੇ ਇੱਕ ਜ਼ਿੰਦਾ ਮਨੁੱਖਾਂ ਦੀ ਦੀਵਾਰ ਖੜੀ ਕਰ ਦਿੱਤੀ। ਦਸਤੇ ਅਬਦਾਲੀ ਦੀ ਫ਼ੌਜ ਦਾ ਟਾਕਰਾ ਕਰਦੇ ਰਹੇ ਤੇ ਵਹੀਰ ਬਰਨਾਲਾ ਵੱਲ ਵੱਧਦਾ ਗਿਆ। ਜ਼ੈਨ ਖ਼ਾਨ ਤੋਂ ਵਹੀਰ ਬਹੁਤ ਦੂਰ ਚਲਾ ਗਿਆ। ਇਸ ਤਰ੍ਹਾਂ ਤੁਰਦੇ ਮੁਕਾਬਲਾ ਕਰਦੇ ਸਿੱਖਾਂ ਦਾ ਜਾਨੀ ਨੁਕਸਾਨ ਬਹੁਤ ਜ਼ਿਆਦਾ ਹੋ ਰਿਹਾ ਸੀ, ਪਰ ਸਿੰਘ ਡਟਕੇ ਹਮਲੇ ਕਰ ਰਹੇ ਸਨ।**

ਪ੍ਰਿਸੀਪਲ ਸਤਿਬੀਰ ਸਿੰਘ ਨੇ ਆਪਣੀ ਪੁਸਤਕ ਸਿੱਖ ਇਤਿਹਾਸ ਭਾਗ ਪਹਿਲਾ ਦੇ ਪੰਨਾ 239 ਤੋਂ 246 ਤੀਕ ਵੱਡੇ ਘਲੂਘਾਰੇ 'ਤੇ ਬੜੇ ਵਿਸਥਾਰ 'ਤੇ ਚਾਨਣਾ ਪਾਇਆ ਹੈ। ਅਹਿਮਦ ਸ਼ਾਹ ਅਬਦਾਲੀ ਨੇ 1748 ਤੋਂ ਲੈ ਕੇ 1761 ਤੱਕ ਪੰਜ ਹਮਲੇ ਹਿੰਦੁਸਤਾਨ 'ਤੇ ਕੀਤੇ ਸਨ। ਪੰਜਵਾਂ ਹਮਲਾ ਨਿਰੋਲ ਮਰਹੱਟਿਆਂ ਦੇ ਵਿਰੁੱਧ ਸੀ। ਅਬਦਾਲੀ ਨੇ ਪਾਨੀਪਤ ਦੀ ਤੀਜੀ ਜੰਗ ਵਿੱਚ ਮਰਹੱਟਿਆਂ ਨੂੰ ਤਕੜੀ ਹਾਰ ਦਿੱਤੀ। 13 ਜਨਵਰੀ 1761 ਨੂੰ ਮਰਹੱਟਿਆਂ ਨੂੰ ਹਰਾਉਣ ਉਪਰੰਤ ਅਬਦਾਲੀ ਮਾਰਚ ਦੇ ਮਹੀਨੇ ਵਾਪਸ ਮੁੜ ਪਿਆ। ਜਦ ਉਹ ਵਾਪਸ ਮੁੜ ਰਿਹਾ ਸੀ ਤਾਂ ਸਿੱਖਾਂ ਨੇ ਅਬਦਾਲੀ ਕੋਲੋਂ ਖ਼ੂਬ ਹਿੱਸਾ ਵੰਡਾਇਆ। ਇੱਕ ਕਥਨ ਅਨੁਸਾਰ ਅਟਕ ਤਕ ਉਸ ਦਾ ਪਿੱਛਾ ਕੀਤਾ। ਉਸ ਨੇ ਐਲਾਨੀਆਂ ਕਿਹਾ ਕਿ ਹੁਣ ਸਿੱਖਾਂ ਨੂੰ ਦਬਾ ਕੇ ਹੀ ਆਰਾਮ ਕਰਾਂਗਾ।ਉਹ ਨਹੀਂ ਸੀ ਜਾਣਦਾ ਕਿ ਸਿੱਖ ਕੌਮ ਨੂੰ ਕੋਈ ਹਰਾ ਨਹੀਂ ਸਕਦਾ।

ਪੰਜਾਬ ਦੇ ਕਬਜ਼ੇ ਲਈ ਹੁਣ ਦੋ ਤਾਕਤਾਂ - ਸਿੱਖ ਅਤੇ ਅਫ਼ਗਾਨ ਲੜ ਰਹੀਆਂ ਸਨ। ਬਾਕੀ ਸਭ ਤਾਕਤਾਂ ਜਾਂ ਮੁੱਕ ਗਈਆਂ ਸਨ ਜਾਂ ਬਲਹੀਨ ਹੋ ਗਈਆਂ ਸਨ। ਸਿੱਖ 1762 ਵਿੱਚ ਪੰਜਾਬ ਦੇ ਅਮਲੀ ਤੌਰ ਉੱਤੇ ਮਾਲਕ ਸਨ। ਅਬਦਾਲੀ ਦੇ ਨਿਯਤ ਕੀਤੇ ਗਵਰਨਰ ਖ਼ਵਾਜ਼ਾ ਮਿਰਜ਼ਾ ਖ਼ਾਨ ਚਹਾਰ ਮਹੱਲ ਵਾਲਾ, ਆਬਿਦ ਖ਼ਾਨ (ਲਾਹੌਰ), ਸਾਦਤ ਖ਼ਾਨ ਤੇ ਸਾਦਕ ਖ਼ਾਨ ਅਫ਼ਰੀਦੀ, ਸਿੱਖਾਂ ਦੀ ਵਧਦੀ ਤਾਕਤ ਨੂੰ ਰੋਕ ਨਾ ਪਾ ਸਕੇ। ਅਹਿਮਦ ਸ਼ਾਹ ਅਬਦਾਲੀ ਨੇ ਨੂਰ-ਉਦ-ਦੀਨ ਨੂੰ ਮਾਰ ਕੇ ਨਸਾ ਦਿੱਤਾ। ਲਾਹੌਰ ਦਾ ਗਵਰਨਰ ਆਬਿਦ ਖ਼ਾਨ ਵੀ ਛੱਡ ਕੇ ਨੱਸ ਗਿਆ। ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠਾਂ ਲਾਹੌਰ 'ਤੇ ਕਬਜ਼ਾ ਕੀਤਾ ਤੇ ਆਕਲਦਾਸ ਨੇ ਅਬਦਾਲੀ ਨੂੰ ਹਮਲਾ ਕਰਨ ਲਈ ਪ੍ਰੇਰਿਆ। ਸਿੱਖਾਂ ਨੂੰ ਸੂਹ ਮਿਲ ਗਈ। ਸਿੱਖਾਂ ਨੇ ਸਾਰਾ ਧਿਆਨ ਆਪਣੇ ਟੱਬਰਾਂ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾਣ ਵੱਲ ਲਗਾ ਦਿੱਤਾ ਅਤੇ ਸਾਰੇ ਮਲੇਰ ਕੋਟਲੇ ਵਿੱਚ ਇਕੱਠੇ ਹੋਣੇ ਸ਼ੁਰੂ ਹੋਏ।

ਅਹਿਮਦ ਸ਼ਾਹ 3 ਫਰਵਰੀ ਨੂੰ ਅੰਦਾਜ਼ਿਆਂ ਦੇ ਉਲਟ ਲਾਹੌਰ ਪੁੱਜ ਗਿਆ। ਸਿੱਖਾਂ ਦੇ ਅੰਦਾਜ਼ੇ ਮੁਤਾਬਿਕ ਘੱਟ ਤੋਂ ਘੱਟ ਉਸ ਨੂੰ ਲਾਹੌਰ ਪੁੱਜਦਿਆਂ ਦਸ ਦਿਨ ਲੱਗ ਜਾਣੇ ਸਨ। ਸਿੱਖਾਂ ਦਾ ਯਕੀਨ ਸੀ ਕਿ ਟੱਬਰਾਂ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾ ਕੇ ਉਹ ਵਾਪਸ ਮੁੜ ਕੇ ਲੜਨ ਲਈ ਤਿਆਰ ਹੋ ਸਕਣਗੇ, ਪਰ ਸਿੱਖਾਂ ਦੀ ਹੈਰਾਨੀ ਦੀ ਹੱਦ ਹੀ ਨਾ ਰਹੀ ਜਦ 5 ਫਰਵਰੀ ਨੂੰ ਕਾਸਮ ਖ਼ਾਨ ਨੂੰ ਹਮਲਾ ਕਰਦੇ ਡਿੱਠਾ। ਅਬਦਾਲੀ ਨੂੰ ਜਿੱਤ ਦਾ ਏਨਾ ਯਕੀਨ ਸੀ ਕਿ ਸ਼ਾਹ ਵਲੀ ਖ਼ਾਨ ਨੂੰ ਜਦ ਰਾਜਾ ਹਰਿ ਸਹਾਇ ਨੇ ਇਮਦਾਦ ਲਈ ਲਿਖਿਆ ਤਾਂ ਉਸ ਨੇ ਉੱਤਰ ਦਿੱਤਾ ਸੀ ਕਿ ਸਿੱਖਾਂ ਦੀ ਜੜ੍ਹ ਮੁਕਾ ਕੇ ਕੁਝ ਚਿਰ ਸਰਹੰਦ ਸ਼ਿਕਾਰ ਖੇਡੇਗਾ। ਜਿਥੇ ਸਿੰਘਾਂ ਦੇ ਟੱਬਰ ਟਿਕਦੇ ਨੇਜ਼ਿਆਂ 'ਤੇ ਵਸਤਰ ਟੰਗ ਬੈਰਕਾਂ ਬਣਾ ਲੈਂਦੇ। ਰਾਹ ਭਾਈ ਸੰਗੂ ਸਿੰਘ ਜੀ, ਬਾਬਾ ਆਲਾ ਸਿੰਘ ਦੇ ਭੇਜੇ ਕੋਤਵਾਲ ਬਾਈ ਸਖੂ ਸਿੰਘ ਜੀ ਹੰਭਲਵਾਲ ਤੇ ਭਾਈਕੇ ਦੇ ਭਾਈ ਬੁੱਢਾ ਸਿੰਘ (ਕੈਂਥਲ) ਦੱਸ ਰਹੇ ਸਨ। ਗੁਰੂ ਗ੍ਰੰਥ ਸਾਹਿਬ ਦੀਆਂ ਦੋਵੇਂ ਬੀੜਾਂ ਦਮਦਮੀ ਤੇ ਅੰਮ੍ਰਿਤਸਰੀ ਨਾਲ ਸਨ।

ਗਿਆਨੀ ਗਿਆਨ ਸਿਘ ਦੇ ਕਥਨ ਅਨੁਸਾਰ ਸਵੇਰ ਦਾ ਸਮਾਂ ਸੀ। ਸਿੰਘ ਅਜੇ ਤਿਆਰ ਵੀ ਨਹੀਂ ਸਨ ਹੋਏ। ਅਬਦਾਲੀ ਨੇ ਘੇਰਾ ਘੱਤ ਲਿਆ। ਅਬਦਾਲੀ ਦੀਆਂ ਫੌਜਾਂ ਨੇ ਪੁਜਦੇ ਸਾਰ ਹੀ ਕਤਲਿ-ਆਮ ਅਰੰਭ ਦਿੱਤਾ। ਸਿੰਘਾਂ ਨੇ ਝਟਪਟ ਤਿਆਰੇ ਕਰ ਲਏ। ਭਾਵੇਂ ਹਮਲਾ ਅਚਨਚੇਤ ਸੀ, ਪਰ ਸਿੱਖਾਂ ਨੇ ਡਟ ਕੇ ਮੁਕਾਬਲਾਏ ਕਰਨ ਦੀ ਠਾਣੀ। ਪਹਿਲੇ ਹੱਲੇ ਵਿੱਚ ਹਜ਼ਾਰਾਂ ਸਿੰਘ ਸ਼ਹੀਦ ਹੋ ਗਏ। ਟੱਬਰਾਂ ਨੂੰ ਬਚਾਉਣ ਲਈ ਸਿੱਖਾਂ ਨੇ ਵਿਚਾਰ ਬਣਾਈ ਅਤੇ ਨਾਲ ਹੀ ਉਸੇ ਪਲ ਟੱਬਰਾਂ ਦਾ ਖ਼ਿਆਲ ਆਇਆ। ਉਹ ਸਾਰੇ ਬੇਦੋਸ਼ੇ ਸ਼ਹੀਦ ਕਰ ਦਿੱਤੇ ਜਾਣਗੇ। ਸੋ ਜਲਦੀ ਵਿੱਚ ਹੀ ਇਹ ਫ਼ੈਸਲਾ ਹੋਇਆ ਕਿ ਵਹੀਰਾਂ ਦੇ ਇਰਦ ਗਿਰਦ ਚੌਖਟਾ (ਗੋਲ ਕਿਲ੍ਹਾ) ਬਣਾ ਕੇ ਦੁਸ਼ਮਣਾਂ ਦਾ ਮੁਕਾਬਲਾ ਕੀਤਾ ਜਾਏ। ਸਰਦਾਰ ਜੱਸਾ ਸਿੰਘ ਨੇ ਕਮਾਨ ਆਪਣੇ ਹੱਥ ਸੰਭਾਲ ਲਈ। ਸਰਦਾਰ ਸ਼ਾਮ ਸਿੰਘ ਦਾ ਜੱਥਾ ਵੀ ਨਾਲ ਸੀ। ਅਜੇ ਤਿੰਨ ਮੀਲ ਹੀ ਪੈਂਡਾ ਕੀਤਾ ਸੀ ਕਿ ਭੀਖਨ ਖ਼ਾਨ, ਜ਼ੈਨ ਖ਼ਾਨ ਅਤੇ ਸ਼ਾਹ ਵਲੀ ਖ਼ਾਨ ਆ ਪਏ। ਉਹ ਗੋਲ ਕਿਲ੍ਹਾ ਤੌੜਨ ਵਿੱਚ ਕਾਮਯਾਬ ਨਾ ਹੋ ਸਕੇ। ਸਿੱਖ ਫੌਜੀਆਂ ਨੇ ਇੱਕ ਜ਼ਿੰਦਾ ਮਨੁੱਖਾਂ ਦੀ ਦੀਵਾਰ ਖੜੀ ਕਰ ਦਿੱਤੀ। ਦਸਤੇ ਅਬਦਾਲੀ ਦੀ ਫ਼ੌਜ ਦਾ ਟਾਕਰਾ ਕਰਦੇ ਰਹੇ ਤੇ ਵਹੀਰ ਬਰਨਾਲਾ ਵੱਲ ਵੱਧਦਾ ਗਿਆ। ਜ਼ੈਨ ਖ਼ਾਨ ਤੋਂ ਵਹੀਰ ਬਹੁਤ ਦੂਰ ਚਲਾ ਗਿਆ। ਇਸ ਤਰ੍ਹਾਂ ਤੁਰਦੇ ਮੁਕਾਬਲਾ ਕਰਦੇ ਸਿੱਖਾਂ ਦਾ ਜਾਨੀ ਨੁਕਸਾਨ ਬਹੁਤ ਜ਼ਿਆਦਾ ਹੋ ਰਿਹਾ ਸੀ, ਪਰ ਸਿੰਘ ਡਟਕੇ ਹਮਲੇ ਕਰ ਰਹੇ ਸਨ।

ਜਦ ਸਿੰਘ ਡਟ ਕੇ ਲੜੇ ਤਾਂ ਅਬਦਾਲੀ ਦੀਆਂ ਫੌਜਾਂ ਵੀ ਘਾਬਰ ਕੇ 'ਤੋਬਾ ਤੇ ਅੱਲਾ' ਕਰਨ ਲੱਗ ਪਈਆਂ, । ਸਿੰਘ ਵਹੀਰ ਦੀ ਰਾਖੀ ਇਸ ਤਰ੍ਹਾਂ ਕਰ ਰਹੇ ਸਨ ਜਿਵੇਂ ਕੁਕੜੀ ਆਪਣੇ ਬੱਚਿਆਂ ਦੀ, ਖੰਭ ਖਿਲਾਰ ਕੇ ਰਾਖੀ ਕਰਦੀ ਹੈ। ਅਹਿਮਦ ਸ਼ਾਹ ਤੇ ਉਸ ਦੇ ਜਰਨੈਲ ਇਸ ਪ੍ਰਕਾਰ ਦੀ ਲੜਾਈ ਨੂੰ ਦਖ ਹੈਰਾਨ ਹੋ ਰਹੇ ਸਨ।

ਅਹਿਮਦ ਸ਼ਾਹ ਨੇ ਵਲੀ ਖ਼ਾਨ, ਭੀਖਨ ਖ਼ਾਨ ਮਲੇਰ ਕੋਟਲੇ ਵਾਲੇ ਅਤੇ ਜ਼ੈਨ ਖ਼ਾਨ ਨੂੰ ਤਕੜੇ ਹੋ ਕੇ ਹਮਲਾ ਕਰਨ ਲਈ ਪ੍ਰੇਰਿਆ। 48 ਹਜ਼ਾਰ ਫੌਜ ਵਿੱਚੋਂ ਅੱਠ ਹਜ਼ਾਰ ਫੌਜੀ ਵੱਖ ਕਰ ਲਏ ਤੇ ਜਮ ਕੇ ਹਮਲਾ ਕੀਤਾ। ਵਹੀਰ ਤੇ 'ਦਲ ਖ਼ਾਲਸਾ' ਵੱਖ ਕਰਨ ਵਿੱਚ ਅਬਦਾਲੀ ਸਫ਼ਲ ਹੋ ਗਿਆ। ਇਸ ਹਮਲੇ ਵਿੱਚ ਸਿੰਘਾਂ ਦੇ ਪੈਰ ਉੱਖੜੇ ਤੇ ਕਿਤਨੇ ਹੀ ਸਿੰਘ ਸ਼ਹੀਦ ਹੋ ਗਏ। ਸਿੱਖ ਸਰਦਾਰਾਂ ਤੇ ਜੱਥਿਆਂ ਦੀ ਵਾੜ ਇਸ ਹਮਲੇ ਨੇ ਤੋੜ ਦਿੱਤੀ। ਟੱਬਰਾਂ ਦੇ ਟੱਬਰ ਮਾਰੇ ਗਏ। ਵਹੀਰ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਹੁਣ ਅਬਦਾਲੀ ਦੀ ਇਹ ਖ਼ਾਹਿਸ਼ ਲੱਗਦੀ ਸੀ ਕਿ ਵਹੀਰ ਦੇ ਐਨ ਵਿਚਕਾਰ ਪੁੱਜ ਕੇ ਇਤਨਾ ਵੱਡਾ ਕਤਲਿਆਮ ਕੀਤਾ ਜਾਏ ਕਿ ਫੇਰ ਸਿੱਖ ਉਠਣ ਜੋਗੇ ਨਾ ਰਹਿਣ। ਅਬਦਾਲੀ ਦੀ ਚਾਲ ਸਮਝ ਕੇ ਸਿੱਖਾਂ ਦੀ ਜਥੇਬੰਦੀ ਪੱਕੀ ਕਰ ਲਈ। ਸਾਰੇ ਜਥੇ, ਭੰਗੀ, ਘਨੱਈਏ, ਸ਼ੁਕਰਚਕੀਏ, ਡਲੇਵਾਲੀਏ, ਸ਼ਹੀਦ, ਕਰੋੜੀਏ, ਰਾਮਗੜ੍ਹੀਏ, ਨਿਸ਼ਾਨਵਾਲੀਏ ਸਰਦਾਰ ਇਕੱਠੇ ਹੋ ਗਏ ਅਤੇ ਨਵੀਂ ਵਿਉਂਤ ਨਾਲ ਲੜਨ ਲੱਗੇ। ਅਚਾਨਕ ਹਮਲੇ 'ਤੇ ਫਿਰ ਲਗਾਤਾਰ ਹਮਲਿਆਂ ਵਿਚਕਾਰ ਜਿਸ ਤਰ੍ਹਾਂ ਸਿੱਖ ਸਰਦਾਰਾਂ ਨੇ ਆਪਣੇ ਆਪ ਨੂੰ ਬਚਾਇਆ, ਉਹ ਜੰਗੀ ਇਤਿਹਾਸ ਵਿੱਚ ਇੱਕ ਅਮਿੱਟ ਯਾਦਗਾਰ ਹੈ। ਜਿਸ ਪਾਸੇ ਸਿੰਘ ਦੌੜ ਕੇ ਪੈਂਦੇ ਸਨ ਉਸ ਪਾਸਿਉਂ ਦੁਸ਼ਮਣਾਂ ਦਾ ਤਕਰੀਬਨ ਖ਼ਾਤਮਾ ਹੀ ਹੋ ਜਾਂਦਾ ਸੀ।

ਸਰਦਾਰ ਜੱਸਾ ਸਿੰਘ ਆਹਲੂਵਾਲੀਏ, ਸਰਦਾਰ ਸਿਆਮ ਸਿੰਘ ਅਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੇ ਤਗੜੇ ਹੱਥ ਦਿਖਾਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤਾਂ ਕਈ ਵਾਰ ਮੌਤ ਦੇ ਮੂੰਹ ਤੋਂ ਮਸਾਂ ਬਚੇ। ਆਪ ਨੂੰ ਲਹੂ-ਲੁਹਾਨ ਦੇਖ ਕੇ ਅੰਗ-ਪਾਲਕ ਭਾਈ ਗੁਰਮੁਖ ਸਿੰਘ ਨੇ ਘੋੜੇ ਨੂੰ ਅੱਡੀ ਲਗਾ ਕੇ ਪਾਸੇ ਕਰਾਉਣ ਲਈ ਚਾਬਕ ਚੁੱਕਿਆ ਹੀ ਸੀ ਕਿ ਜੁਰਅੱਤ ਦੀ ਮੂਰਤ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉੱਚੀ ਆਵਾਜ਼ ਦੇ ਕੇ ਕਿਹਾ ਐਸੇ ਜੀਵਨ ਨਾਲੋਂ ਮਰਨਾ ਚੰਗਾ ਹੈ । ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਸਰੀਰ 'ਤੇ 22 ਜ਼ਖ਼ਮਾਂ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੂੰ 19 ਜ਼ਖ਼ਮ ਆਏ। ਸਰਦਾਰ ਜੱਸਾ ਸਿੰਘ ਲਹੂ ਲੁਹਾਨ ਹੋਏ ਲੜ ਰਹੇ ਸਨ। ਕਹਿੰਦੇ ਹਨ ਕਿਸੇ ਸਰਦਾਰ ਚੜ੍ਹਤ ਸਿੰਘ ਨੂੰ ਕਿਹਾ ਕਿ ਤੂੰ ਤਾਂ ਕਹਿੰਦਾ ਸੈਂ ਕਿ ਅਬਦਾਲੀ ਦਾ ਸਿੱਧਾ ਟਾਕਰਾ ਕਰਾਂਗਾ। ਹੁਣ ਇੱਥੇ ਕੀ ਕਰਦਾ ਹੈਂ! ਇਤਨਾ ਸੁਣਦੇ ਹੀ ਉਨ੍ਹਾਂ ਘੋੜਾ ਅਬਦਾਲੀ ਵੱਧ ਵਧਾ ਦਿੱਤਾ। ਸਰਦਾਰ ਚੜ੍ਹਤ ਸਿੰਘ ਨੇ ਜਿਸ ਬਹਾਦਰੀ ਨਾਲ ਵਹੀਰ ਦੇ ਅਨੇਕ ਸਿੱਖਾਂ ਨੂੰ ਬਚਾਇਆ, ਉਸ ਦੀ ਸਾਰੇ ਪੰਥ ਨੇ ਉਪਮਾ ਤੇ ਵਡਿਆਈ ਕੀਤੀ। ਜਦ ਘੋੜਾ ਥੱਕ ਜਾਂਦਾ, ਸਰਦਾਰ ਚੜ੍ਹਤ ਸਿੰਘ ਜੀ ਨਵਾਂ ਬਦਲ ਲੈਂਦੇ। ਪੰਜ ਘੋੜੇ ਸਦਾ ਨਾਲ ਰੱਖਦੇ। ਜਿੱਥੇ ਵੀ ਲਲਕਾਰ ਪੈਂਦੀ, ਸੁਣ ਕੇ ਫੱਟ ਘੋੜਾ ਦੁੜਾ ਉੱਥੇ ਪੁੱਜਦੇ। ਕਿਸੇ ਜ਼ਖ਼ਮੀ ਨੂੰ ਬੇਲੇ 'ਤੇ ਪਾ ਆਉਂਦੇ, ਕਿਸੇ ਫੱਟੜ ਸਿੰਘ ਨੂੰ ਪਿੱਠ 'ਤੇ ਚੁੱਕ ਕੇ ਸੁਰੱਖਿਅਤ ਥਾਂ ਪਹੁੰਚਾ ਫਿਰ ਆ ਜੁਝਦੇ। ਕਿਸੇ ਸਿੰਘ ਨੂੰ ਚੰਗਾ ਹੱਥ ਦਿਖਾਂਦੇ ਦੇਖ ਹੱਲਾ-ਸ਼ੇਰੀ ਦੇ ਕੇ ਹੋਰ ਅੱਗੇ ਨਿਕਲ ਜਾਂਦੇ। ਬਸਤਰ ਸਾਰੇ ਲਹੂ ਨਾਲ ਭਰ ਗਏ ਸਨ। ਜਿਵੇਂ ਹੁਣੇ ਹੀ ਹੋਲੀ ਖੇਡ ਕੇ ਆਏ ਹੋਣ।

ਸਾਰੇ ਪੰਥ ਨੇ ਸਰਦਾਰ ਚੜ੍ਹਤ ਸਿੰਘ ਜੀ ਦੀ ਇਤਨੀ ਉਪਮਾ ਕੀਤੀ ਕਿ ਅਸੀਸਾਂ ਦੇਣ ਕਿ ਪਾਤਸ਼ਾਹੀ ਕਰੈਂ, ਲਾਹੌਰ ਮਾਰੈਂ, ਮੁਲਤਾਨ ਕਬਜ਼ਾ ਆਵੈ। ਕਸ਼ਮੀਰ ਕਾਬਲ ਤੱਕ ਹੁਕਮ ਚਲੇ । ਦੁਰਾਨੀ ਵੀ ਪੂਰੇ ਜ਼ੋਰਾਂ ਨਾਲ ਹਮਲਾ ਕਰ ਰਹੇ ਸਨ। ਅਬਦਾਲੀ ਦੀਆਂ ਫੌਜਾਂ ਦਾ ਇੱਕੋ ਹੀ ਨਿਸ਼ਾਨਾ ਸੀ ਕਿ ਸਿੰਘਾਂ ਦੀ ਫੌਜ ਨੂੰ ਚੀਰ ਕੇ ਸਾਰੇ ਵਹੀਰ ਨੂੰ ਸ਼ਹੀਦ ਕਰ ਦਿੱਤਾ ਜਾਵੇ। ਇਸ ਦੌਰਾਨ ਵਿੱਚ ਵਹੀਰ ਪੰਜ ਕੁ ਮੀਲ ਚਲ ਚੁੱਕਿਆ ਸੀ।ਇਸ ਘੱਲੂਘਾਰੇ ਵਿੱਚ ਹੁਿਸੈਨ ਸ਼ਾਹੀ, ਤਾਰੀਖ਼ੇ ਅਹਿਮਦ, ਸੋਹਣ ਲਾਲ, ਅਲੀ-ਉਦ-ਦੀਨ ਤੇ ਭਾਈ ਰਤਨ ਸਿੰਘ ਦੇ ਕਥਨ ਅਨੁਸਾਰ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ।

ਇਸ ਸਾਰੀ ਘਟਨਾ ਨੂੰ ਸਿੱਖ ਇਤਿਹਾਸ ਵਿੱਚ ਵੱਡਾ ਘੱਲੂਘਾਰਾ ਆਖ ਕੇ ਯਾਦ ਕੀਤਾ ਜਾਂਦਾ ਹੈ। ਛੋਟਾ ਘੱਲੂਘਾਰਾ ਜੂਨ, 1746 ਨੂੰ ਯਾਹੀਆ ਖ਼ਾਨ ਤੇ ਲਖਪਤ ਰਾਇ ਨੇ ਕੀਤਾ ਸੀ। ਛੋਟੇ ਘੱਲੂਘਾਰੇ ਵਿੱਚ 10 ਹਜ਼ਾਰ ਦੇ ਕਰੀਬ ਸਿੰਘ ਸ਼ਹੀਦ ਹੋਏ ਸਨ। ਇਸ ਘੱਲੂਘਾਰੇ ਵਿੱਚ, ਇਤਿਹਾਸਕਾਰ ਹੁਸੈਨ ਸ਼ਾਹੀ, ਤਾਰੀਖ਼ੇ ਅਹਿਮਦ, ਸੋਹਣ ਲਾਲ, ਅਲੀ-ਉਦ-ਦੀਨ ਤੇ ਭਾਈ ਰਤਨ ਸਿੰਘ ਦੇ ਕਥਨ ਅਨੁਸਾਰ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ। ਸਿੱਖ ਕੌਮ ਉੱਤੇ ਇਹ ਇੱਕ ਨਾ ਮਿਟਣ ਵਾਲੀ ਸੱਟ ਸੀ। ਅੱਧੀ ਕੌਮ ਇੱਕ ਦਿਨ 'ਚ ਸ਼ਹੀਦ ਹੋ ਗਈ ਪਰ ਸੰਸਾਰ ਨੇ ਹੈਰਾਨੀ ਨਾਲ ਪੜ੍ਹਿਆ ਅਤੇ ਇਤਿਹਾਸਕਾਰਾਂ ਲਿਖਿਆ ਕਿ ਸਿੱਖ ਨਾ ਸਿਰਫ਼ ਚੜ੍ਹਦੀ ਕਲਾ ਵਿੱਚ ਰਹੇ ਸਗੋਂ ਸ਼ੁਕਰ ਕੀਤਾ।

# ਕਿੱਥੋਂ ਆ ਰਹੇ ਹਨ ਪੰਜਾਬ ਦੇ ਗੈਂਗਸਟਰਾਂ ਕੋਲ ਧੜਾ ਧੜ ਹਥਿਆਰ



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.(ਰਿਟਾ)
ਮੋ. 9501100062

**ਪੁਲਿਸ ਵੱਲੋਂ ਇਸ ਇਲਾਕੇ ਵਿੱਚ ਲਗਾਤਾਰ ਰੇਡ ਕੀਤੇ ਜਾਂਦੇ ਹਨ। ਹੁਣ ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਹਥਿਆਰ ਬਰਾਮਦ ਹੋਏ ਹਨ ਤੇ ਸੈਂਕੜੇ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ ਪਰ ਧੰਦਾ ਲਗਾਤਾਰ ਜਾਰੀ ਹੈ। ਜੇ ਪਿਤਾ ਪਕੜਿਆ ਜਾਂਦਾ ਹੈ ਤਾਂ ਪੁੱਤਰ ਹਥਿਆਰ ਬਣਾਉਣੇ ਸ਼ੁਰੂ ਕਰ ਦੇਂਦਾ ਹੈ। 2023 ਵਿੱਚ ਮੱਧ ਪ੍ਰਦੇਸ਼ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ) ਨੇ ਇੱਕ ਡੋਜ਼ੀਅਰ ਤਿਆਰ ਕੀਤਾ ਸੀ ਜਿਸ ਦੇ ਮੁਤਾਬਕ ਮਾਉਵਾਦੀਆਂ ਸਮੇਤ ਸਿਕਲੀਗਰਾਂ ਦੇ ਹਥਿਆਰ ਭਾਰਤ ਦੇ 19 ਸੂਬਿਆਂ ਵਿੱਚ ਸਪਲਾਈ ਹੋ ਰਹੇ ਹਨ। ਇਸ ਡੋਜ਼ੀਅਰ ਵਿੱਚ ਹੀਰਾ ਸਿੰਘ, ਰਮੇਸ਼ ਸਿੰਘ ਅਤੇ ਕਿਸ਼ਨ ਸਿੰਘ ਵਰਗੇ ਉਸਤਾਦ ਕਾਰੀਗਰਾਂ ਸਮੇਤ ਅਜਿਹੇ 250 ਚੋਟੀ ਦੇ ਸਿਕਲੀਗਰਾਂ ਦੇ ਨਾਮ ਹਨ ਜਿਨ੍ਹਾਂ ਦੁਆਰਾ ਬਣਾਏ ਗਏ ਸ਼ਾਨਦਾਰ ਰਿਵਾਲਵਰ, ਸੈਮੀ ਆਟੋਮੈਟਿਕ ਪਿਸਟਲ ਤੇ ਕਾਰਬਾਈਨਾਂ ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ, ਦਿੱਲੀ, ਬਿਹਾਰ, ਮਹਾਰਾਸ਼ਟਰ ਅਤੇ ਪੰਜਾਬ ਦੇ ਗੈਂਗਸਟਰ ਕਿਸੇ ਵੀ ਕੀਮਤ 'ਤੇ ਲੈ ਲੈਂਦੇ ਹਨ। ਖਰੀਦਾਰ ਦੀ ਮੰਗ 'ਤੇ ਹਥਿਆਰ 'ਤੇ ਮੇਡ ਇੰਨ ਇੰਗਲੈਂਡ ਅਤੇ ਮੇਡ ਇੰਨ ਚਾਈਨਾ ਦੇ ਠੱਪੇ ਵੀ ਲਗਾ ਦਿੱਤੇ ਜਾਂਦੇ ਹਨ।**

ਪੰਜਾਬ ਵਿੱਚ ਰੋਜ਼ਾਨਾ ਕਿਸੇ ਨਾ ਕਿਸੇ ਜਿਲ੍ਹੇ ਦੀ ਪੁਲਿਸ ਵੱਲੋਂ ਦਰਜ਼ਨਾਂ ਦੇ ਹਿਸਾਬ ਹਥਿਆਰ, ਖਾਸ ਤੌਰ 'ਤੇ ਰਿਵਾਲਵਰ ਅਤੇ ਪਿਸਟਲ ਪਕੜੇ ਜਾ ਰਹੇ ਹਨ। ਅੱਜ ਤੋਂ 35 - 40 ਸਾਲ ਪਹਿਲਾਂ ਬਦਮਾਸ਼ਾਂ ਕੋਲ ਬਿਹਾਰ ਜਾਂ ਕਿਸੇ ਲੋਕਲ ਮਿਸਤਰੀ ਦੇ ਬਣੇ ਘਟੀਆ ਜਿਹੇ ਇੱਕ ਗੋਲੀ ਚਲਾਉਣ ਵਾਲੇ ਪਿਸਤੌਲ (ਕੱਟਾ) ਹੁੰਦੇ ਸਨ ਪਰ ਅੱਜ ਕਲ੍ਹ ਛੋਟਾ ਮੋਟਾ ਗੈਂਗਸਟਰ ਵੀ ਅੱਤ ਆਧੁਨਿਕ ਜ਼ਿਗਾਨਾ ਅਤੇ ਗਲੌਕ ਵਰਗੇ ਪਿਸਤੌਲ ਲਈ ਫਿਰਦਾ ਹੈ। ਉੱਤਰ ਪ੍ਰਦੇਸ਼ ਦੇ ਬਾਹੂਬਲੀ ਅਤੀਕ ਅਹਿਮਦ, ਉਸ ਦੇ ਭਰਾ ਅਸ਼ਰਫ ਤੇ ਬਾਬਾ ਸੱਦੀਕੀ ਦੀ ਹੱਤਿਆ ਵਾਸਤੇ ਤੁਰਕੀ ਦੀ ਬਣੀ ਜ਼ਿਗਾਨਾ ਪਿਸਤੌਲ ਵਰਤੀ ਗਈ ਸੀ। ਕੁਝ ਮਾਤਰਾ ਵਿੱਚ ਪਿਸਤੌਲ ਪਾਕਿਸਤਾਨ ਤੋਂ ਹੈਰੋਇਨ ਦੇ ਨਾਲ ਪਾਕਿਸਤਾਨ ਤੋਂ ਸਮਗਲ ਕੀਤੇ ਜਾ ਰਹੇ ਹਨ, ਪਰ ਬਾਰਡਰ 'ਤੇ ਸਖਤੀ ਹੋਣ ਕਾਰਨ ਹਥਿਆਰ ਸਮਗਲ ਕਰਨਾ ਬੇਹੱਦ ਔਖਾ ਹੋ ਗਿਆ ਹੈ। ਇਸ ਕਾਰਨ ਪਹਿਲਾਂ ਪਿਸਤੌਲ ਬਿਹਾਰ ਦੇ ਮੁੰਗੇਰ ਜਿਲ੍ਹੇ ਤੋਂ ਮੰਗਵਾਏ ਜਾਂਦੇ ਸਨ ਪਰ ਪਿਛਲੇ 6 - 7 ਸਾਲਾਂ ਤੋਂ ਮੱਧ ਪ੍ਰਦੇਸ਼ ਨਜ਼ਾਇਜ ਅਸਲ੍ਹੇ ਦੇ ਗੜ੍ਹ ਵਜੋਂ ਉੱਭਰਿਆ ਹੈ। ਉਥੋਂ ਦੇ ਬਣੇ ਵਧੀਆ ਕਿਸਮ ਦੇ ਰਿਵਾਲਵਰ ਅਤੇ ਪਿਸਟਲ ਚਾਲੀ ਪੰਜਾਹ ਹਜ਼ਾਰ ਤੱਕ ਅਸਾਨੀ ਨਾਲ ਮਿਲ ਜਾਂਦੇ ਹਨ ਤੇ ਕਾਰਕਰਦਗੀ, ਪਾਲਿਸ਼ ਅਤੇ ਫਿਨਿਸ਼ਿੰਗ ਵਿੱਚ ਜ਼ਿਗਾਨਾ ਅਤੇ ਗਲੌਕ ਨੂੰ ਵੀ ਮਾਤ ਪਾਉਂਦੇ ਹਨ।

ਸ਼ੁਰੂਆਤ ਵਿੱਚ ਸਿਰਫ ਸਥਾਨਕ ਕਿਸਾਨਾਂ ਵੱਲੋਂ ਕੱਟੇ ਖਰੀਦੇ ਜਾਂਦੇ ਸਨ ਤਾਂ ਜੋ ਰਾਤ ਵੇਲੇ ਖੇਤਾਂ ਦੀ ਰਾਖੀ ਕਰਨ ਸਮੇਂ ਲੁਟੇਰਿਆਂ ਤੋਂ ਸੁਰੱਖਿਅਤ ਰਹਿਣ। ਪਰ ਹੁਣ ਪੰਜਾਬ, ਮਹਾਰਾਸ਼ਟਰ, ਰਾਜਸਥਾਨ, ਉੱਤਰ ਪ੍ਰਦੇਸ਼, ਦਿੱਲੀ ਅਤੇ ਹਰਿਆਣਾ ਆਦਿ ਵਿੱਚ ਵੀ ਮੱਧ ਪ੍ਰਦੇਸ਼ ਦੇ ਅਸਲ੍ਹੇ ਦੀ ਭਾਰੀ ਮੰਗ ਹੈ। ਪੰਜਾਬ ਵਿੱਚ ਸਿਰਫ ਅਕਤੂਬਰ ਮਹੀਨੇ ਵਿੱਚ ਹੀ ਮੱਧ ਪ੍ਰਦੇਸ਼ ਦੇ ਬਣੇ 54 ਪਿਸਤੌਲ ਬਰਾਮਦ ਹੋ ਚੁੱਕੇ ਹਨ। ਮੱਧ ਪ੍ਰਦੇਸ਼ ਦੇ ਬਰਵਾਨੀ, ਧਾਰ, ਬੁਰਹਾਨਪੁਰ ਅਤੇ ਖਰਗੌਨ ਆਦਿ ਵਿੱਚ ਸੈਂਕੜੇ ਕਾਰੀਗਰ ਨਜ਼ਾਇਜ ਹਥਿਆਰ ਬਣਾ ਰਹੇ ਹਨ ਤੇ ਇਸ ਕਾਰੋਬਾਰ 'ਤੇ ਉਥੋਂ ਦੇ ਵਸਨੀਕ ਸਿਕਲੀਗਰ ਸਿੱਖਾਂ ਦਾ ਏਕਾਧਿਕਾਰ ਹੈ। ਪੁਰਾਣੇ ਸਮੇਂ ਵਿੱਚ ਉਹ ਰਾਜਿਆਂ ਮਹਾਰਾਜਿਆਂ ਦੀਆਂ ਫੌਜਾਂ ਵਾਸਤੇ ਤਲਵਾਰਾਂ, ਬਰਸ਼ੇ ਅਤੇ ਤੀਰ ਕਮਾਨ ਆਦਿ ਬਣਾਇਆ ਕਰਦੇ ਸਨ, ਪਰ ਸਮੇਂ ਦੇ ਬਦਲਣ ਨਾਲ ਉਹ ਵੀ ਆਧੁਨਿਕ ਹੋ ਗਏ ਹਨ। ਉਨ੍ਹਾਂ ਨੂੰ 32 ਬੋਰ, 9 ਮਿ.ਮੀ. ਅਤੇ 30 ਬੋਰ ਦੇ ਪਿਸਤੌਲ ਬਣਾਉਣ ਵਿੱਚ ਵਿਸ਼ੇਸ਼ ਮੁਹਾਰਤ ਹਾਸਲ ਹੈ। 32 ਬੋਰ ਦੀ ਜਿਆਦਾ ਮੰਗ ਹੈ ਕਿਉਂਕਿ ਇਸ ਦੀਆਂ ਗੋਲੀਆਂ ਅਸਾਨੀ ਨਾਲ ਕਿਸੇ ਵੀ ਲਾਇਸੈਂਸਧਾਰੀ ਜਾਂ ਅਸਲ੍ਹੇ ਦੀ ਦੁਕਾਨ ਤੋਂ ਦੋ ਨੰਬਰ ਵਿੱਚ ਮਿਲ ਸਕਦੀਆਂ ਹਨ। ਇਥੇ ਜੰਗਲਾਂ ਵਿੱਚ ਦੇਸੀ ਕਿਸਮ ਦੀਆਂ ਸ਼ੂਟਿੰਗ ਰੇਂਜਾਂ ਵੀ ਬਣੀਆਂ ਹੋਈਆਂ ਹਨ ਜਿੱਥੇ ਗਾਹਕ ਖਰੀਦਣ ਤੋਂ ਪਹਿਲਾਂ ਅਸਲ੍ਹਾ ਚੈੱਕ ਕਰ ਸਕਦੇ ਹਨ।

ਬਿਹਾਰ ਤੇ ਯੂ.ਪੀ. ਦੇ ਬਣੇ ਪਿਸਤੌਲਾਂ ਵਿੱਚ ਗਰਮ ਹੋਣਾ, ਗੋਲੀ ਫਸਣਾ, ਮਿੱਸ ਫਾਇਰ ਅਤੇ ਨਾਲੀ ਫਟਣਾ ਆਮ ਜਿਹੀ ਗੱਲ ਸੀ। ਪਰ ਮੱਧ ਪ੍ਰਦੇਸ਼ ਦੇ ਪਿਸਤੌਲਾਂ ਵਿੱਚ ਅਜਿਹੀ ਕੋਈ ਮੁਸ਼ਕਿਲ ਪੇਸ਼ ਨਹੀਂ ਆਉਂਦੀ। ਉਹ ਚੱਲਣ ਵਿੱਚ ਅਸਾਨ ਹਨ ਅਤੇ ਵਧੀਆ ਕਿਸਮ ਦੀ ਸਮਗਰੀ ਨਾਲ ਤਿਆਰ ਕੀਤੇ ਜਾਂਦੇ ਹਨ ਜੋ ਅਸਾਨੀ ਨਾਲ ਕਬਾੜੀਆਂ ਅਤੇ ਸਪੇਅਰ ਪਾਰਟਸ ਦੀਆਂ ਦੁਕਾਨਾਂ 'ਤੇ ਮੁਹੱਈਆ ਹੈ। ਰੇਲਵੇ ਦੀ ਕੰਡਮ ਪਟੜੀ, ਬੱਸਾਂ ਟਰੱਕਾਂ ਦੇ ਇੰਜਣਾਂ ਦੀ ਕਰੈਂਕ ਸ਼ਾਫਟ ਅਤੇ ਕਮਾਨੀਆਂ ਵਰਗੇ ਮਜ਼ਬੂਤ ਅਤੇ ਲਚਕਦਾਰ ਇਸਪਾਤ ਤੋਂ ਤਿਆਰ ਕੀਤੇ ਗਏ ਇਹ ਪਿਸਤੌਲ ਬਹੁਤ ਹੀ ਕਾਰਗਰ ਹਨ। ਕਾਰੀਗਰਾਂ ਤੋਂ ਹਥਿਆਰ ਖਰੀਦਣ ਤੋਂ ਬਾਅਦ ਗਾਹਕ ਲੱਭਣ ਦੀ ਜ਼ਿੰਮੇਵਾਰੀ ਦਲਾਲਾਂ ਦੀ ਹੈ ਕਿਉਂਕਿ ਉਨ੍ਹਾਂ ਦੇ ਸੰਗਠਿਤ ਅਪਰਾਧੀਆਂ ਨਾਲ ਨਜ਼ਦੀਕੀ ਸਬੰਧ ਹੁੰਦੇ ਹਨ। ਦਲਾਲ ਗਾਹਕ ਨੂੰ ਸਿੱਧਾ ਜਾਂ ਪਾਂਡੀ ਰਾਹੀਂ ਹਥਿਆਰ ਪਹੁੰਚਾਉਂਦੇ ਹਨ। ਹਥਿਆਰ ਇਧਰੋਂ ਉਧਰ ਲੈ ਕੇ ਜਾਣ ਲਈ ਪਹਿਲਾਂ ਬੰਦਿਆਂ ਦੀ ਵਰਤੋਂ ਕੀਤੀ ਜਾਂਦੀ ਸੀ ਪਰ ਹੁਣ ਹਥਿਆਰ ਔਰਤਾਂ (ਪਾਂਡੀ) ਰਾਹੀਂ ਭੇਜੇ ਜਾਂਦੇ ਹਨ ਕਿਉਂਕਿ ਪੁਲਿਸ ਔਰਤਾਂ 'ਤੇ ਜਿਆਦਾ ਸ਼ੱਕ ਨਹੀਂ ਕਰਦੀ। ਗਾਹਕ ਤੋਂ ਪੈਸੇ ਐਡਵਾਂਸ ਵਿੱਚ ਹੀ ਖਾਤਿਆਂ ਵਿੱਚ ਪਵਾ ਲਏ ਜਾਂਦੇ ਹਨ। ਇਸ ਕੰਮ ਵਿੱਚ ਬਹੁਤ ਮੁਨਾਫਾ ਹੈ। ਕਾਰੀਗਰ ਨੂੰ ਵਧੀਆ ਕਿਸਮ ਦੇ ਪਿਸਤੌਲ ਦੇ ਪੰਦਰਾਂ ਵੀਹ ਹਜ਼ਾਰ, ਪਾਂਡੀ ਨੂੰ ਇੱਕ ਗੇੜੇ ਦੇ ਪੰਜ ਤੋਂ ਦਸ ਹਜ਼ਾਰ ਤੇ ਦਲਾਲ ਨੂੰ ਵੀਹ ਪੱਚੀ ਹਜ਼ਾਰ ਤੱਕ ਬਣ ਜਾਂਦੇ ਹਨ ਕਿਉਂਕਿ ਇੱਕ ਪਿਸਤੌਲ ਚਾਲੀ ਤੋਂ ਪੰਜਾਹ ਹਜ਼ਾਰ ਤੱਕ ਅਰਾਮ ਨਾਲ ਵਿਕ ਜਾਂਦਾ ਹੈ। ਦੇਸੀ ਕੱਟ ਦੀ ਕੀਮਤ 1000 - 1200 ਰੁਪਏ ਹੈ।



ਮਹਾਰਾਸ਼ਟਰ ਦੀ ਹੱਦ 'ਤੇ ਵੱਸੇ ਹੋਏ ਸਿਕਲੀਗਰਾਂ ਦੇ ਇਲਾਕੇ ਬੇਹੱਦ ਪੱਛੜੇ ਤੇ ਜੰਗਲਾਂ ਪਹਾੜਾਂ ਨਾਲ ਘਿਰੇ ਹੋਏ ਹਨ ਜਿਸ ਕਾਰਨ ਪੁਲਿਸ ਦਾ ਇਥੇ ਪਹੁੰਚਣਾ ਬਹੁਤ ਮਸ਼ਕਿਲ ਹੈ। ਚੰਗਾ ਕਾਰੀਗਰ ਸਿਰਫ ਹਥੌੜੇ ਛੈਣੀ ਦੀ ਮਦਦ ਨਾਲ ਇੱਕ ਕੱਟਾ ਦੋ ਤਿੰਨ ਦਿਨਾਂ ਵਿੱਚ ਤਿਆਰ ਕਰ ਲੈਂਦਾ ਹੈ। ਪਰ ਵਧੀਆ ਕਿਸਮ ਦੇ ਹਥਿਆਰ ਤਿਆਰ ਕਰਨ ਲਈ ਖਰਾਦ ਦੀ ਜਰੂਰਤ ਪੈਂਦੀ ਹੈ। ਅਜਿਹੀਆਂ ਵਰਕਸ਼ਾਪਾਂ ਦੂਰ ਦਰੇਡੇ ਜੰਗਲਾਂ ਵਿੱਚ ਸਥਾਪਿਤ ਕੀਤੀਆਂ ਗਈਆਂ ਹਨ ਤੇ ਖਰਾਦ ਨੂੰ ਚਲਾਉਣ ਲਈ ਤਿੰਨ ਚਾਰ ਵਰਕਸ਼ਾਪਾਂ ਵਾਲੇ ਮਿਲ ਕੇ ਸਾਈਲੈਂਟ ਜਨਰੇਟਰ ਖਰੀਦ ਲੈਂਦੇ ਹਨ ਤਾਂ ਜੋ ਪੁਲਿਸ ਉਨ੍ਹਾਂ ਦੀ ਅਵਾਜ਼ ਨਾ ਸੁਣ ਸਕੇ। ਇਸ ਵਕਤ ਪੱਚੀ ਤੀਹ ਹਜ਼ਾਰ ਸਿਕਲੀਗਰ ਕਾਰੀਗਰ ਇਸ ਕੰਮ ਵਿੱਚ ਲੱਗੇ ਹੋਏ ਹਨ ਤੇ ਇਹ ਇੱਕ ਕਿਸਮ ਦਾ ਘਰੇਲੂ ਉਦਯੋਗ ਬਣ ਗਿਆ ਹੈ। ਬਹੁਤਿਆਂ ਉੱਪਰ ਆਰਮਜ਼ ਐਕਟ ਦੇ 15, 15 - 20, 20 ਪਰਚੇ ਦਰਜ਼ ਹਨ ਤੇ ਉਹ ਕਈ ਪੀੜ੍ਹੀਆਂ ਤੋਂ ਇਹ ਕੰਮ ਕਰ ਰਹੇ ਹਨ। ਇਸ ਇਲਾਕੇ ਵਿੱਚ ਕੋਈ ਵੱਡਾ ਉਦਯੋਗ ਨਹੀਂ ਹੈ ਤੇ ਜ਼ਮੀਨ ਪਥਰੀਲੀ ਅਤੇ ਬੰਜਰ ਕਿਸਮ ਦੀ ਹੈ ਜਿਸ ਕਾਰਨ ਸਿਕਲੀਗਰ ਇਹ ਕੰਮ ਕਰਨ ਲਈ ਮਜ਼ਬੂਰ ਹਨ। ਇਥੇ ਇਹ ਵੀ ਵਰਨਣ ਯੋਗ ਹੈ ਕਿ ਜਦੋਂ ਕਿਸੇ ਵਿਗੜੇ ਬਦਮਾਸ਼ ਨੂੰ ਪੁਲਿਸ ਨੇ ਕਿਸੇ ਮੁਕੱਦਮੇ ਵਿੱਚ ਫਸਾਉਣਾ ਹੋਵੇ ਤਾਂ ਉਸ 'ਤੇ ਫਿੱਟ ਕਰਨ ਵਾਲਾ ਹਥਿਆਰ ਵੀ ਸਿਕਲੀਗਰਾਂ ਤੋਂ ਹੀ ਲੈਂਦੀ ਹੈ।

ਪੁਲਿਸ ਵੱਲੋਂ ਇਸ ਇਲਾਕੇ ਵਿੱਚ ਲਗਾਤਾਰ ਰੇਡ ਕੀਤੇ ਜਾਂਦੇ ਹਨ। ਹੁਣ ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਹਥਿਆਰ ਬਰਾਮਦ ਹੋਏ ਹਨ ਤੇ ਸੈਂਕੜੇ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ ਪਰ ਧੰਦਾ ਲਗਾਤਾਰ ਜਾਰੀ ਹੈ। ਜੇ ਪਿਤਾ ਪਕੜਿਆ ਜਾਂਦਾ ਹੈ ਤਾਂ ਪੁੱਤਰ ਹਥਿਆਰ ਬਣਾਉਣੇ ਸ਼ੁਰੂ ਕਰ ਦੇਂਦਾ ਹੈ। 2023 ਵਿੱਚ ਮੱਧ ਪ੍ਰਦੇਸ਼ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ) ਨੇ ਇੱਕ ਡੋਜ਼ੀਅਰ ਤਿਆਰ ਕੀਤਾ ਸੀ ਜਿਸ ਦੇ ਮੁਤਾਬਕ ਮਾਉਵਾਦੀਆਂ ਸਮੇਤ ਸਿਕਲੀਗਰਾਂ ਦੇ ਹਥਿਆਰ ਭਾਰਤ ਦੇ 19 ਸੂਬਿਆਂ ਵਿੱਚ ਸਪਲਾਈ ਹੋ ਰਹੇ ਹਨ। ਇਸ ਡੋਜ਼ੀਅਰ ਵਿੱਚ ਹੀਰਾ ਸਿੰਘ, ਰਮੇਸ਼ ਸਿੰਘ ਅਤੇ ਕਿਸ਼ਨ ਸਿੰਘ ਵਰਗੇ ਉਸਤਾਦ ਕਾਰੀਗਰਾਂ ਸਮੇਤ ਅਜਿਹੇ 250 ਚੋਟੀ ਦੇ ਸਿਕਲੀਗਰਾਂ ਦੇ ਨਾਮ ਹਨ ਜਿਨ੍ਹਾਂ ਦੁਆਰਾ ਬਣਾਏ ਗਏ ਸ਼ਾਨਦਾਰ ਰਿਵਾਲਵਰ, ਸੈਮੀ ਆਟੋਮੈਟਿਕ ਪਿਸਟਲ ਤੇ ਕਾਰਬਾਈਨਾਂ ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ, ਦਿੱਲੀ, ਬਿਹਾਰ, ਮਹਾਰਾਸ਼ਟਰ ਅਤੇ ਪੰਜਾਬ ਦੇ ਗੈਂਗਸਟਰ ਕਿਸੇ ਵੀ ਕੀਮਤ 'ਤੇ ਲੈ ਲੈਂਦੇ ਹਨ। ਖਰੀਦਾਰ ਦੀ ਮੰਗ 'ਤੇ ਹਥਿਆਰ 'ਤੇ ਮੇਡ ਇੰਨ ਇੰਗਲੈਂਡ ਅਤੇ ਮੇਡ ਇੰਨ ਚਾਈਨਾ ਦੇ ਠੱਪੇ ਵੀ ਲਗਾ ਦਿੱਤੇ ਜਾਂਦੇ ਹਨ।

ਪਿਛਲੇ ਸਮੇਂ ਵਿੱਚ ਸਿਕਲੀਗਰਾਂ ਦੁਆਰਾ ਤਿਆਰ ਕੀਤੇ ਗਏ ਹਥਿਆਰ ਕਈ ਸਨਸਨੀਖੇਜ਼ ਵਾਰਦਾਤਾਂ ਵਿੱਚ ਵਰਤੇ ਜਾ ਚੁੱਕੇ ਹਨ। 2009 ਵਿੱਚ ਯੂ.ਪੀ. ਦੀ ਐਸ.ਟੀ.ਐਫ. ਨੇ ਦਾਊਦ ਇਬਰਾਹੀਮ ਦਾ ਇੱਕ ਸ਼ੂਟਰ ਆਲਮਜ਼ੇਬ ਗ੍ਰਿਫਤਾਰ ਕੀਤਾ ਸੀ ਜਿਸ ਨੂੰ ਉਸ ਸਮੇਂ ਦੇ ਬੀ.ਜੇ.ਪੀ. ਐਮ.ਪੀ. ਵਰੁਣ ਗਾਂਧੀ ਦੀ ਹੱਤਿਆ ਦੀ ਸੁਪਾਰੀ ਦਿੱਤੀ ਗਈ ਸੀ। ਇੰਟੈਰੋਗੇਸ਼ਨ ਸਮੇਂ ਉਸ ਨੇ ਦੱਸਿਆ ਸੀ ਕਿ ਵਾਰਦਾਤ ਲਈ ਪਿਸਤੌਲ ਉਸ ਨੇ ਮਥੁਰਾ ਦੇ ਇੱਕ ਦਲਾਲ ਰਾਹੀਂ ਮੱਧ ਪ੍ਰਦੇਸ਼ ਦੇ ਬਰਵਾਨੀ ਜਿਲ੍ਹੇ ਦੇ ਇੱਕ ਸਿਕਲੀਗਰ ਤੋਂ ਖਰੀਦਿਆ ਸੀ। ਉਸੇ ਸਾਲ ਪਾਬੰਦੀਸ਼ੁਦਾ ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ (ਸਿਮੀ) ਦੇ ਮੈਂਬਰ ਇਸ਼ਤਿਆਕ ਅਹਿਮਦ ਨੇ ਮੱਧ ਪ੍ਰਦੇਸ਼ ਐਂਟੀ ਟੈਰੇਰਿਸਟ ਸਕੁਐਡ (ਏ.ਟੀ.ਐਸ) ਦੇ ਕਾਂਸਟੇਬਲ ਸੀਤਾ ਰਾਮ ਯਾਦਵ ਦੀ ਹੱਤਿਆ ਲਈ ਵਰਤਿਆ ਪਿਸਤੌਲ ਬੁਰਹਾਨਪੁਰ ਦੇ ਕਿਸੇ ਸਿਕਲੀਗਰ ਤੋਂ ਖਰੀਦਿਆ ਸੀ। 2008 ਦੇ ਅਹਿਮਦਾਬਾਦ ਸੀਰੀਅਲ ਬੰਬ ਧਮਾਕਿਆਂ ਦੇ ਮੁਲਜ਼ਮਾਂ ਅਤੇ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਦੋਸ਼ੀ ਗੈਂਗਸਟਰ ਸੰਤੋਸ਼ ਯਾਦਵ ਨੇ ਵੀ ਹਥਿਆਰ ਬਰਵਾਨੀ ਜਿਲ੍ਹੇ ਦੇ ਸਿਕਲੀਗਰਾਂ ਤੋਂ ਹੀ ਖਰੀਦੇ ਸਨ।

ਇਸ ਸਾਲ ਜਨਵਰੀ ਮਹੀਨੇ ਵਿੱਚ ਕੁਝ ਖੋਜੀ ਪੱਤਰਕਾਰਾਂ ਨੇ ਇਸ ਇਲਾਕੇ ਦਾ ਦੌਰਾ ਕੀਤਾ ਤਾਂ ਪਤਾ ਚੱਲਿਆ ਕਿ ਇੰਦੌਰ ਤੋਂ ਕਰੀਬ 150 ਕਿ.ਮੀ. ਦੂਰ ਵੱਸਿਆ ਉਮੈਰਤੀ ਪਿੰਡ ਨਜ਼ਾਇਜ ਅਸਲ੍ਹਾ ਬਣਾਉਣ ਅਤੇ ਵੇਚਣ ਲਈ ਸਭ ਤੋਂ ਵੱਡੀ ਮੰਡੀ ਵਜੋਂ ਉੱਭਰਿਆ ਹੈ। ਇਸ ਦਾ ਕਾਰਨ ਇਹ ਹੈ ਕਿ ਇਹ ਪਿੰਡ ਅਨੀਆਰ ਨਦੀ ਦੇ ਕਿਨਾਰੇ ਮਹਾਰਾਸ਼ਟਰ ਦੀ ਸਰਹੱਦ 'ਤੇ ਵੱਸਿਆ ਹੋਇਆ ਹੈ। ਜਦੋਂ ਪੁਲਿਸ ਦੀ ਰੇਡ ਹੁੰਦੀ ਹੈ ਤਾਂ ਅਸਲ੍ਹੇ ਦੇ ਕਾਰੋਬਾਰੀ ਅਰਾਮ ਨਾਲ ਦਰਿਆ ਪਾਰ ਕਰ ਕੇ ਮਹਾਰਾਸ਼ਟਰ ਪਹੁੰਚ ਜਾਂਦੇ ਹਨ। ਕਈ ਵਾਰ ਪੁਲਿਸ ਨੂੰ ਸਖਤ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਦੋ ਤਿੰਨ ਵਾਰ ਉਨ੍ਹਾਂ ਦੀ ਪਿਟਾਈ ਵੀ ਹੋ ਚੁੱਕੀ ਹੈ। ਕਈ ਵਾਰ ਤਾਂ ਸਕਿਉਰਟੀ ਜਮ੍ਹਾ ਕਰਵਾ ਕੇ ਹਥਿਆਰ ਕਿਰਾਏ 'ਤੇ ਵੀ ਦੇ ਦਿੱਤੇ ਜਾਂਦੇ ਹਨ। ਇਥੋਂ ਦੇ ਕਾਰੀਗਰ ਹਥਿਆਰ ਮਹਾਰਾਸ਼ਟਰ ਦੇ ਧੂਲੇ ਸ਼ਹਿਰ ਦੇ ਦਲਾਲਾਂ ਕੋਲ ਪਹੁੰਚਾ ਦਿੰਦੇ ਹਨ ਜਿੱਥੋਂ ਅੱਗੇ ਭਾਰਤ ਦੇ ਵੱਖ ਵੱਖ ਕੋਨਿਆਂ ਵਿੱਚ ਸਪਲਾਈ ਕਰ ਦਿੱਤੀ ਜਾਂਦੀ ਹੈ। ਮੱਧ ਪ੍ਰਦੇਸ਼ ਦੀ ਪੁਲਿਸ ਇਨ੍ਹਾਂ 'ਤੇ ਰੇਡ ਕਰ ਕੇ ਹਥਿਆਰ ਬਰਾਮਦ ਕਰਦੀ ਰਹਿੰਦੀ ਹੈ ਜੋ ਕੁੱਲ ਉਤਪਾਦ ਦਾ 2% ਤੋਂ ਵੱਧ ਨਹੀਂ ਹੈ। ਪੱਤਰਕਾਰਾਂ ਨੇ ਸਿਕਲੀਗਰ ਸਮਾਜ ਦੇ ਨੈਸ਼ਨਲ ਪ੍ਰਧਾਨ ਮਗਨ ਸਿੰਘ ਭਾਟੀਆ ਨਾਲ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਸਿਰਫ 10 - 12% ਲੋਕਾਂ ਦੇ ਕਾਰਨ ਹੀ ਸਾਰੇ ਸਮਾਜ ਦੀ ਬਦਨਾਮੀ ਹੋ ਰਹੀ ਹੈ। ਉਸ ਨੇ ਦੱਸਿਆ ਕਿ ਜੇ ਸਰਕਾਰ ਇਸ ਇਲਾਕੇ ਵਿੱਚ ਸੜਕਾਂ, ਬਿਜਲੀ ਅਤੇ ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕਰ ਦੇਵੇ ਤੇ ਉਦਯੋਗੀਕਰਨ ਕਰ ਕੇ ਨੌਕਰੀਆਂ ਦਾ ਪ੍ਰਬੰਧ ਕਰੇ ਤਾਂ ਇਹ ਲੋਕ ਵੀ ਮੁੱਖ ਧਾਰਾ ਵਿੱਚ ਸ਼ਾਮਲ ਹੋ ਸਕਦੇ ਹਨ। ਉਸ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਜੇ ਇਸ ਇਲਾਕੇ ਵਿੱਚ ਸਰਕਾਰੀ ਅਸਲ੍ਹਾ ਫੈਕਟਰੀਆਂ ਸਥਾਪਿਤ ਕੀਤੀਆਂ ਜਾਣ ਤਾਂ ਨਜਾਇਜ਼ ਧੰਦਿਆਂ ਵਿੱਚ ਲਿਪਤ ਵਿਅਕਤੀਆਂ ਦੀ ਕੁਸ਼ਲਤਾ ਦਾ ਲਾਭ ਉਠਾਇਆ ਜਾ ਸਕਦਾ ਹੈ।



# ਸ਼ਬਦਾਂ ਦੀ ਪਰਵਾਜ਼

## ਅੰਗਰੇਜ਼ੀ ਦਾ 'ਐਕਸਲ' (Axle) ਅਤੇ ਪੰਜਾਬੀ ਦਾ 'ਮੰਜਾ' ਸ਼ਬਦ ਕਿਵੇਂ ਬਣੇ?

### ('ਅਖਾੜਾ' ਸ਼ਬਦ ਦੇ ਪਰਿਪੇਖ ਵਿੱਚ)




ਜਸਵੀਰ ਸਿੰਘ ਪਾਬਲਾ

98884-03052.


ਅਸੀਂ ਦੇਖਿਆ ਹੈ ਕਿ 'ਅਖਾੜਾ' ਸ਼ਬਦ, ਦੋ ਸ਼ਬਦਾਂ: ਅਕਸ਼ਿ ਅਤੇ ਵਾਟ ਦੇ ਮੇਲ਼ ਨਾਲ਼ ਬਣਿਆ ਹੈ ਪਰ ਅਕਸ਼ਵਾਟ (ਅਕਸ਼+ਵਾਟ ) ਸ਼ਬਦ ਦੇ ਅਰਥ ਸ਼ਤਰੰਜ ਦੀ ਖੇਡ ਹਨ। ਅਕਸ਼ਵਾਟ ਵਿਚਲੇ ਪਹਿਲੇ ਸ਼ਬਦ ਅਕਸ਼ ਬਾਰੇ ਦੱਸਿਆ ਗਿਆ ਸੀ ਕਿ ਇਸ ਸ਼ਬਦ ਦੇ ਕਈ ਅਰਥ ਹਨ, ਜਿਨ੍ਹਾਂ ਵਿੱਚੋਂ ਇੱਕ ਅਰਥ ਸ਼ਤਰੰਜ ਦੀ ਖੇਡ ਨਾਲ਼ ਸੰਬੰਧਿਤ ਪਾਸੇ ਤੋਂ ਇਲਾਵਾ ਕਿਸੇ ਗੱਡੀ/ਗੱਡੇ ਜਾਂ ਵਾਹਨ ਆਦਿ ਦਾ ਧੁਰਾ ਵੀ ਹਨ।

ਪੁਰਾਤਨ ਸਮਿਆਂ ਵਿੱਚ ਆਵਾਜਾਈ ਲਈ ਗੱਡੀਆਂ ਜਾਂ ਗੱਡੇ ਆਦਿ ਹੀ ਵਰਤੇ ਜਾਇਆ ਕਰਦੇ ਸਨ, ਆਧੁਨਿਕ ਵਾਹਨਾਂ ਦਾ ਸਮਾਂ ਤਾਂ ਬਹੁਤ ਬਾਅਦ ਵਿੱਚ ਆਇਆ ਹੈ। ਗੱਡਿਆਂ ਤੋਂ ਵੀ ਪਹਿਲਾਂ ਮਨੁੱਖ ਪੈਦਲ ਜਾਂ ਵੱਧ ਤੋਂ ਵੱਧ ਕਿਸੇ ਪਸ਼ੂ, ਜਿਵੇਂ ਘੋੜਿਆਂ ਆਦਿ ਦੀਆਂ ਪਿੱਠਾਂ 'ਤੇ ਬੈਠ ਕੇ ਹੀ ਸਫ਼ਰ ਕਰਿਆ ਕਰਦਾ ਸੀ।

ਸੋ, ਉਹ ਚੀਜ਼ ਜਿਸ ਦੁਆਲ਼ੇ ਕਿਸੇ ਗੱਡੀ ਜਾਂ ਗੱਡੇ ਆਦਿ ਦੇ ਦੋਵੇਂ ਪਹੀਏ ਘੁੰਮਿਆ ਕਰਦੇ ਸਨ, ਨੂੰ ਧੁਰੀ ਆਖਿਆ ਜਾਂਦਾ ਸੀ। ਸੰਸਕ੍ਰਿਤ ਵਿੱਚ ਇਸੇ ਸ਼ਬਦ ਲਈ ਧੁਰੀ ਜਾਂ ਧੁਰੇ ਦੇ ਨਾਲ਼-ਨਾਲ਼ 'ਅਕਸ਼' ਸ਼ਬਦ ਵੀ ਵਰਤਿਆ ਜਾਂਦਾ ਰਿਹਾ ਹੈ। ਇਹਨਾਂ ਦੋਂਹਾਂ ਸ਼ਬਦਾਂ- ਅਕਸ਼ ਅਤੇ ਅੰਗਰੇਜ਼ੀ ਦੇ ਐਕਸਲ ਦੀਆਂ ਧੁਨੀਆਂ, ਬਣਤਰ, ਉਚਾਰਨ ਅਤੇ ਅਰਥਾਂ ਵਿੱਚ ਬਹੁਤ ਸਮਾਨਤਾ ਹੈ। ਇਸ ਦਾ ਕਾਰਨ ਇਹ ਹੈ ਕਿ ਇਹਨਾਂ ਦੋਂਹਾਂ ਭਾਸ਼ਾਵਾਂ ਦਾ ਪਿਛੋਕੜ ਮੁਢਲੀ ਆਰੀਆ ਭਾਸ਼ਾ ਨਾਲ਼ ਜੁੜਿਆ ਹੋਇਆ ਹੈ। ਈਰਾਨ ਦੀ ਮੂਲ ਭਾਸ਼ਾ ਫ਼ਾਰਸੀ ਸਮੇਤ ਇਹ ਦੋਵੇਂ ਭਾਸ਼ਾਵਾਂ ਅਰਥਾਤ ਸੰਸਕ੍ਰਿਤ ਅਤੇ ਅੰਗਰੇਜ਼ੀ ਵੀ ਆਰੀਆਨ ਭਾਸ਼ਾ-ਪਰਿਵਾਰ ਨਾਲ਼ ਹੀ ਸੰਬੰਧਿਤ ਹਨ। ਵੱਖ-ਵੱਖ ਆਰੀਅਨ ਭਾਸ਼ਾ-ਪਰਿਵਾਰ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਦੇ ਅਨੇਕਾਂ ਸ਼ਬਦਾਂ ਦੀ ਸਾਂਝ ਦਾ ਮੁੱਖ ਕਾਰਨ ਇਹਨਾਂ ਭਾਸ਼ਾਵਾਂ ਦਾ ਇਹ ਪਿਛੋਕੜ ਹੋਣਾ ਹੀ ਹੈ। ਐਕਸਲ (Axle) ਸ਼ਬਦ ਵਾਂਗ ਸੰਸਕ੍ਰਿਤ ਭਾਸ਼ਾ ਤੋਂ ਆਏ ਇਸੇ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਸ਼ਬਦ ਹਨ ਜਿਹੜੇ ਰੂਪ ਅਤੇ ਅਰਥਾਂ ਪੱਖੋਂ ਆਪਸ ਵਿੱਚ ਕਾਫ਼ੀ ਮੇਲ਼ ਖਾਂਦੇ ਹਨ। ਉਦਾਹਰਨ ਦੇ ਤੌਰ 'ਤੇ ਇੱਥੇ ਕੁਝ ਸ਼ਬਦ ਦੇਖੇ ਜਾ ਸਕਦੇ ਹਨ:

ਉਕਸ਼ਨ੍ (उक्षन्)= ਸਾਨ੍ਹ, ਔਕਸ (Ox)=ਬਲ਼ਦ; ਔਕਸਨ (Oxen)= ਬਲ਼ਦਾਂ ਅਤੇ ਬੈਲ/ ਬੁੱਲ (Bull) ਸ਼ਬਦਾਂ ਦੀ ਆਪਸੀ ਸਾਂਝ:

ਪੰਜਾਬੀ ਦੇ 'ਸਾਨ੍ਹ' ਸ਼ਬਦ ਨੂੰ ਹਿੰਦੀ ਵਿੱਚ ਸਾਂਢ (ਸਾਁੜ) ਆਖਿਆ ਜਾਂਦਾ ਹੈ ਜੋਕਿ ਮੂਲ ਰੂਪ ਵਿੱਚ ਸੰਸਕ੍ਰਿਤ ਦੇ ਉਕਸ਼ ਜਾਂ ਉਕਸ਼ਨ੍ ( उक्षन् ) ਸ਼ਬਦ ਤੋਂ ਬਣਿਆ ਹੋਇਆ ਹੈ। ਅੰਗਰੇਜ਼ੀ ਵਿੱਚ ਇਸੇ ਨੂੰ ਹੀ ਔਕਸ (Ox) ਆਖਿਆ ਜਾਂਦਾ ਹੈ ਅਤੇ ਇਸ ਦਾ ਬਹੁਵਚਨ ਰੂਪ "ਉਕਸ਼ਾਣ" (Oxen) ਹੈ। ਇਹ ਸਾਰੇ ਸ਼ਬਦ ਇੱਕ ਹੀ ਭਾਸ਼ਾ, ਮੂਲ ਆਰੀਅਨ ਭਾਸ਼ਾ ਤੋਂ ਆਏ ਹੋਏ ਹਨ। ਦਰਅਸਲ ਸੰਸਕ੍ਰਿਤ ਦੇ ਉਕਸ਼ਨ ਸ਼ਬਦ ਵਿਚਲੀ ਉ ਧੁਨੀ ਇੱਥੇ ਅੰਗਰੇਜ਼ੀ ਵਿੱਚ ਆ ਕੇ ਔ (O) ਧੁਨੀ ਵਿੱਚ ਬਦਲ ਗਈ ਹੈ ਅਤੇ ਕਸ਼ੈ ਅੱਖਰ ਅੰਗਰੇਜ਼ੀ ਦੇ ਐਕਸ (X) ਅੱਖਰ ਵਿੱਚ ਬਦਲ ਗਿਆ ਹੈ। ਅੰਗਰੇਜ਼ੀ ਦੇ ਬਹੁਵਚਨ ਸ਼ਬਦ ਵਾਲ਼ੇ ਰੂਪ ਔਕਸਨ (Oxen) ਵਿੱਚ ਤਾਂ ਸੰਸਕ੍ਰਿਤ ਦੇ ਉਕਸ਼/ ਉਕਸ਼ਨ/ਉਕਸ਼ਾਣ ਵਾਲ਼ੀ ਐੱਨ (N)ਦੀ ਧੁਨੀ ਵੀ ਸ਼ਾਮਲ ਹੈ। ਸ਼ਾਇਦ ਸੰਸਕ੍ਰਿਤ ਜਾਂ ਮੁਢਲੀ ਆਰੀਆ ਭਾਸ਼ਾ ਦੇ ਅਜਿਹੇ ਪ੍ਰਭਾਵ ਕਾਰਨ ਹੀ ਅੰਗਰੇਜ਼ੀ ਦੇ ਔਕਸ (Ox) ਸ਼ਬਦ ਦਾ ਬਹੁਵਚਨ ਬਣਾਉਣ ਸਮੇਂ ਰਵਾਇਤੀ s ਜਾਂ es ਅੱਖਰਾਂ ਦੀ ਥਾਂ en ਅੱਖਰਾਂ ਦੀ ਵਰਤੋਂ ਕੀਤੀ ਗਈ ਹੈ। ਸ਼ਾਇਦ ਇਸੇ ਕਾਰਨ ਹੀ ਅੰਗਰੇਜ਼ੀ ਭਾਸ਼ਾ ਵਾਲ਼ਿਆਂ ਨੇ ਮੁੱਢ-ਕਦੀਮੀ ਪਰੰਪਰਾ ਅਨੁਸਾਰ ਲਿਖੇ ਆ ਰਹੇ ਇਸ ਔਕਸਨ (oxen) ਸ਼ਬਦ ਦੇ ਇਸੇ ਰੂਪ ਨੂੰ ਹੀ ਬਰਕਰਾਰ ਰੱਖਿਆ ਹੈ। ਇਸੇ ਤਰ੍ਹਾਂ ਜਿਵੇਂਕਿ ਉੱਪਰ ਦੱਸਿਆ ਗਿਆ ਹੈ, ਹਿੰਦੀ/ਪੰਜਾਬੀ ਸ਼ਬਦਾਂ ਨਾਲ਼ ਸੰਬੰਧਿਤ ਬੈਲ (ਬਲ਼ਦ) ਸ਼ਬਦ ਅੰਗਰੇਜ਼ੀ ਦੇ ਬੁੱਲ (Bull) ਵਿੱਚ ਬਦਲ ਗਿਆ ਹੈ।



ਸਾਡੀਆਂ ਦੇਸੀ ਭਾਸ਼ਾਵਾਂ ਦੇ ਕੁਝ ਸ਼ਬਦ ਸਾਡੇ ਜੀਵਨ ਵਿੱਚ ਏਨੇ ਮਹੱਤਵਪੂਰਨ ਮੁੱਦਿਆਂ ਨਾਲ਼ ਸੰਬੰਧਿਤ ਹੁੰਦੇ ਹਨ ਅਤੇ ਸਾਡੇ ਨਿਤਾਪ੍ਰਤੀ ਦੇ ਜੀਵਨ ਨਾਲ਼ ਸੰਬੰਧਿਤ ਪ੍ਰਮੁੱਖ ਭੂਮਿਕਾਵਾਂ ਨਿਭਾਉਣ ਨਾਲ਼ ਜੁੜੇ ਹੋਏ ਹੁੰਦੇ ਹਨ ਕਿ ਉਹਨਾਂ ਵਿਚਲੇ ਕੁਝ ਅੱਖਰ ਜਾਂ ਧੁਨੀਆਂ ਵੀ ਉਸ ਸ਼ਬਦ ਦੇ ਅਰਥਾਂ ਨੂੰ ਵੱਖ-ਵੱਖ ਸ਼ਬਦਾਂ ਵਿੱਚ ਰੂਪਮਾਨ ਕਰ ਰਹੀਆਂ ਜਾਪਦੀਆਂ ਹਨ। ਅਜਿਹੇ ਹੀ ਸ਼ਬਦਾਂ ਵਿੱਚੋਂ ਇੱਕ ਸ਼ਬਦ ਹੈ- ਸੰਸਕ੍ਰਿਤ ਭਾਸ਼ਾ ਦਾ ਸ਼ਬਦ ਅਕਸ਼ਿ ਅਰਥਾਤ ਅੱਖ। ਅਕਸ਼ਿਵਾਟ ਸ਼ਬਦ ਵਿੱਚ ਤਾਂ ਪੂਰੇ 'ਅਕਸ਼ਿ' ਸ਼ਬਦ ਦੀ ਹੀ ਵਰਤੋਂ ਕਰ ਲਈ ਗਈ ਹੈ। ਪਿਛਲੇ ਲੇਖ ਵਿੱਚ "ਦੇਖਣ ਵਾਲ਼ੇ" ਜਾਂ "ਦਰਸ਼ਕ" ਸ਼ਬਦਾਂ ਦੀ ਵਾਰ-ਵਾਰ ਵਰਤੋਂ ਹੋਈ ਹੈ। ਇਹਨਾਂ ਦੋਂਹਾਂ ਸ਼ਬਦਾਂ ਵਿੱਚ ਖ (ਦੇਖਣ) ਅਤੇ ਸ਼ (ਦਰਸ਼ਕ) ਧੁਨੀਆਂ ਦੇ ਅਰਥ ਅੱਖਾਂ (ਅਕਸ਼ਿ) ਦੁਆਰਾ ਦੇਖਣ ਦੀ ਪ੍ਰਕਿਰਿਆ ਨਾਲ਼ ਹੀ ਸੰਬੰਧਿਤ ਹਨ। ਦੇਖ/ਦੇਖਣ ਸ਼ਬਦਾਂ ਵਿੱਚ ਖ ਦੀ ਧੁਨੀ ਕਸ਼ੈ (क्ष) ਧੁਨੀ ਦੇ ਖ ਧੁਨੀ ਵਿੱਚ ਬਦਲ ਜਾਣ ਕਾਰਨ ਹੋਂਦ ਵਿੱਚ ਆਈ ਹੈ ਅਤੇ ਦਰਸ਼ਕ ਸ਼ਬਦ ਵਿੱਚ ਸ਼ ਦੀ ਧੁਨੀ ਕਸ਼ੈ (ਕ+ਸ਼ੈ) ਅੱਖਰ ਵਿੱਚ ਸ਼ਾਮਲ ਸ਼ ਧੁਨੀ ਦੀ ਪ੍ਰਤਿਨਿਧਤਾ ਕਰ ਰਹੀ ਹੈ ਤੇ ਇਹ ਧੁਨੀ ਇੱਥੇ ਅਕਸ਼ਿ (ਅੱਖ) ਦੇ ਅਰਥਾਂ ਨੂੰ ਹੀ ਰੂਪਮਾਨ ਕਰ ਰਹੀ ਹੈ। ਇਸ ਲਈ ਦਰਸ਼ਕ ਸ਼ਬਦ ਵਿਚਲੀ ਸ਼ (ਅਕਸ਼ਿ ਵਿਚਲੀ ਸ਼ ਧੁਨੀ ਤੋਂ ਆਈ) ਧੁਨੀ ਦੇ ਅਰਥ ਵੀ ਇੱਥੇ "ਦੇਖਣ" ਸ਼ਬਦ ਵਿਚਲੀ ਖ ਧੁਨੀ ਦੇ ਅਰਥਾਂ ਵਾਂਗ ਅੱਖ ਹੀ ਹਨ। ਦਿਸ, ਦਿਸਦਾ, ਦਰਸਾਉਣਾ ਆਦਿ ਸ਼ਬਦਾਂ ਵਿੱਚ ਅਕਸ਼ਿ ਵਿਚਲੀ ਸ਼ ਦੀ ਧੁਨੀ ਲੋਕ-ਉਚਾਰਨ ਅਨੁਸਾਰ ਪੰਜਾਬੀ ਵਿੱਚ ਆ ਕੇ ਸ ਵਿੱਚ ਬਦਲ ਗਈ ਹੈ।

'ਮੰਚ' ਅਤੇ 'ਮੰਜਾ' ਸ਼ਬਦ ਕਿਵੇਂ ਬਣੇ?

ਇਸ ਲੇਖ ਵਿੱਚ ਇੱਕ ਹੋਰ ਸ਼ਬਦ 'ਮੰਚ' ਜਾਂ 'ਰੰਗ-ਮੰਚ' ਦਾ ਜ਼ਿਕਰ ਵੀ ਆਇਆ ਹੈ। 'ਮੰਚ' ਸ਼ਬਦ ਦਾ ਇਸ ਸ਼ਬਦ ਵਿਚਲੀਆਂ ਧੁਨੀਆਂ ਦੇ ਅਰਥਾਂ ਦੇ ਆਧਾਰ 'ਤੇ ਅਰਥ ਹੈ- ਕਿਸੇ ਥਾਂ ਦਾ ਉਹ ਭਾਗ ਜਿਸ ਨੂੰ ਧਰਤੀ ਦੇ ਪੱਧਰ ਤੋਂ ਰਤਾ ਉੱਚਾ ਚੁੱਕ ਕੇ ਬਣਾਇਆ ਗਿਆ ਹੋਵੇ (ਤਾਂਜੋ ਉਸ ਉੱਤੇ ਕੀਤੀਆਂ ਜਾਣ ਵਾਲ਼ੀਆਂ ਸਰਗਰਮੀਆਂ ਨੂੰ ਦੂਰ-ਦੂਰ ਤੱਕ ਬੈਠੇ ਲੋਕ ਅਸਾਨੀ ਨਾਲ਼ ਦੇਖ ਸਕਣ)। ਬਾਅਦ ਵਿੱਚ ਇਸੇ ਮੰਚ ਉੱਤੇ ਨਾਟਕ/ਡਰਾਮੇ ਆਦਿ ਕੀਤੇ ਜਾਣ ਕਾਰਨ ਇਸ ਨੂੰ ਰੰਗ-ਮੰਚ ਦਾ ਨਾਂ ਵੀ ਦੇ ਦਿੱਤਾ ਗਿਆ। ਦਿਲਚਸਪ ਗੱਲ ਇਹ ਹੈ ਕਿ ਇਸੇ ਮੰਚ ਸ਼ਬਦ ਤੋਂ ਹੀ ਪੰਜਾਬੀ ਭਾਸ਼ਾ ਦੇ ਇੱਕ ਅਹਿਮ ਸ਼ਬਦ 'ਮੰਜਾ' ਨੇ ਵੀ ਜਨਮ ਲਿਆ ਹੈ ਕਿਉਂਕਿ ਮੰਜਾ ਵੀ ਮੰਚ ਵਾਂਗ ਰਤਾ ਉੱਚਾ ਚੁੱਕ ਕੇ ਹੀ ਬਣਾਇਆ ਜਾਂਦਾ ਹੈ। ਇਸੇ ਕਾਰਨ ਸ਼ਬਦ-ਕੋਸ਼ਾਂ ਅਨੁਸਾਰ ਮੰਜਾ ਸ਼ਬਦ ਦੀ ਵਿਉਤਪਤੀ ਵੀ ਮੰਚ ਸ਼ਬਦ ਤੋਂ ਹੀ ਹੋਈ ਦੱਸੀ ਗਈ ਹੈ।

ਅਕਸ਼/ਅਕਸ਼ਿ ਸ਼ਬਦਾਂ ਦੇ ਅਰਥਾਂ ਵਿੱਚ ਸਿਹਾਰੀ ਦੀ ਭੂਮਿਕਾ:

ਹੁਣ ਤੱਕ ਅਸੀਂ ਦੇਖ ਹੀ ਚੁੱਕੇ ਹਾਂ ਕਿ ਅਕਸ਼ ਅਤੇ ਅਕਸ਼ਿ ਸ਼ਬਦਾਂ ਦੇ ਅਰਥਾਂ ਵਿੱਚ ਕੀ ਅੰਤਰ ਹੈ। ਇਹ ਅੰਤਰ ਅਕਸ਼ਿ ਸ਼ਬਦ ਵਿੱਚ ਲੱਗੀ ਹੋਈ ਸਿਹਾਰੀ (....ਬੱਸ ਰੱਤੀ ਕੁ ਫ਼ਰਕ ਮਰੋੜੀ ਦਾ" ਅਨੁਸਾਰ) ਹੀ ਪਾ ਰਹੀ ਹੈ। ਬਿਨਾਂ ਸਿਹਾਰੀ ਤੋਂ ਇਸ ਸ਼ਬਦ ਦੇ ਅਰਥ ਹਨ- ਗੱਡੀ/ਗੱਡੇ ਦਾ ਧੁਰਾ ਆਦਿ ਅਤੇ ਸਿਹਾਰੀ ਨਾਲ਼- ਅੱਖ ਜਾਂ ਮਨੁਖ ਦੀ ਦੇਖਣ-ਪ੍ਰਕਿਰਿਆ। ਇਸ ਤੋਂ ਸਿੱਧ ਹੁੰਦਾ ਹੈ ਕਿ ਸੰਸਕ੍ਰਿਤ ਮੂਲ ਦੀਆਂ ਹਿੰਦ-ਆਰੀਆਈ ਭਾਸ਼ਾਵਾਂ ਵਿੱਚ ਹਰ ਧੁਨੀ ਦਾ ਅਪਣਾ ਮਹੱਤਵ ਹੈ ਅਤੇ ਉਸ ਦੇ ਕੋਈ ਨਾ ਕੋਈ ਅਰਥ ਜ਼ਰੂਰ ਹੁੰਦੇ ਹਨ। ਕਈ ਵਾਰ ਤਾਂ ਅਜਿਹਾ ਵੀ ਹੁੰਦਾ ਹੈ ਕਿ ਇੱਕ ਹੀ ਸ਼ਬਦ ਦੇ ਦੋ ਜਾਂ ਕਈ ਵਾਰ ਤਿੰਨ ਜਾਂ ਚਾਰ ਅਰਥ ਵੀ ਹੁੰਦੇ ਹਨ। ਅਜਿਹੇ ਸ਼ਬਦਾਂ ਨੂੰ ਬਹੁਅਰਥਕ ਸ਼ਬਦ ਵੀ ਆਖਿਆ ਜਾਂਦਾ ਹੈ, ਜਿਵੇਂ: ਉੱਤਰ, ਘੜੀ, ਗੱਡੀ, ਨਿਰਮਾਣ ਆਦਿ। ਇਸ ਦਾ ਕਾਰਨ ਵੀ ਹਰ ਧੁਨੀ/ਅੱਖਰ ਦੇ ਇੱਕ, ਦੋ ਜਾਂ ਕਈ ਵਾਰ ਇਸ ਤੋਂ ਵੀ ਵੱਧ ਅਰਥਾਂ ਦਾ ਹੋਣਾ ਹੀ ਹੈ। ਅਕਸ਼ ਅਤੇ ਅਕਸ਼ਿ ਸ਼ਬਦਾਂ ਦੀ ਸ਼ਬਦ-ਬਣਤਰ/ਸ਼ਬਦਕਾਰੀ ਵਿੱਚ ਵੀ ਕਸ਼ੈ ਅੱਖਰ ਦੇ ਦੋ ਤੋਂ ਵੱਧ ਅਰਥ ਅਤੇ ਸਿਹਾਰੀ ਦੇ ਆਪਣੇ ਇੱਕ ਵਿਸ਼ੇਸ਼ ਅਰਥ ਹੀ ਅੰਤਰ ਪਾ ਰਹੇ ਹਨ (ਵਿਸਤ੍ਰਿਤ ਵੇਰਵਾ ਕਿਸੇ ਵੱਖਰੇ ਲੇਖ ਵਿੱਚ)।

ਅੰਤ ਵਿੱਚ ਇਹੋ ਹੀ ਆਖਿਆ ਜਾ ਸਕਦਾ ਹੈ ਕਿ ਅਖਾੜਾ ਸ਼ਬਦ ਭਾਵੇਂ ਅਕਸ਼ਿਵਾਟ ਤੋਂ ਬਣਿਆ ਹੋਵੇ ਤੇ ਭਾਵੇਂ ਅਕਸ਼ਾਰ ('ਮਹਾਨ ਕੋਸ਼' ਅਨੁਸਾਰ) ਸ਼ਬਦ ਤੋਂ, ਇਹਨਾਂ ਵਿੱਚ ਅੱਖ ਸ਼ਬਦ ਦੇ ਅਰਥ ਅਕਸ਼ਿ ਸ਼ਬਦ ਤੋਂ ਹੀ ਆਏ ਹਨ ਜਿਸ ਦੀ ਬਦੌਲਤ ਅਖਾੜਾ ਸ਼ਬਦ ਦਾ ਸੰਬੰਧ ਮੰਚ ਦੇ ਨਾਲ਼-ਨਾਲ਼ ਉਪਰੋਕਤ ਅਨੁਸਾਰ ਦਰਸ਼ਕਾਂ (ਦੇਖਣ ਵਾਲ਼ਿਆਂ) ਨਾਲ਼ ਵੀ ਜੁੜਿਆ ਹੋਇਆ ਹੈ ਕਿਉਂਕਿ ਦਰਸ਼ਕ ਸ਼ਬਦ ਵੀ ਅਕਸ਼ਿ (ਅੱਖ) ਤੋਂ ਹੀ ਬਣਿਆ ਹੋਇਆ ਹੈ। ਇਸ ਤੋਂ ਬਿਨਾਂ 'ਦਰਸ਼ਕ' ਸ਼ਬਦ ਵਿੱਚ ਪਿਛੇਤਰ ਦੇ ਰੂਪ ਵਿੱਚ ਲੱਗੀ ਹੋਈ 'ਕ' ਧੁਨੀ ਦੇ ਅਰਥ ਹਨ- ਵਾਲ਼ਾ, ਕਰਨ ਵਾਲ਼ਾ (ਕਰਤਰੀ ਨਾਂਵ ਬਣਾਉਣ ਵਾਲ਼ਾ); ਜਿਵੇਂ: ਚਾਲਕ (ਚਲਾਉਣ ਵਾਲ਼ਾ), ਅਧਿਆਪਕ (ਅਧਿਆਪਨ ਕਰਨ ਵਾਲ਼ਾ), ਸੰਪਾਦਕ (ਸੰਪਾਦਨ ਕਰਨ ਵਾਲ਼ਾ), ਲੇਖਕ (ਲਿਖਣ ਵਾਲ਼ਾ) ਆਦਿ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ 'ਅਕਸ਼ਿਵਾਟ' ਸ਼ਬਦ ਵਿਚਲੇ ਦੋ ਸ਼ਬਦਾਂ- ਅਕਸ਼ਿ (ਅੱਖ) ਅਤੇ ਵਾਟ (ਮੰਚ/ਘੇਰਾ) ਸ਼ਬਦਾਂ ਦੀ ਸ਼ਮੂਲੀਅਤ ਤੋਂ ਬਗ਼ੈਰ ਅਖਾੜਾ ਸ਼ਬਦ ਦੇ ਅਰਥ ਮੁਕੰਮਲ ਹੋ ਹੀ ਨਹੀਂ ਸਕਦੇ; ਘੱਟੋ-ਘੱਟ ਅਖਾੜਾ (ਅਕਸ਼ਿਵਾਟ) ਸ਼ਬਦ ਦੇ ਅਰਥ ਹਿੰਦੀ ਭਾਸ਼ਾ ਦੇ ਇੱਕ ਨਿਰੁਕਤਕਾਰ ਜਿਸ ਦਾ ਹਵਾਲਾ ਪਿਛਲੇ ਲੇਖ ਵਿੱਚ ਦਿੱਤਾ ਗਿਆ ਹੈ, ਦੇ ਅਨੁਸਾਰ "ਸ਼ਤਰੰਜ ਦੀ ਖੇਡ ਦਾ ਅਖਾੜਾ" ( ! ) ਤਾਂ ਬਿਲਕੁਲ ਹੀ ਨਹੀਂ ਹਨ। ਅਕਸ਼ਵਾਟ (ਸ਼ਤਰੰਜ ਜਾਂ ਪਾਸਿਆਂ ਦੀ ਖੇਡ) ਸ਼ਬਦ ਦੇ ਅਰਥ ਹੋਰ ਹਨ ਅਤੇ ਅਕਸ਼ਿਵਾਟ (ਅਖਾੜਾ) ਸ਼ਬਦ ਦੇ ਹੋਰ। ਦਰਅਸਲ ਸਮੇਂ ਦੇ ਬੀਤਣ ਨਾਲ਼ 'ਅਕਸ਼ਿਵਾਟ' ਸ਼ਬਦ ਵਿਚਲੀ ਸਿਹਾਰੀ ਹੁਣ ਇਸ ਵਿੱਚੋਂ ਅਲੋਪ ਹੋ ਚੁੱਕੀ ਹੈ ਜਿਸ ਕਾਰਨ ਉਪਰੋਕਤ ਲੇਖਕ ਇੱਕ ਬਹੁਤ ਵੱਡੇ ਭੁਲੇਖੇ ਦਾ ਸ਼ਿਕਾਰ ਹੋ ਗਿਆ ਹੈ।



# ਮਾਈਗ੍ਰੇਨ ਦੀ ਸਮੱਸਿਆ ਨੂੰ ਦੂਰ ਕਰਨ ਲਈ ਡਾਈਟ 'ਚ ਸ਼ਾਮਲ ਕਰੋ ਇਹ 5 ਚੀਜ਼ਾਂ

ਜ਼ਿਆਦਾ ਤਣਾਅ ਲੈਣ ਨਾਲ ਹਾਈ ਬਲੱਡ ਪ੍ਰੈਸ਼ਰ ਅਤੇ ਮਾਈਗ੍ਰੇਨ ਦੀ ਸਮੱਸਿਆ ਹੋ ਜਾਂਦੀ ਹੈ। ਮਾਈਗਰੇਨ ਹੋਣ 'ਤੇ ਕਦੇ ਸਿਰ 'ਚ ਹਲਕਾ ਜਿਹਾ ਦਰਦ ਹੁੰਦਾ ਹੈ ਅਤੇ ਕਦੇ ਤੇਜ਼ ਦਰਦ ਹੁੰਦਾ ਹੈ। ਇਹ ਦਰਦ ਕਈ ਵਾਰ ਅਸਹਿ ਹੋ ਜਾਂਦਾ ਹੈ। ਸਿਹਤ ਮਾਹਿਰਾਂ ਅਨੁਸਾਰ ਠੰਢ, ਮਾਨਸਿਕ ਤਣਾਅ, ਨਸਾਂ ਵਿੱਚ ਤਣਾਅ, ਥਕਾਵਟ, ਕਬਜ਼, ਨਸ਼ਾ, ਅਨੀਮੀਆ ਆਦਿ ਕਾਰਨ ਮਾਈਗ੍ਰੇਨ ਦੀ ਸਮੱਸਿਆ ਹੁੰਦੀ ਹੈ। ਜੇਕਰ ਤੁਸੀਂ ਵੀ ਮਾਈਗ੍ਰੇਨ ਦੇ ਮਰੀਜ਼ ਹੋ ਅਤੇ ਇਸ ਸਮੱਸਿਆ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ ਤਾਂ ਆਪਣੀ ਡਾਈਟ 'ਚ ਇਨ੍ਹਾਂ 5 ਚੀਜ਼ਾਂ ਨੂੰ ਜ਼ਰੂਰ ਸ਼ਾਮਲ ਕਰੋ। ਆਓ ਜਾਣਦੇ ਹਾਂ-

## ਡਾਰਕ ਚਾਕਲੇਟ



ਮਾਈਗ੍ਰੇਨ ਦੀ ਸਮੱਸਿਆ ਨੂੰ ਦੂਰ ਕਰਨ ਲਈ ਤੁਸੀਂ ਡਾਰਕ ਚਾਕਲੇਟ ਦਾ ਸੇਵਨ ਕਰ ਸਕਦੇ ਹੋ। ਇਸ 'ਚ ਮੈਗਨੀਸ਼ੀਅਮ ਹੁੰਦਾ ਹੈ, ਜੋ ਹਾਰਮੋਨਲ ਅਸੰਤੁਲਨ ਦੀ ਸਮੱਸਿਆ ਨੂੰ ਦੂਰ ਕਰਨ 'ਚ ਮਦਦ ਕਰਦਾ ਹੈ। ਇਸ ਦੇ ਸੇਵਨ ਨਾਲ ਸੋਜ ਵੀ ਘੱਟ ਹੁੰਦੀ ਹੈ। ਜੇਕਰ ਤੁਹਾਨੂੰ ਨਿਯਮਤ ਅੰਤਰਾਲ 'ਤੇ ਸਿਰ ਦਰਦ ਦੀ ਸਮੱਸਿਆ ਹੈ, ਤਾਂ ਡਾਰਕ ਚਾਕਲੇਟ ਜ਼ਰੂਰ ਖਾਓ।

## ਕੇਲਾ



ਕੇਲੇ ਦਾ ਸੇਵਨ ਕਰਨ ਨਾਲ ਸਰੀਰ ਵਿਚ ਤੁਰੰਤ ਊਰਜਾ ਦਾ ਸੰਚਾਰ ਹੁੰਦਾ ਹੈ। ਇਸ ਵਿੱਚ ਪੋਟਾਸ਼ੀਅਮ ਅਤੇ ਮੈਗਨੀਸ਼ੀਅਮ ਪਾਇਆ ਜਾਂਦਾ ਹੈ। ਪੋਟਾਸ਼ੀਅਮ ਭਰਪੂਰ ਭੋਜਨ ਖਾਣ ਨਾਲ ਹਾਈ ਬਲੱਡ ਪ੍ਰੈਸ਼ਰ ਕੰਟਰੋਲ 'ਚ ਰਹਿੰਦਾ ਹੈ। ਇਸ ਦੇ ਨਾਲ ਹੀ ਮੈਗਨੀਸ਼ੀਅਮ ਭਰਪੂਰ ਭੋਜਨ ਖਾਣ ਨਾਲ ਬਲੱਡ ਸ਼ੂਗਰ ਅਤੇ ਮਾਈਗ੍ਰੇਨ ਨੂੰ ਕੰਟਰੋਲ ਕਰਨ 'ਚ ਮਦਦ ਮਿਲਦੀ ਹੈ। ਇਸ ਦੇ ਲਈ ਜੇਕਰ ਮਾਈਗ੍ਰੇਨ ਦੀ ਸਮੱਸਿਆ ਹੈ ਤਾਂ ਕੇਲੇ ਦਾ ਸੇਵਨ ਕੀਤਾ ਜਾ ਸਕਦਾ ਹੈ। ਤੁਸੀਂ ਚਾਹੋ ਤਾਂ ਰੋਜ਼ਾਨਾ ਡਾਈਟ 'ਚ ਕੇਲੇ ਨੂੰ ਸ਼ਾਮਲ ਕਰ ਸਕਦੇ ਹੋ।

## ਸਮੁੰਦਰੀ ਭੋਜਨ



ਜੇਕਰ ਤੁਸੀਂ ਮਾਈਗ੍ਰੇਨ ਦੀ ਸਮੱਸਿਆ ਨੂੰ ਦੂਰ ਕਰਨਾ ਚਾਹੁੰਦੇ ਹੋ ਤਾਂ ਸਮੁੰਦਰੀ ਭੋਜਨ ਨੂੰ ਡਾਈਟ 'ਚ ਜ਼ਰੂਰ ਸ਼ਾਮਲ ਕਰੋ। ਇਸ ਦੇ ਲਈ ਹਫਤੇ 'ਚ ਦੋ ਵਾਰ ਟੂਨਾ, ਸਾਲਮਨ ਫਿਸ਼ ਸਮੇਤ ਸਮੁੰਦਰੀ ਭੋਜਨ ਖਾਓ। ਇਸ 'ਚ ਓਮੇਗਾ-3 ਫੈਟੀ ਐਸਿਡ ਅਤੇ ਐਂਟੀ-ਇੰਫਲੇਮੇਟਰੀ ਗੁਣ ਪਾਏ ਜਾਂਦੇ ਹਨ, ਜੋ ਮਾਈਗ੍ਰੇਨ 'ਚ ਮਦਦਗਾਰ ਸਾਬਤ ਹੁੰਦੇ ਹਨ।

## ਬਦਾਮ



ਮਾਈਗ੍ਰੇਨ ਦੀ ਸਮੱਸਿਆ ਨੂੰ ਦੂਰ ਕਰਨ ਲਈ ਰੋਜ਼ਾਨਾ ਬਦਾਮ ਖਾਓ। ਇਸ ਨਾਲ ਯਾਦ ਸ਼ਕਤੀ ਵਧਦੀ ਹੈ। ਇਸ ਦੇ ਨਾਲ ਹੀ ਮਨ ਤਿੱਖਾ ਹੋ ਜਾਂਦਾ ਹੈ। ਇਸ ਵਿੱਚ ਮੈਗਨੀਸ਼ੀਅਮ ਪਾਇਆ ਜਾਂਦਾ ਹੈ। ਇਸ ਨਾਲ ਤਣਾਅ ਘੱਟ ਹੁੰਦਾ ਹੈ। ਇਸ ਦੇ ਲਈ ਮਾਈਗ੍ਰੇਨ ਦੇ ਮਰੀਜ਼ਾਂ ਨੂੰ ਬਦਾਮ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ।

## ਆਂਵਲੇ ਦਾ ਜੂਸ



ਮਾਈਗ੍ਰੇਨ ਦੀ ਸਮੱਸਿਆ ਨੂੰ ਦੂਰ ਕਰਨ ਲਈ ਤੁਸੀਂ ਆਂਵਲੇ ਦੇ ਜੂਸ ਦਾ ਸੇਵਨ ਵੀ ਕਰ ਸਕਦੇ ਹੋ। ਇਸ 'ਚ ਸਾਰੇ ਜ਼ਰੂਰੀ ਪੋਸ਼ਕ ਤੱਤ ਪਾਏ ਜਾਂਦੇ ਹਨ, ਜੋ ਮਾਈਗ੍ਰੇਨ 'ਚ ਫਾਇਦੇਮੰਦ ਹੁੰਦੇ ਹਨ। ਇਸ ਦੇ ਲਈ ਮਾਈਗ੍ਰੇਨ ਦੇ ਰੋਗੀਆਂ ਨੂੰ ਆਂਵਲਾ ਜਾਂ ਐਲੋਵੇਰਾ ਜੂਸ ਦਾ ਸੇਵਨ ਕਰਨਾ ਚਾਹੀਦਾ ਹੈ।

# ਤੇ ਮਨੁੱਖਤਾ ਰੋ ਪਈ

ਹਰ ਰੋਜ਼ ਵਾਂਗ ਉਹ ਕੁੱਤਾ, ਅੱਜ ਵੀ ਉਸ ਕੋਲੋਂ ਖਾਣ ਲਈ ਰੋਟੀ ਮੰਗ ਰਿਹਾ ਹੈ। ਪਰ ਰੋਟੀ ਹੁੰਦਿਆਂ ਵੀ ਉਸ ਨੂੰ ਦੁਰਕਾਰ ਦਿੱਤਾ ਗਿਆ, ਹਰ ਰੋਜ਼ ਵਾਂਗ ਹੀ।

ਤੇ ਫਿਰ ਇੰਨੇ ਮੀਂਹ ਪਏ ਕਿ ਨਹਿਰਾਂ ਦੇ ਪਾਣੀਆਂ 'ਚ ਉਛਾਲਾ ਆ ਗਿਆ। ਤੇ ਪਾਣੀ "ਹੜ੍ਹ ਬਣ ਕੇ ਹੋਰਨਾਂ ਘਰਾਂ ਵਾਂਗਰ ਉਸ ਦਾ ਵੀ ਸਭ ਕੁਝ ਰੋੜ ਕੇ ਲੈ ਗਿਆ। ਉਹ ਕਈ ਦਿਨਾਂ ਦਾ ਭੁੱਖਾ ਉੱਚੀ ਜਗ੍ਹਾ ਚੜਿਆ ਬੈਠਾ ਭੁੱਖ ਨਾਲ ਵਿਲਕ ਰਿਹਾ ਸੀ। ਅਚਾਨਕ ਹੀ ਉਸ ਨੇ ਕੁੱਤੇ ਦੇ ਮੂੰਹ ਰੋਟੀ ਦਾ ਟੁਕੜਾ ਦੇਖਿਆ। ਜਿਵੇਂ ਉਸਦੀ ਭੁੱਖ ਹੋਰ ਚਮਕ ਉੱਠੀ। ਉਹ ਕੁੱਤੇ ਨੂੰ ਪੁਚਕਾਰ ਕੇ ਰੋਟੀ ਦਾ ਟੁਕੜਾ ਮੰਗਣ ਲੱਗਿਆ। ਕੁੱਤੇ ਨੇ ਪੂਰੇ ਦਾ ਪੂਰਾ ਟੁਕੜਾ ਉਸ ਦੇ ਹੱਥ ਤੇ ਧਰ ਦਿੱਤਾ।

ਤੇ ਉਹ ਜਿਵੇਂ ਪਾਣੀ-ਪਾਣੀ ਹੋ ਕੇ ਸਾਰੇ ਦਾ ਸਾਰਾ ਵਹਿ ਤੁਰਿਆ।

ਦੇਵ ਤਲਵੰਡੀ



# ਪੰਜਾਬੀ ਸਿਨਮੇ ਦਾ ਸਫਲ ਕਾਮੇਡੀਅਨ ਕਰਮਜੀਤ ਅਨਮੋਲ


ਸੁਰਜੀਤ ਜੱਸਲ

9814607737


ਕਰਮਜੀਤ ਅਨਮੋਲ ਅੱਜ ਪੰਜਾਬੀ ਫ਼ਿਲਮਾਂ ਦਾ ਨੰਬਰ ਵੰਨ ਕਾਮੇਡੀਅਨ ਹੈ। ਇੱਕ ਦੌਰ ਸੀ ਜਦ ਮਿਹਰ ਮਿੱਤਲ ਬਿਨਾਂ ਫ਼ਿਲਮ ਬਣਾਉਣਾ ਘਾਟੇ ਦਾ ਸੌਦਾ ਹੁੰਦੀ ਸੀ। ਬਿਲਕੁਲ ਇਹੋ ਗੱਲ ਅੱਜ ਕਰਮਜੀਤ ਅਨਮੋਲ 'ਤੇ ਢੁਕਦੀ ਹੈ। ਅੱਜ ਜ਼ਿਆਦਾਤਰ ਪੰਜਾਬੀ ਫ਼ਿਲਮਾਂ ਵਿੱਚ ਕਰਮਜੀਤ ਦੀ ਅਦਾਕਾਰੀ ਵਿਸ਼ੇਸ਼ ਅਹਿਮੀਅਤ ਰੱਖਦੀ ਹੈ। ਦਰਸ਼ਕ ਉਸ ਦੀ ਅਦਾਕਾਰੀ ਦਾ ਹਰੇਕ ਰੰਗ ਮਾਣ ਚੁੱਕੇ ਹਨ ਭਾਵੇਂ ਉਹ ਮੰਜੇ ਬਿਸਤਰੇ ਵਾਲਾ ਸਾਧੂ ਹਲਵਾਈ ਹੋਵੇ, ਅਰਦਾਸ ਵਾਲਾ ਲਾਲਾ ਸ਼ੰਭੂ ਨਾਥ ਹੋਵੇ ਜਾਂ ਫਿਰ ਮਿਸਟਰ ਐਂਡ ਮਿਸਿਜ਼ 420 ਵਾਲੀ ਔਰਤ ਪਾਤਰ 'ਗੰਗਾ' ਹੋਵੇ , ਹਰੇਕ ਕਿਰਦਾਰ ਨੂੰ ਉਸ ਨੇ ਰੂਹ ਨਾਲ ਖੇਡਿਆ ਹੈ ਤੇ ਦਰਸ਼ਕਾਂ ਉਸ ਨੂੰ ਦਿਲੋਂ ਪਿਆਰ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਮੈਂ ਸਮਾਜ ਦੇ ਹਰੇਕ ਪਾਤਰ ਨੂੰ ਫ਼ਿਲਮੀ ਪਰਦੇ 'ਤੇ ਨਿਭਾਇਆ ਹੈ। ਇਹ ਪਾਤਰ ਉਸ ਦੇ ਆਲ਼ੇ ਦੁਆਲੇ ਹੀ ਹੁੰਦੇ ਹਨ। ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਉਹ ਕਲਾ ਦੀ ਰੰਗਤ ਦਿੰਦਾ ਹੈ। ਸਾਧੂ ਹਲਵਾਈ ਤਾਂ ਐਨਾ ਹਰਮਨ ਪਿਆਰਾ ਹੋਇਆ ਕਿ ਹੁਣ ਮੰਜੇ ਬਿਸਤਰੇ 2 ਵਿੱਚ ਵੀ ਦਰਸ਼ਕਾਂ ਨੇ ਪਸੰਦ ਕੀਤਾ ਹੈ। । ਗਿੱਪੀ ਗਰੇਵਾਲ ਵੀ ਸਾਧੂ ਬਾਬੇ ਦੇ ਕਿਰਦਾਰ ਵਾਲੀ ਕਾਮੇਡੀ ਤੋਂ ਬਹੁਤ ਪ੍ਰਭਾਵਿਤ ਰਿਹਾ ਹੈ। ਪਿਛਲੇ ਸਾਲ ਆਈਆਂ ਫ਼ਿਲਮਾਂ ' ਯਾਰ ਮੇਰਾ ਤਿਤਲੀਆਂ ਵਰਗਾ, ਹਨੀਮੂਨ ਆਦਿ ਉਸ ਨੇ ਆਪਣੀ ਕਾਮੇਡੀਅਨ ਪਛਾਣ ਨੂੰ ਹੋਰ ਗੂੜ੍ਹਾ ਕੀਤਾ ਹੈ।

ਕਰਮਜੀਤ ਅਨਮੋਲ ਗਾਇਕੀ ਅਤੇ ਫ਼ਿਲਮੀ ਪਰਦੇ ਦਾ ਇੱਕ ਸਰਗਰਮ ਕਲਾਕਾਰ ਹੈ। ਭਾਵੇਂ ਕਿ ਗਾਇਕੀ ਉਸ ਦਾ ਮੁੱਢਲਾ ਸ਼ੌਕ ਹੈ ਪਰ ਫ਼ਿਲਮੀ ਪਰਦੇ 'ਤੇ ਬਤੌਰ ਕਾਮੇਡੀਅਨ, ਅਦਾਕਾਰ ਉਸ ਦੀ ਪਛਾਣ ਵਧੇਰੇ ਬਣੀ ਹੈ। ਕੈਰੀ ਆਨ ਜੱਟਾ,ਜੱਟ ਐਂਡ ਜੂਲੀਅਟ, ਜੀਂਹਨੇ ਮੇਰਾ ਦਿਲ ਲੁੱਟਿਆ,ਡੈਡੀ ਕੂਲ ਮੁੰਡੇ ਫੂਲ, ਲੱਕੀ ਦੀ ਅਨਲੱਕੀ ਸਟੋਰੀ, ਡਿਸਕੋ ਸਿੰਘ, ਗੋਰਿਆਂ ਨੂੰ ਦਫ਼ਾ ਕਰੋ, ਅਰਦਾਸ, ਅੰਬਰਸਰੀਆ ,ਪ੍ਰਾਹੁਣਾ, ਅਫ਼ਸਰ, ਸੂਬੇਦਾਰ ਜੋਗਿੰਦਰ ਸਿੰਘ,ਦੋ ਦੂਣੀ ਪੰਜ, ਓ ਅ, ਲਾਟੂ, ਮਿਸਟਰ ਐਂਡ ਮਿਸਿਜ਼ 420 ਰਿਟਰਨ' ਆਦਿ 70 ਤੋਂ ਵੱਧ ਪੰਜਾਬੀ ਹਿੰਦੀ ਫ਼ਿਲਮਾਂ ਵਿੱਚ ਕੰਮ ਚੁੱਕਿਆ ਕਰਮਜੀਤ ਅਨਮੋਲ ਅੱਜ ਪੰਜਾਬੀ ਸਿਨਮੇ ਦਾ ਸਿਰਮੌਰ ਕਾਮੇਡੀਅਨ ਹੈ। ਵਿਸਾਖੀ ਮੌਕੇ ਰਿਲੀਜ਼ ਹੋ ਰਹੀ ਪੰਜਾਬੀ ਫ਼ਿਲਮ 'ਮੰਜੇ ਬਿਸਤਰੇ 2' ਬਾਰੇ ਉਸ ਨੇ ਦੱਸਿਆ ਕਿ ਪਹਿਲੀ ਫ਼ਿਲਮ ਪੰਜਾਬ ਦੇ ਪਹਿਲੇ ਸਮਿਆਂ ਵਿੱਚ ਵਿਆਹ ਸਮਾਗਮਾਂ ਮੌਕੇ ਮੇਲ-ਗੇਲ ਦੇ ਪੈਣ-ਬੈਠਣ ਲਈ ਪਿੰਡ 'ਚੋਂ ਮੰਜੇ-ਬਿਸਤਰੇ ਇਕੱਠੇ ਕਰਨ ਦੇ ਨਾਂ 'ਤੇ ਸੀ। ਜਿਸ ਨੂੰ ਦਰਸ਼ਕਾਂ ਪਸੰਦ ਹੀ ਬਹੁਤ ਕੀਤਾ ਕਿ ਹੁਣ ਇਸ ਦਾ ਸੀਕੁਅਲ 'ਮੰਜੇ ਬਿਸਤਰੇ 2' ਲੈ ਕੇ ਆਏ ਹਾਂ ਜਿਵੇਂ ਕਿ ਦਰਸ਼ਕ ਵੇਖ ਚੁੱਕੇ ਹਨ ਕਿ ਬਜ਼ੁਰਗ ਸਾਧੂ ਹਲਵਾਈ ਬਹੁਤ ਸ਼ਰਾਰਤੀ ਤੇ ਰੌਣਕੀ ਹੈ। ਇਸ 85 ਸਾਲ ਦੇ ਬਜ਼ੁਰਗ ਪਾਤਰ ਬਣਨ ਲਈ ਮੇਰੇ ਮੇਕਅਪ 'ਤੇ ਢਾਈ ਘੰਟੇ ਲੱਗਦੇ ਸੀ, ਫ਼ਿਲਮ 'ਚ ਮੇਰੇ ਚਿਹਰੇ 'ਤੇ ਝੁਰੜੀਆਂ ਵਿਖਾਈ ਦੇਣ ਲਈ ਇਹ ਮੇਕਅਪ 15 ਘੰਟੇ ਮੇਰੇ ਚਿਹਰੇ 'ਤੇ ਰਹਿੰਦਾ ਸੀ।

ਸੰਗਰੂਰ ਜ਼ਿਲ੍ਹੇ 'ਚ ਪੈਂਦੇ ਗੰਢੂਆਂ ਪਿੰਡ ਦਾ ਕਰਮਜੀਤ ਅਨਮੋਲ ਨਿੱਕਾ ਹੁੰਦਾ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀਆਂ ਲੋਕ ਗਾਥਾਵਾਂ ਸੁਣਦਾ ਹੁੰਦਾ ਸੀ। ਪਿਤਾ ਸਾਧੂ ਸਿੰਘ ਤੇ ਮਾਤਾ ਮੂਰਤੀ ਕੌਰ ਦੇ ਘਰ ਜੰਮਿਆਂ ਕਰਮਜੀਤ ਸਕੂਲ-ਕਾਲਜ ਦਿਨਾਂ 'ਚ ਉਹ ਵਧੀਆ ਗਾਉਣ ਲੱਗ ਪਿਆ। ਲੰਮੇ ਸੰਘਰਸ਼ ਤੋਂ ਬਾਅਦ ਭਗਵੰਤ ਮਾਨ ਅਤੇ ਜਰਨੈਲ ਘੁਮਾਣ ਦੇ ਸਹਿਯੋਗ ਨਾਲ ਬਤੌਰ ਗਾਇਕ ਆਪਣੀ ਪਲੇਠੀ ਕੈਸਟ 'ਆਸ਼ਿਕ ਭਾਜੀ' ਲੈ ਕੇ ਆਇਆ। ਗਾਇਕੀ ਦੇ ਸੰਘਰਸ਼ ਦੌਰਾਨ ਹੀ ਉਸ ਨੇ ਭਗਵੰਤ ਮਾਨ ਨਾਲ ਕਾਮੇਡੀ ਸ਼ੋਅ ਕਰਨੇ ਸ਼ੁਰੂ ਕੀਤੇ। ਐ ੱਮ ਐੱਚ ਵੰਨ 'ਤੇ ਚੱਲਦੇ ਲੜੀਵਾਰ 'ਜੁਗਨੂੰ ਹਾਜ਼ਰ ਹੈ' ਵਿੱਚ ਕਰਮਜੀਤ ਨੇ ਅਨੇਕਾਂ ਕਾਮੇਡੀ ਕਿਰਦਾਰ ਨਿਭਾਏ। ਭਗਵੰਤ ਮਾਨ ਨਾਲ ਦੇਸ ਵਿਦੇਸ਼ਾਂ ਵਿੱਚ ਅਨੇਕਾਂ ਸ਼ੋਅ ਕੀਤੇ, ਜਿਨ੍ਹਾਂ ਨਾਲ ਉਸ ਨੂੰ ਇੱਕ ਵੱਖਰੀ ਪਹਿਚਾਣ ਮਿਲੀ। ਇਸੇ ਪਹਿਚਾਣ ਕਰਕੇ ਉਸ ਨੂੰ ਫ਼ਿਲਮਾਂ ਵਿਚ ਕੰਮ ਕਰਨ ਦੇ ਮੌਕੇ ਮਿਲਣ ਲੱਗੇ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਕਰਮਜੀਤ ਫ਼ਿਲਮਾਂ ਤੇ ਗਾਇਕੀ ਖੇਤਰ ਦਾ ਇੱਕ ਸਰਗਰਮ ਕਲਾਕਾਰ ਹੈ। ਫ਼ਿਲਮਾਂ ਵੱਲ ਵਧਦਿਆਂ ਉਹ ਗਾਇਕੀ ਨਾਲ ਵੀ ਜੁੜਿਆ ਰਿਹਾ। ਉਸ ਨੇ ਸਭਿਆਚਾਰਕ ਤੇ ਮਿਆਰੀ ਗਾਇਕੀ ਨਾਲ ਆਪਣਾ ਵੱਖਰਾ ਮੁਕਾਮ ਹਾਸਲ ਕੀਤਾ। ਉਸ ਦੇ ਅਨੇਕਾਂ ਗੀਤ ਆਏ, ਐਲਬਮਾਂ ਆਈਆਂ ਜਿੰਨਾ ਨੇ ਉਸ ਦੀ ਸ਼ੁਹਰਤ ਨੂੰ ਚਾਰ ਚੰਨ ਲਾਏ। ਆਮ ਗੀਤਾਂ ਤੋਂ ਹਟ ਕੇ ਉਸ ਨੇ ਜਾਗਦੀਆਂ ਜ਼ਮੀਰ ਵਾਲੇ ਗੀਤ 'ਪਿੰਡ ਵਿਕਾਊ ਹੈ' ਅਤੇ 'ਕੁਰਸੀ' ਵੀ ਗਾਏ। ਚਰਚਿਤ ਗੀਤ 'ਰੋ ਰੋ ਨੈਣਾਂ ਨੇ' ਤੋਂ ਬਾਅਦ ਪੰਜਾਬੀ ਫ਼ਿਲਮ ' ਜੱਟ ਬੁਆਏਜ਼-ਪੁੱਤ ਜੱਟਾ ਦੇ' ਦੇ ਬੈਕ-ਗਰਾਊਂਡ ਗੀਤ 'ਯਾਰਾ ਓਏ...' ਨਾਲ ਕਰਮਜੀਤ ਇੱਕ ਵਾਰ ਫਿਰ ਚਰਚਾ ਵਿੱਚ ਆ ਗਿਆ ।ਕਰਮਜੀਤ ਫ਼ਿਲਮਾਂ ਦੇ ਨਾਲ ਨਾਲ ਗਾਇਕੀ ਨੂੰ ਵੀ ਬਰਾਬਰ ਸਮਾਂ ਦੇ ਰਿਹਾ ਹੈ। ਫ਼ਿਲਮਾਂ ਤੋਂ ਵਿਹਲਾ ਹੋ ਉਹ ਗਾਇਕੀ ਖੇਤਰ ਵਿੱਚ ਬਿਜ਼ੀ ਹੋ ਜਾਂਦਾ ਹੈ । ਉਸ ਦਾ ਇੱਕ ਵੱਖਰਾ ਸਰੋਤਾ ਵਰਗ ਹੈ। ਦਰਜਨਾਂ ਕੈਸੇਟਾਂ ਅਤੇ ਅਨੇਕਾਂ ਸੁਪਰਹਿੱਟ ਗਾਣੇ ਦੇਣ ਵਾਲੇ ਕਰਮਜੀਤ ਅਨਮੋਲ ਨਾਲ ਨਿਸ਼ਾ ਬਾਨੋ ਵੀ ਬਤੌਰ ਸਹਿ ਗਾਇਕਾ ਗਾ ਚੁੱਕੀ ਹੈ। ਨਿਸ਼ਾ ਨੂੰ ਫ਼ਿਲਮਾਂ ਵੱਲ ਵੀ ਕਰਮਜੀਤ ਨੇ ਹੀ ਪ੍ਰੇਰਿਤ ਕੀਤਾ। ਫ਼ਿਲਮਾਂ ਅਤੇ ਗਾਇਕੀ ਖੇਤਰ ਵਿੱਚ ਅਨੇਕਾਂ ਵੱਡੇ ਮਾਣ ਸਨਮਾਨ ਉਸ ਦੀ ਸੱਚੀ ਸੁੱਚੀ ਕਲਾ ਦੇ ਗਵਾਹ ਹਨ।

ਪੰਜਾਬੀ ਫ਼ਿਲਮਾਂ ਵਿਚ ਉਸ ਵੱਲੋਂ ਨਿਭਾਏ ਬਹੁਤੇ ਕਿਰਦਾਰ ਉਸ ਦੀ ਜ਼ਿੰਦਗੀ ਦੇ ਨੇੜੇ-ਤੇੜੇ ਹੀ ਹੁੰਦੇ ਹਨ। ਉਸ ਦੀ ਇਹ ਸਿਫ਼ਤ ਹੈ ਕਿ ਕਰਮਜੀਤ ਆਪਣਾ ਕਿਰਦਾਰ ਖ਼ੁਦ ਹੀ ਤਿਆਰ ਕਰਦਾ ਹੈ। ਕਰਮਜੀਤ ਦਾ ਪਿਛੋਕੜ ਪਿੰਡਾਂ ਦੇ ਕਲਚਰ ਨਾਲ ਜੁੜਿਆ ਰਿਹਾ ਹੈ। ਬਹੁਤੇ ਪਾਤਰ ਉਸ ਦੀ ਜ਼ਿੰਦਗੀ ਦਾ ਹਿੱਸਾ ਰਹੇ ਹਨ। ਅਜਿਹੇ ਪਾਤਰਾਂ ਨੂੰ ਫ਼ਿਲਮੀ ਪਰਦੇ 'ਤੇ ਨਿਭਾਉਂਦਿਆਂ ਉਸ ਨੂੰ ਚੰਗਾ ਲੱਗਦਾ ਹੈ। 'ਅਰਦਾਸ' ਫ਼ਿਲਮ ਵਿਚਲਾ ਲਾਲੇ ਸ਼ੰਭੂ ਨਾਥ ਦਾ ਕਿਰਦਾਰ ਉਸ ਦੀ ਜ਼ਿੰਦਗੀ ਦੇ ਬਹੁਤ ਨੇੜੇ ਹੈ। ਕਰਮਜੀਤ ਅਦਾਕਾਰੀ ਦੇ ਇਲਾਵਾ ਫ਼ਿਲਮ 'ਲਾਵਾਂ ਫੇਰੇ' ਨਾਲ ਬਤੌਰ ਨਿਰਮਾਤਾ ਵੀ ਅੱਗੇ ਆਇਆ। ਉਸ ਦਾ ਕਹਿਣਾ ਹੈ ਕਿ ਪੁਰਾਣੇ ਕਲਚਰ ਬਾਰੇ ਲਗਾਤਾਰ ਫ਼ਿਲਮਾਂ ਬਣਨੀਆਂ ਚੰਗੀ ਗੱਲ ਹੈ ਕਿਉਂਕਿ ਇਹ ਸਾਡੀ ਅੱਜ ਦੀ ਪੀੜ੍ਹੀ ਨੂੰ ਬੀਤੇ ਕੱਲ੍ਹ ਨਾਲ ਜੋੜਦੀਆਂ ਹਨ। ਬਤੌਰ ਨਿਰਮਾਤਾ ਉਸ ਨੇ ਸਾਲ 2018 ਦੀ ਸੁਪਰਹਿੱਟ ਫ਼ਿਲਮ 'ਲਾਵਾਂ ਫੇਰੇ' ਪੰਜਾਬੀ ਦਰਸ਼ਕਾਂ ਨੂੰ ਦਿੱਤੀ । ਬਤੌਰ ਨਾਇਕ ਉਸ ਨੇ ਮਿੰਦੋ ਤਹਿਸੀਲਦਾਰਨੀ ਵਿੱਚ ਯਾਦਗਾਰੀ ਕਿਰਦਾਰ ਨਿਭਾਏ। 'ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ' ਫ਼ਿਲਮ ਰਾਹੀਂ ਉਸ ਨੇ ਇੱਕ ਜ਼ੁੰਮੇਵਾਰ ਬਾਪ ਦੀ ਭੂਮਿਕਾ ਨਿਭਾਈ। ਫ਼ਿਲਮ 'ਲਾਵਾਂ ਫੇਰੇ' ਤੋਂ ਬਾਅਦ ਕਰਮਜੀਤ ਅਨਮੋਲ ਗਾਇਕ ਤੇ ਅਦਾਕਾਰ ਰੌਸ਼ਨ ਪ੍ਰਿੰਸ ਨਾਲ ਫ਼ਿਲਮ 'ਜੀ ਵਾਇਫ਼ ਜੀ' ਵਿੱਚ ਮੁੜ ਇਕੱਠੇ ਨਜ਼ਰ ਆ ਰਹੇ ਹਨ। ਇਸ ਨਵੀਂ ਫ਼ਿਲਮ ਬਾਰੇ ਗੱਲ ਕਰਦਿਆਂ ਕਰਮਜੀਤ ਅਨਮੋਲ ਨੇ ਦਿਸਿਆ ਕਿ ਪਤੀ ਪਤਨੀ ਦੀ ਨੋਕ ਝੋਕ ਵਾਲੀ ਇਹ ਫ਼ਿਲਮ ਮਨੋਰੰਜਨ ਦੇ ਨਾਲ ਨਾਲ ਸਮਾਜ ਨੂੰ ਚੰਗਾ ਮੈਸੇਜ ਵੀ ਦੇਵੇਗੀ। ਸਮਾਜਿਕ ਕਦਰਾਂ-ਕੀਮਤਾਂ ਦੀ ਗੱਲ ਕਰਦੀ ਪਰਿਵਾਰਕ ਵਿਸ਼ੇ ਦੀ ਕਹਾਣੀ ਅਧਾਰਿਤ ਇਸ ਫ਼ਿਲਮ ਵਿਚ ਪਤੀ ਪਤਨੀ ਦੇ ਪਿਆਰ ਅਤੇ ਨੋਕ ਝੋਕ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। ਫ਼ਿਲਮ ਦੀ ਕਹਾਣੀ ਉਨ੍ਹਾਂ ਮਰਦਾਂ ਅਧਾਰਿਤ ਹੈ ਜੋ ਬਾਹਰ ਤਾਂ ਥਾਣੇਦਾਰਾਂ ਵਾਲਾ ਰੋਹਬ ਮਾਰਦੇ ਹਨ ਪ੍ਰੰਤੂ ਆਪਣੀਆਂ ਪਤਨੀਆਂ ਅੱਗੇ ਭਿੱਜੀ ਬਿੱਲੀ ਬਣੇ ਜੀ ਵਾਇਫ਼ ਜੀ ਕਹਿੰਦੇ ਨਹੀਂ ਥੱਕਦੇ। ਪੰਜਾਬੀ ਸਿਨਮੇ ਦੇ ਅਜੋਕੇ ਦੌਰ ਵਿੱਚ ਇਹ ਫ਼ਿਲਮ ਦਰਸ਼ਕਾਂ ਨੂੰ ਮਨੋਰੰਜਨ ਦੇ ਨਵੇਂ ਸੰਸਾਰ ਨਾਲ ਜੋੜੇਗੀ। ਜਿੱਥੇ ਇਹ ਫ਼ਿਲਮ ਸਮਾਜ ਨੂੰ ਚੰਗਾ ਮੈਸੇਜ ਦੇ ਰਹੀ ਹੈ ਉੱਥੇ ਦਰਸ਼ਕਾਂ ਨੂੰ ਕਾਮੇਡੀ ਦੇ ਨਵੇਂ ਮਨੋਰੰਜਨ ਨਾਲ ਵੀ ਨਿਹਾਲ ਕਰ ਰਹੀ ਹੈ। ਇਸ ਫ਼ਿਲਮ ਦੇ ਨਿਰਮਾਤਾ ਰਾਜੀਵ ਸਿੰਗਲਾ ਤੇ ਪੁਨੀਤ ਸ਼ੁਕਲਾ ਹਨ, ਜਦਕਿ ਫ਼ਿਲਮ ਦੇ ਨਿਰਦੇਸ਼ਕ ਅਵਤਾਰ ਸਿੰਘ ਹਨ। ਅਵਤਾਰ ਸਿੰਘ ਪੰਜਾਬੀ ਸਿਨਮੇ ਦਾ ਇਕ ਨਾਮੀ ਨਿਰਦੇਸ਼ਕ ਹੈ ਜਿਸ ਨੇ ਅਨੇਕਾਂ ਚੰਗੀਆਂ ਫ਼ਿਲਮਾਂ ਪੰਜਾਬੀ ਸਿਨਮੇ ਦੀ ਝੋਲੀ ਪਾਈਆਂ ਹਨ। ਜ਼ਿਕਰਯੋਗ ਹੈ ਕਿ ਰੌਸ਼ਨ ਪ੍ਰਿੰਸ ਕਰਮਜੀਤ ਅਨਮੋਲ, ਹਰਬੀ ਸੰਘਾ, ਮਲਕੀਤ ਰੌਣੀ ਲਾਵਾਂ ਫੇਰੇ ਤੋਂ ਬਾਅਦ ਇਸ ਫ਼ਿਲਮ ਰਾਹੀਂ ਇੱਕ ਵਾਰ ਮੁੜ ਇਕੱਠੇ ਕੰਮ ਕਰਦੇ ਨਜ਼ਰ ਆ ਰਹੇ ਹਨ। ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਫ਼ਿਲਮ ਮਨੋਰੰਜਨ ਦਾ ਨਵਾਂ ਖ਼ਜ਼ਾਨਾ ਹੈ। ਇਸ ਫ਼ਿਲਮ ਵਿੱਚ ਰੌਸ਼ਨ ਪ੍ਰਿੰਸ ਤੇ ਕਰਮਜੀਤ ਅਨਮੋਲ ਤੋਂ ਇਲਾਵਾ ਅਨੀਤਾ ਦੇਵਗਨ, ਸਰਦਾਰ ਸੋਹੀ, ਨਿਸ਼ਾ ਬਾਨੋ, ਸਾਕਸ਼ੀ ਮਾਗੋਂ, ਹਰਬੀ ਸੰਘਾ, ਅਨੀਤਾ ਸਬਦੀਸ਼, ਪ੍ਰੀਤ ਆਨੰਦ, ਏਕਤਾ ਗੁਲਾਟੀ ਖੇੜਾ, ਲੱਕੀ ਧਾਲੀਵਾਲ, ਮਲਕੀਤ ਰੌਣੀ, ਗੁਰਤੇਗ ਗੁਰੀ, ਜੱਸੀ ਮਾਨ, ਦੀਪਿਕਾ ਅੱਗਰਵਾਲ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੀ ਕਹਾਣੀ ਅਵਤਾਰ ਸਿੰਘ ਤੇ ਅਮਨ ਸਿੱਧੂ ਨੇ ਲਿਖੀ ਹੈ ਤੇ ਸਕਰੀਨ ਪਲੇਅ ਅਮਨ ਸਿੱਧੂ ਨੇ ਲਿਖਿਆ ਹੈ। ਡਾਇਲਾਗ ਭਿੰਦੀ ਤੋਲਾਵਾਲ ਤੇ ਅਮਨ ਸਿੱਧੂ ਨੇ ਲਿਖੇ ਹਨ।

ਰਾਜੀਵ ਸਿੰਗਲਾ ਪ੍ਰੋਡਕਸ਼ਨ, ਅਰਪੀਨਾ ਬਿਜ਼ਨੈੱਸ ਵੈਨਚਿਅਰਜ਼ ਅਤੇ ਆਰ ਆਰ ਰਿਕਾਰਡਜ਼ ਦੀ ਸਾਂਝੀ ਪੇਸ਼ਕਸ਼ ਇਸ ਫ਼ਿਲਮ ਦੇ ਐਗਜ਼ੀਕਿਊਟਰ ਪ੍ਰੋਡਿਊਸਰ ਰਾਜਿੰਦਰ ਕੁਮਾਰ ਗਾਗਾਹਰ ਤੇ ਕਰੇਟਿਵ ਪ੍ਰੋਡਿਊਸਰ ਇੰਦਰ ਬਾਂਸਲ ਹਨ। ਫ਼ਿਲਮ ਦੇ ਗੀਤ ਰੋਸ਼ਨ ਪ੍ਰਿੰਸ, ਗੁਰਲੇਜ਼ ਅਖ਼ਤਰ, ਨਿਸ਼ਾ ਬਾਨੋ,ਜੱਗੀ ਜਾਗੋਵਾਲ ਜੱਸੀ ਮਾਨ ਨੇ ਗਾਏ ਹਨ।







ਕਰਮਜੀਤ ਫ਼ਿਲਮਾਂ ਦੇ ਨਾਲ ਨਾਲ ਗਾਇਕੀ ਨੂੰ ਵੀ ਬਰਾਬਰ ਸਮਾਂ ਦੇ ਰਿਹਾ ਹੈ। ਫ਼ਿਲਮਾਂ ਤੋਂ ਵਿਹਲਾ ਹੋ ਉਹ ਗਾਇਕੀ ਖੇਤਰ ਵਿੱਚ ਬਿਜ਼ੀ ਹੋ ਜਾਂਦਾ ਹੈ । ਉਸ ਦਾ ਇੱਕ ਵੱਖਰਾ ਸਰੋਤਾ ਵਰਗ ਹੈ। ਦਰਜਨਾਂ ਕੈਸੇਟਾਂ ਅਤੇ ਅਨੇਕਾਂ ਸੁਪਰਹਿੱਟ ਗਾਣੇ ਦੇਣ ਵਾਲੇ ਕਰਮਜੀਤ ਅਨਮੋਲ ਨਾਲ ਨਿਸ਼ਾ ਬਾਨੋ ਵੀ ਬਤੌਰ ਸਹਿ ਗਾਇਕਾ ਗਾ ਚੁੱਕੀ ਹੈ। ਨਿਸ਼ਾ ਨੂੰ ਫ਼ਿਲਮਾਂ ਵੱਲ ਵੀ ਕਰਮਜੀਤ ਨੇ ਹੀ ਪ੍ਰੇਰਿਤ ਕੀਤਾ। ਫ਼ਿਲਮਾਂ ਅਤੇ ਗਾਇਕੀ ਖੇਤਰ ਵਿੱਚ ਅਨੇਕਾਂ ਵੱਡੇ ਮਾਣ ਸਨਮਾਨ ਉਸ ਦੀ ਸੱਚੀ ਸੁੱਚੀ ਕਲਾ ਦੇ ਗਵਾਹ ਹਨ।

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਬਰਾੜ ਪਰਿਵਾਰ ਦੇ ਪੱਗ ਬੰਨਦੇ ਵੈਜੀਟੇਰੀਅਨ ਲੜਕੇ ਉਮਰ 29 ਸਾਲ, ਕੱਦ 5 ਫੁੱਟ 10 ਇੰਚ,5 ਕਿੱਲੇ ਜ਼ਮੀਨ ਦੇ ਮਾਲਕ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿੱਚ ਰਹਿੰਦਾ ਹੈ। ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਹੋਲਡਰ ਲੜਕੀ ਨੂੰ ਪਹਿਲ, ਮੋਬਾਇਲ ਨੰ: 289 659 5681 **262**

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ, ਉਮਰ 31 ਕੱਦ 5 ਫੁੱਟ 8 ਇੰਚ, ਇਲੈਕਟ੍ਰਾਨਿਕਸ ਇੰਜਨੀਅਰਿੰਗ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਅਲਬਰਟਾ ਸੂਬੇ ਵਿੱਚ ਰਹਿੰਦਾ ਹੈ।ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ - 587 578 6700 ਜਾਂ 587 378 6700 ***266***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਸਿੱਖ ਕਸ਼ਪ ਰਾਜਪੂਤ, 34 ਸਾਲ, 5 ਫੁੱਟ 2 ਇੰਚ, ਤਲਾਕਸ਼ੁਦਾ(ਨੋ ਕਿਡ), ਬੀ ਫਾਰਮੇਸੀ (ਇੰਡੀਆ), ਪੋਸਟ ਗ੍ਰੈਜੂਏਟ ਡਿਪਲੋਮਾ ਹੋਲਡਰ (ਕਨੇਡਾ) ਲਈ ਕੈਲਗਰੀ ਜਾਂ ਨੇੜੇ ਰਹਿੰਦੇ ਹਾਣ ਪ੍ਰਵਾਣ, ਨਸ਼ਾ ਰਹਿਤ, ਨਾਨ ਸਮੋਕਰ ਲੜਕੇ ਦੀ ਰਿਸ਼ਤੇ ਲਈ ਲੋੜ ਹੈ। (ਨੋ ਕਾਸਟ ਬਾਰ) ਸਾਰਾ ਪ੍ਰੀਵਾਰ ਕਨੇਡਾ ਵਿੱਚ ਹੈ। ਬਾਇ- ਡਾਟਾ ਸਮੇਤ ਤਾਜ਼ਾ ਫੋਟੋ ਵਟਸਐਪ ਨੰਬਰ +919417121464 ਤੇ ਭੇਜੋ। ***266***

### ਲੜਕੇ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉੱਪਰ ਜੱਟ ਸਿੱਖ ਸੇਖੋਂ ਪਰਿਵਾਰ ਦੀ ਤਲਾਕਸ਼ੁਦਾ (ਬਿਨਾ ਬੱਚੇ) ਲੜਕੀ,ਉਮਰ 35 ਸਾਲ,ਕੱਦ 5 ਫੁੱਟ 3 ਇੰਚ,ਮਾਸਟਰ ਡਿਗਰੀ (ਇੰਡੀਆ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 780 725 2697 ***266***

### ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ (appiled) ਜੱਟ ਸਿੱਖ ਸਰਾਂ ਪਰਿਵਾਰ ਦੇ ਲੜਕੇ,ਉਮਰ 29 ਸਾਲ,ਕੱਦ 5 ਫੁੱਟ 9 ਇੰਚ,ਬੈਚੂਲਰ ਐਡਮਿਨਸਟ੍ਰੇਸ਼ਨ ਆਫ਼ ਸੇਲਜ਼ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਲੜਕੇ ਦਾ ਸਾਰਾ ਪਰਿਵਾਰ ਅਲਬਰਟਾ ਸੂਬੇ ਵਿੱਚ ਰਹਿੰਦਾ ਹੈ। ਸੰਪਰਕ: +1 (438) 921-6396 ***261***

### ਲੜਕੇ ਦੀ ਲੋੜ

Sikh family seeking a suitable match for their Canadian-born daughter, 36 years old, height 5'43 , born and raised in Calgary, Alberta. She is well-educated, holds a master's degree, and currently works in the education field. We are looking for someone who is Canadian born that lives in Calgary or surrounding areas, is well-educated with a professional career, and is open to previously divorced individuals. If interested, please contact 403-680-4793 ***265**

### ਲੜਕੀ ਦੀ ਲੋੜ

ਕੈਨੇਡਾ ਓਪਨ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਹੇਹਰ ਪਰਿਵਾਰ ਦੇ ਲੜਕੇ ਉਮਰ 36 ਸਾਲ ਕੱਦ 5 ਫੁੱਟ 9 ਇੰਚ ਵਿਦਿਅਕ ਯੋਗਤਾ ਹਾਈ ਸਕੂਲ ,ਕਾਰ ਆਟੋ ਬਾਡੀ ਜਰਨੀਮੈਨ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 780 243 5814 ***265***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਹਾਂਸ ਪਰਿਵਾਰ ਦੇ ਲੜਕੇ,ਉਮਰ 26 ਸਾਲ,ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ: ਮਕੈਨੀਕਲ ਟੈਕਨੀਸ਼ੀਅਨ ਡਿਪਲੋਮਾ ਹੋਲਡਰ ਲਈ ਪੜੀ ਲਿਖੀ,ਲੰਮੇ ਕੱਦ ਵਾਲੀ,ਪਰਿਵਾਰਕ ਕਦਰਾਂ ਕੀਮਤਾਂ ਨੂੰ ਸਮਝਣ ਵਾਲੀ, ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 437 233 5450 ਜਾਂ ਵਟਸਐਪ: 95011 86208 ***264***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਬੀ ਸੀ ਰਹਿੰਦੇ ਜੱਟ ਸਿੱਖ ਚੀਮਾਂ ਪਰਿਵਾਰ ਦੇ ਹਾਕੀ ਪਲੇਅਰ ਲੜਕੇ ਉਮਰ 33 ਸਾਲ, ਕੱਦ 6 ਫੁੱਟ 2 ਇੰਚ, ਅਕਾਊਂਟਿੰਗ ਡਿਪਲੋਮਾਂ ਹੋਲਡਰ, ਹੁਣ 70 ਤੋਂ 80 ਹਜਾਰ ਡਾਲਰ ਦੀ ਚੰਗੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਅਤੇ ਕੈਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ: 403 918 5718 ਜਾਂ 403 293 5718 ***264***

### ਲੜਕੀ ਦੀ ਲੋੜ

ਜੱਟ ਸਿੱਖ ਹੁੰਦਲ ਪਰਿਵਾਰ ਦੇ ਵਿਜੀਟਰ ਵੀਜ਼ੇ ਤੇ ਆਏ ਨਸ਼ਾ ਰਹਿਤ ਲੜਕੇ, ਉਮਰ 28 ਸਾਲ ਕੱਦ 5 ਫੁੱਟ 10 ਇੰਚ ਵਿਦਿਅਕ ਯੋਗਤਾ: +2,ਆਈ ਟੀ ਆਈ ਤੋਂ ਵੈਲਡਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ,ਸਟੱਡੀ ਪਰਮਿਟ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਾਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦੀ ਵੱਡੀ ਭੈਣ ਕਨੇਡਾ ਸੈੱਟਲ ਹੈ ।ਮਾਪਿਆਂ ਕੋਲ ਵੀ ਕਨੇਡੀਅਨ ਵੀਜ਼ਾ ਹੈ । ਵਿਨੀਪੈਗ ਨੂੰ ਪਹਿਲ 431-866-5313 ਜਾਂ ਈਮੇਲ-hundalsingh996@gmail.com ***264***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜ਼ਾ ਉੱਪਰ ਆਏ ਜੱਟ ਸਿੱਖ ਸਰਾਂ ਪਰਿਵਾਰ ਦੇ ਲੜਕੇ ਉਮਰ 24 ਸਾਲ, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ ਗਰੇਡ 12, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 905 781 8408 ਜਾਂ ਈ ਮੇਲ: arshpreetsaran3 @gmail.com ***263 ***

### ਲੜਕੀ ਦੀ ਲੋੜ

ਕਨੇਡੀਅਨ ਜੰਮਪਲ, ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਮਾਸਟਰ ਇਨ ਅਕਾਊਂਟਿੰਗ, ਆਪਣੇ ਬਿਜਨਿਸ ਵਿੱਚ ਵੈੱਲ ਸੈਟਲਡ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕਨੇਡੀਅਨ ਜੰਮਪਲ, ਕੱਦ 5 ਫੁੱਟ 4 ਇੰਚ ਤੋਂ 5 ਫੁੱਟ 8 ਇੰਚ ਦੇ ਵਿਚਕਾਰ ਅਤੇ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਹੋਵੇ। ਸੰਪਰਕ: 1 306 470 0094 ***263 ***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਪੱਗ ਬੰਨਦੇ, ਵੈਜੀਟੇਰੀਅਨ ਲੜਕੇ ਉਮਰ 28 ਸਾਲ,ਕੱਦ 5 ਫੁੱਟ 8 ਇੰਚ ਪੜਾਈ ਲਿਖਾਈ: ਪਲੱਸ 2: ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀਆਂ ਦੋਵੇਂ ਭੈਣਾਂ ਕਨੇਡਾ ਰਹਿੰਦੀਆਂ ਹਨ। ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। 403 483 9228 ਜਾਂ ਈ ਮੇਲ: Gursewakgill94@yahoo.com ***263 ***

### ਲੜਕੇ ਦੀ ਲੋੜ

ਪੰਜਾਬ ਦੇ ਤਲਵੰਡੀ ਸਾਬੋ ਇਲਾਕੇ ਨਾਲ ਸਬੰਧਿਤ ਔਲਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਜਨਮ 1982,ਕੱਦ 5 ਫੁੱਟ 7 ਇੰਚ, ਪੜਾਈ ਲਿਖਾਈ ਪਲੱਸ 2 ਐਂਡ ਐਨ ਟੀ ਟੀ, ਹੁਣ ਪਰਾਈਵੇਟ ਸਕੂਲ ਵਿੱਚ ਟੀਚਰ ਦੀ ਜੌਬ ਕਰਦੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੀਆਂ ਦੂਜੀਆਂ ਭੈਣਾਂ ਇੰਡੀਆ ਅਤੇ ਕੈਨੇਡਾ ਵੈੱਲ ਸੈਟਲਡ ਹਨ। ਛੋਟਾ ਭਰਾ ਖੇਤੀਬਾੜੀ ਅਤੇ ਮੈਰਿਜ ਪੈਲੇਸ ਤਲਵੰਡੀ ਸਾਬੋ ਕਾਰੋਬਾਰੀ ਹੈ। ਸੰਪਰਕ: 91 98784 34024 ***263 RG***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ ਉਮਰ 29 ਸਾਲ, ਕੱਦ 5 ਫੁੱਟ 2 ਇੰਚ, ਵਿਦਿਅਕ ਯੋਗਤਾ ਐਮ ਕਾਮ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈੱਟਲਡ ਹੈ। ਸੰਪਰਕ: 780 966 4500 ਜਾਂ ਈ ਮੇਲ :tarjinders@yahoo.com ***262***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਉਮਰ 31 ਸਾਲ, ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ: ਬੀ ਕਾਮ (ਇੰਡੀਆ) ਪੋਸਟ ਡਿਗਰੀ ਡਿਪਲੋਮਾ ਇਨ ਬਿਜਨਿਸ ਐਡਮਨਿਸਟ੍ਰੇਸ਼ਨ(ਕਨੇਡਾ) ਸਰਵਿਸ ਕਨੇਡਾ (ਸਰਕਾਰੀ ਜੌਬ)ਕਰਦੀ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਵੈਸ਼ਨੂੰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ 25 ਏਕੜ ਪਲੱਸ ਜ਼ਮੀਨ ਦੀ ਮਾਲਕੀ ਹੋਵੇ, ਮਾਲਵਾ ਇਲਾਕੇ ਜਾਂ ਮਲਵਈ ਪਰਿਵਾਰ ਨੂੰ ਪਹਿਲ, ਸਿਰਫ ਅਮਰੀਕਾ,ਕਨੇਡਾ ਜਾਂ ਇੰਗਲੈਂਡ ਵਾਲੇ ਵੈਸ਼ਨੂੰ ਪਰਿਵਾਰ ਹੀ ਸੰਪਰਕ ਕਰਨ। ਸੰਪਰਕ: 1 780 522 1790 ਜਾਂ ਵਟਸਐਪ 91 94170 37882 ***262***

### ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ, ਜਨਮ 1991, ਵਿਦਿਅਕ ਯੋਗਤਾ ਪਲੱਸ ਟੂ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 839 5630 ਜਾਂ ਵਟਸਐਪ 91 98765 04844 ***262***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੇ ਦੀ ਲੋੜ

Sikh family seeks a suitable match for their beautiful daughter, 27 years old, height 5'-11", born and raised in B.C. Canada, family oriented, Canadian citizen, works in an office. The boy should be tall, handsome, raised in Canada or USA, educated, from a well settled family with strong family values. Preference given to a person who resides in B.C., or is willing to relocate to B.C. Serious inquiries only. Send bio data and recent photos to: **anayabhangu14 @gmail.com** ***262***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 37 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੀ ਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 1 236 867 4005 ***262***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਪੰਜਾਬ ਦੇ ਮੋਗਾ ਜਿਲ੍ਹੇ ਨਾਲ ਸਬੰਧਿਤ ਜੱਟ ਸਿੱਖ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ,ਉਮਰ 31ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਬੀ ਟੈੱਕ ਇੰਜੀਨੀਅਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 780 868 6148 ***262***

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਇੰਡੀਆ ਰਹਿੰਦੇ ਵੈਸ਼ਨੂੰ ,ਤਲਾਕਸ਼ੁਦਾ, ਉਮਰ 32 ਸਾਲ, ਲਈ ਕਨੇਡੀਅਨ ਪੀ ਆਰ ,ਵਿਜਟਿਰ ਵੀਜਾ, ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਇੰਡੀਆ ਰਹਿੰਦੀ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 899 9898 **261**

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਸਿਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਸੰਪਰਕ (ਵਟਸਐਪ): 9583592000

## ਭਾਰਤ ਤੇ ਚੀਨ ਕੈਲਾਸ਼ ਮਾਨਸਰੋਵਰ ਯਾਤਰਾ ਮੁੜ ਸ਼ੁਰੂ ਕਰਨ ਲਈ ਸਹਿਮਤ ਹੋਏ

ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ ) ਭਾਰਤ ਤੇ ਚੀਨ ਨੇ ਦੁਵੱਲੇ ਰਿਸ਼ਤਿਆਂ ਦੀ 'ਸਥਿਰਤਾ ਤੇ ਮੁੜ ਸਥਾਪਤੀ' ਲਈ ਲੋਕਪੱਖੀ ਫੈਸਲੇ ਲੈਣ ਦੀ ਸਹਿਮਤੀ ਦਿੰਦਿਆਂ ਕੈਲਾਸ਼ ਮਾਨਸਰੋਵਰ ਯਾਤਰਾ ਮੁੜ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਵਿਦੇਸ਼ ਮੰਤਰਾਲੇ ਨੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਵੱਲੋਂ ਪੇਈਚਿੰਗ ਵਿੱਚ ਆਪਣੇ ਚੀਨੀ ਹਮਰੁਤਬਾ ਸੁਨ ਵੀਡੌਂਗ ਨਾਲ ਕੀਤੀ ਬੈਠਕ ਮਗਰੋਂ ਇਹ ਦਾਅਵਾ ਕੀਤਾ ਹੈ। ਮੰਤਰਾਲੇ ਨੇ ਕਿਹਾ ਕਿ ਦੋਵਾਂ ਧਿਰਾਂ ਨੇ ਦੋਵਾਂ ਮੁਲਕਾਂ ਦਰਮਿਆਨ ਬੰਦ ਪਈਆਂ ਸਿੱਧੀਆਂ ਹਵਾਈ ਸੇਵਾਵਾਂ ਸ਼ੁਰੂ ਕਰਨ ਦੀ ਵੀ ਸਿਧਾਂਤਕ ਪ੍ਰਵਾਨਗੀ ਦਿੱਤੀ ਹੈ। ਮੰਤਰਾਲੇ ਨੇ ਕਿਹਾ, "ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦਰਮਿਆਨ ਅਕਤੂਬਰ 'ਚ ਕਜ਼ਾਨ (ਰੂਸ) ਵਿੱਚ ਹੋਈ ਬੈਠਕ ਦੌਰਾਨ ਬਣੀ ਸਹਿਮਤੀ ਮੁਤਾਬਕ ਦੋਵਾਂ ਧਿਰਾਂ ਨੇ ਭਾਰਤ-ਚੀਨ ਦੁਵੱਲੇ ਰਿਸ਼ਤਿਆਂ ਉੱਤੇ ਵਿਆਪਕ ਨਜ਼ਰਸਾਨੀ ਕਰਦਿਆਂ ਸਥਿਰਤਾ ਤੇ ਰਿਸ਼ਤਿਆਂ ਦੀ ਮੁੜ ਸਥਾਪਨਾ ਲਈ ਲੋਕ ਪੱਖੀ ਫੈਸਲੇ ਲੈਣ ਦੀ ਸਹਿਮਤੀ ਦਿੱਤੀ ਹੈ। ਇਸੇ ਲੜੀ ਵਿੱਚ 2025 ਦੀਆਂ ਗਰਮੀਆਂ ਤੋਂ ਕੈਲਾਸ਼ ਮਾਨਸਰੋਵਰ ਯਾਤਰਾ ਮੁੜ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ।


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @ +1 403 680 0436 or email at bhinderexteriors13@gmail.com.

ਐਡਮਿੰਟਨ ਵਿੱਚ ਮੋਟਲ ਵਿਕਾਊ ਹੈ

50 ਕਮਰਿਆਂ ਵਾਲਾ, ਹੋਟਲ ਕਾਰੋਬਾਰ ਦੇ ਹਿਸਾਬ ਨਾਲ ਬਹੁਤ ਹੀ ਵਧੀਆ ਲੋਕੇਸ਼ਨ, ਭਵਿੱਖ ਵਿੱਚ ਕਾਰੋਬਾਰ ਵਧਾਉਣ ਲਈ ਵਾਧੂ ਜਮੀਨ ਵੀ ਨਾਲ ਹੀ ਹੈ। ਮਾਲਕ ਵੱਲੋਂ ਸਿੱਧਾ ਹੀ ਵੇਚਿਆ ਜਾਣਾ ਹੈ। ਇਸ ਲਈ ਬਿਨਾ ਕਿਸੇ ਵਿਚੋਲਗੀ ਦੇ ਸਿੱਧਾ ਸੰਪਰਕ ਕਰਕੇ ਬੱਚਤ ਕਰੋ।

ਈ ਮੇਲ : 2009cst@gmail.com

ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ। ਸੰਪਰਕ : 587 329 7202


## ਆਇਰਲੈਂਡ ਚ ਵਾਪਰੇ ਹਾਦਸੇ 'ਚ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਆਇਰਲੈਂਡ 'ਚ ਇੱਕ ਕਾਰ ਦੇ ਦਰੱਖਤ ਨਾਲ ਟਕਰਾਉਣ ਕਾਰਨ ਵਾਪਰੇ ਹਾਦਸੇ 'ਚ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਗਈ ਜਦਕਿ ਦੋ ਹੋਰ ਗੰਭੀਰ ਜ਼ਖ਼ਮੀ ਹੋ ਗਏ। ਸਾਰਿਆਂ ਦੀ ਉਮਰ 20 ਸਾਲ ਤੋਂ ਉਪਰ ਦੱਸੀ ਜਾ ਰਹੀ ਹੈ। ਆਇਰਿਸ਼ ਪੁਲੀਸ ਮੁਤਾਬਕ ਜ਼ਖ਼ਮੀਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ ਜਿਥੇ ਉਨ੍ਹਾਂ ਦੀ ਹਾਲਤ ਸਥਿਰ ਹੈ।ਪੁਲੀਸ ਅਧਿਕਾਰੀ ਐਂਥਨੀ ਫਾਰੈੱਲ ਨੇ ਦੱਸਿਆ ਕਿ ਕਾਲੇ ਰੰਗ ਦੀ ਔਡੀ ਕਾਰ ਕਾਰਲੋਅ ਕਸਬੇ ਵੱਲ ਜਾ ਰਹੀ ਸੀ ਜਦੋਂ ਸੜਕ ਤੋਂ ਤਿਲਕ ਕੇ ਇਹ ਕਾਰ ਇੱਕ ਦਰੱਖਤ ਨਾਲ ਜਾ ਟਕਰਾਈ। ਪੁਲੀਸ ਨੇ ਦੱਸਿਆ ਕਿ ਇਸ ਭਿਆਨਕ ਹਾਦਸੇ ਚ ਚੇਰੇਕੂਰੀ ਸੁਰੇਸ਼ ਚੌਧਰੀ ਅਤੇ ਚਿਤੂਰੀ ਭਾਰਗਵ ਦੀ ਮੌਕੇ 'ਤੇ ਹੀ ਮੌਤ ਹੋ ਗਈ। ਆਇਰਲੈਂਡ ਦੀ ਰਾਜਧਾਨੀ ਡਬਲਿਨ 'ਚ ਭਾਰਤੀ ਸਫ਼ਾਰਤਖਾਨੇ ਨੇ ਸੋਸ਼ਲ ਮੀਡੀਆ 'ਤੇ ਸੋਗ ਸੁਨੇਹਾ ਜਾਰੀ ਕੀਤਾ ਹੈ। ਸਫ਼ਾਰਤਖਾਨੇ ਨੇ ਕਿਹਾ ਕਿ ਉਹ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਦੋਸਤਾਂ ਦੇ ਸੰਪਰਕ 'ਚ ਹਨ ਅਤੇ ਜ਼ਖ਼ਮੀਆਂ ਨੂੰ ਪੂਰੀ ਸਹਾਇਤਾ ਦਿੱਤੀ ਜਾ ਰਹੀ ਹੈ। 'ਦਿ ਆਇਰਿਸ਼ ਟਾਈਮਜ਼' ਮੁਤਾਬਕ ਇਹ ਚਾਰੇ ਵਿਦਿਆਰਥੀ ਇਕੋ ਘਰ 'ਚ ਰਹਿੰਦੇ ਸਨ ਤੇ ਉਨ੍ਹਾਂ ਕਾਰਲੋਅ 'ਚ ਸਾਊਥ ਈਸਟ ਟੈਕਨੋਲੌਜੀਕਲ ਯੂਨੀਵਰਸਿਟੀ ਤੋਂ ਤੀਜੇ ਲੈਵਲ ਦੀ ਸਿੱਖਿਆ ਮੁਕੰਮਲ ਕੀਤੀ ਸੀ।

## 21 ਸਾਲਾਂ ਚ ਕੈਨੇਡੀਅਨ ਡਾਲਰ ਸਭ ਤੋਂ ਹੇਠਲੇ ਪੱਧਰ ਤੇ ਪੁੱਜਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ )ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡਾ ਦੇ ਸਮਾਨ ਉੱਪਰ 25 ਫੀਸਦੀ ਟੈਰੀਫ਼ ਲਗਾਏ ਜਾਣ ਦੇ ਐਲਾਨ ਉਪਰੰਤ ਕਨੇਡੀਅਨ ਡਾਲਰ ਅਮਰੀਕੀ ਡਾਲਰ ਦੇ ਮੁਕਾਬਲੇ ਪਿਛਲੇ 21 ਸਾਲਾਂ ਵਿੱਚ ਸਭ ਤੋਂ ਹੇਠਲੇ ਪੱਧਰ ਤੇ ਪਹੁੰਚ ਕੇ 68 ਸੈਂਟ ਤੇ ਪਹੁੰਚ ਗਿਆ ਹੈ ਇੱਥੇ ਇਹ ਦੱਸਣਾ ਬਣਦਾ ਹੈ ਕਿ 2003 ਤੋਂ ਬਾਅਦ ਕਨੇਡੀਅਨ ਡਾਲਰ ਇੰਨੇ ਹੇਠਲੇ ਪੱਧਰ ਤੇ ਆਇਆ ਹੈ। ਮਾਰਕੀਟ ਖੁੱਲਣ ਤੇ ਕਨੇਡੀਅਨ ਡਾਲਰ ਅਮਰੀਕੀ ਡਾਲਰ ਦੇ ਮੁਕਾਬਲੇ 67 ਇਸ਼ਾਰੀਆ ਛੇ ਸੈਂਟ ਤੇ ਸੀ ਪਰ ਬਾਅਦ ਵਿੱਚ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੈਕਸੀਕੋ ਦੇ ਟੈਰਿਫਾਂ ਨੂੰ ਇੱਕ ਮਹੀਨੇ ਲਈ ਰੋਕ ਦਿੱਤਾ ਤਾਂ ਕਨੇਡੀਅਨ ਡਾਲਰ ਵਿੱਚ ਕੁਝ ਸੁਧਾਰ ਵੇਖਣ ਨੂੰ ਮਿਲਿਆ

## ਤੇਲ ਟੈਂਕਰ ਚ ਧਮਾਕੇ ਕਾਰਨ 6 ਜਣਿਆਂ ਦੀ ਮੌਤ

ਲਾਹੌਰ (ਪੰਜਾਬੀ ਅਖ਼ਬਾਰ ਬਿਊਰੋ ) ਪਾਕਿਸਤਾਨ ਦੇ ਪੰਜਾਬ ਸੂਬੇ ਦੇ ਇੱਕ ਉਦਯੋਗਿਕ ਖੇਤਰ ਵਿੱਚ ਤਰਲ ਪੈਟਰੋਲੀਅਮ ਗੈਸ ਨਾਲ ਭਰੇ ਇੱਕ ਟੈਂਕਰ ਵਿੱਚ ਧਮਾਕਾ ਹੋ ਗਿਆ, ਜਿਸ ਵਿੱਚ ਇੱਕ ਨਾਬਾਲਗ ਲੜਕੀ ਸਮੇਤ ਘੱਟੋ-ਘੱਟ ਛੇ ਵਿਅਕਤੀਆਂ ਦੀ ਮੌਤ ਹੋ ਗਈ ਅਤੇ 31 ਜ਼ਖਮੀ ਹੋ ਗਏ। ਰਾਹਤ ਕਾਰਜ ਦੌਰਾਨ ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਮੁਲਤਾਨ ਦੇ ਹਾਮਿਦ ਪੁਰ ਕਨੋਰਾ ਖੇਤਰ ਦੇ ਇੰਡਸਟਰੀਅਲ ਅਸਟੇਟ 'ਚ ਵਾਪਰੀ। ਮੀਡੀਆ ਰਿਪੋਰਟਾਂ ਵਿੱਚ ਦੱਸਿਆ ਗਿਆ ਹੈ ਕਿ ਐਲਪੀਜੀ ਟੈਂਕਰ ਵਿੱਚ ਹੋਏ ਧਮਾਕੇ ਨਾਲ ਇੱਕ ਵੱਡੀ ਅੱਗ ਲੱਗ ਗਈ, ਜਿਸ ਨਾਲ ਟੁੱਟੇ ਹੋਏ ਵਾਹਨ ਦਾ ਮਲਬਾ ਨੇੜਲੇ ਰਿਹਾਇਸ਼ੀ ਖੇਤਰਾਂ ਵਿੱਚ ਡਿੱਗਿਆ, ਜਿਸ ਨਾਲ ਕਾਫ਼ੀ ਨੁਕਸਾਨ ਹੋਇਆ । ਕਈ ਘੰਟਿਆਂ ਦੀ ਮੁਸ਼ੱਕਤ ਤੋਂ ਬਾਅਦ ਹੀ ਇਸ ਅੱਗ ਤੇ ਕਾਬੂ ਪਾਇਆ ਜਾ ਸਕਿਆ ।

## ਅਪਰਾਧ ਕਰਨ ਵਾਲੇ ਕੱਚਿਆਂ ਨੂੰ ਡਿਪੋਰਟ ਕਰਨਾ ਚਾਹੀਦੈ - ਪੋਲੀਵਰ

ਓਟਵਾ (ਪੰਜਾਬੀ ਅਖ਼ਬਾਰ ਬਿਊਰੋ )ਕੈਨੇਡਾ ਦੀ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਪੀਅਰ ਪੋਲਿਵਰ ਨੇ ਆਖਿਆ ਹੈ ਕਿ ਕੈਨੇਡਾ ਵਿੱਚ ਕਿਸੇ ਵੀ ਨਫ਼ਰਤੀ ਅਪਰਾਧ ਜਾਂ ਹਿੰਸਾਤਮਕ ਗਤੀਵਿਧੀ ਨੂੰ ਅੰਜਾਮ ਦੇਣ ਵਾਲੇ ਟੈਂਪਰੇਰੀ ਵੀਜ਼ਾ ਹੋਲਡਰਾਂ ਨੂੰ ਡਿਪੋਰਟ ਕਰ ਦੇਣਾ ਚਾਹੀਦਾ ਹੈ। ਓਟਵਾ ਚ ਹੋਲੋ ਕੋਸਟ ਕਮੈਮਰੇਸ਼ਨ ਸਰਮਨੀ ਮੌਕੇ ਸੰਬੋਧਨ ਕਰਦਿਆਂ ਉਹਨਾਂ ਆਖਿਆ ਕਿ ਕੈਨੇਡਾ ਦੇ ਲੋਕਾਂ ਨੂੰ ਯਹੂਦੀ ਭਾਈਚਾਰੇ ਦਾ ਸਮਰਥਨ ਜਾਰੀ ਰੱਖਣਾ ਚਾਹੀਦਾ ਹੈ ਉਹਨਾਂ ਇਸ ਮੌਕੇ ਆਖਿਆ ਕਿ ਅਸੀਂ ਹਿੰਸਾ ਅਤੇ ਨਫਰਤੀ ਅਪਰਾਧਾਂ ਦੀ ਸਿਰਫ ਆਲੋਚਨਾ ਨਹੀਂ ਕਰ ਸਕਦੇ ਸਗੋਂ ਸਾਨੂੰ ਇਸ ਉੱਪਰ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਤੇ ਅਜਿਹੇ ਕੱਚੇ ਲੋਕਾਂ ਨੂੰ ਡਿਪੋਰਟ ਕਰ ਦੇਣਾ ਚਾਹੀਦਾ ਹੈ

## ਕੈਨੇਡਾ ਦੀਆਂ ਚੋਣਾਂ ਵਿੱਚ ਵਿਦੇਸ਼ੀ ਦਖਲ ਅੰਦਾਜੀ ਦਾ ਖ਼ਤਰਾ

ਓਟਵਾ (ਪੰਜਾਬੀ ਅਖ਼ਬਾਰ ਬਿਊਰੋ )ਕੈਨੇਡਾ ਦੀਆਂ ਚੋਣਾਂ ਵਿੱਚ ਵਿਦੇਸ਼ੀ ਦਖਲ ਅੰਦਾਜ਼ੀ ਬਾਰੇ ਜਾਂਚ ਕਰ ਰਹੀ ਫੈਡਰਲ ਜਾਂਚ ਕਮੇਟੀ ਵੱਲੋਂ ਆਪਣੀ ਅੰਤਿਮ ਰਿਪੋਰਟ ਪੇਸ਼ ਕਰ ਦਿੱਤੀ ਗਈ ਹੈ ਜਿਸ ਵਿੱਚ ਆਖਿਆ ਗਿਆ ਹੈ ਕਿ ਭਾਵੇਂ ਕਿ ਕੈਨੇਡਾ ਦੀਆਂ ਚੋਣਾਂ ਵਿੱਚ ਵਿਦੇਸ਼ੀ ਦਖਲ ਅੰਦਾਜੀ ਦਾ ਖਤਰਾ ਤਾਂ ਮੌਜੂਦ ਹੈ ਪਰ ਕੈਨੇਡਾ ਦੀ ਪਾਰਲੀਮੈਂਟ ਵਿੱਚ ਕਿਸੇ ਗਦਾਰ ਦੇ ਹੋਣ ਜੋ ਕਿ ਵਿਦੇਸ਼ੀ ਤਾਕਤਾਂ ਦੇ ਹੱਥ ਵਿੱਚ ਖੇਡਦਾ ਹੋਵੇ ਬਾਰੇ ਕੋਈ ਸਬੂਤ ਨਹੀਂ ਮਿਲਿਆ। ਇਹ ਅੰਤਿਮ ਰਿਪੋਰਟ ਇਨਕੁਆਇਰੀ ਕਮਿਸ਼ਨਰ ਮੈਰੀ ਹੋਜੇ ਹੋਗ ਵੱਲੋਂ ਪੇਸ਼ ਕੀਤੀ ਗਈ ਉਹਨਾਂ ਆਖਿਆ ਕਿ ਫੈਡਰਲ ਚੋਣਾਂ ਦੇ ਨਤੀਜਿਆਂ ਉੱਪਰ ਕਿਸੇ ਵਿਦੇਸ਼ੀ ਤਾਕਤ ਦੇ ਪ੍ਰਭਾਵ ਦਾ ਕੋਈ ਸਬੂਤ ਤਾਂ ਨਹੀਂ ਮਿਲਿਆ ਪਰ ਇਹ ਜਰੂਰ ਆਖਿਆ ਜਾ ਸਕਦਾ ਹੈ ਕਿ ਕੁਝ ਰਾਈਡਿੰਗ ਵਿੱਚ ਥੋੜਾ ਬਹੁਤ ਪ੍ਰਭਾਵ ਜਰੂਰ ਪਿਆ ਹੋ ਸਕਦਾ ਹੈ।

## ਰੂਬੀ ਢੱਲਾ ਵੀ ਲਿਬਰਲ ਲੀਡਰਸ਼ਿਪ ਦੀ ਦੌੜ ਵਿੱਚ ਸ਼ਾਮਿਲ

**ਦੇਸ਼ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਾਂਗੀ -ਰੂਬੀ**

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਹੁਣ ਭਾਰਤੀ ਮੂਲ ਦੀ ਰੂਬੀ ਢੱਲਾ ਵੀ ਕੈਨੇਡਾ ਦੇ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿੱਚ ਸ਼ਾਮਲ ਹੋ ਗਏ ਹਨ। 9 ਮਾਰਚ ਨੂੰ ਫ਼ੈਡਰਲ ਲਿਬਰਲ ਪਾਰਟੀ ਦੀ ਹੋਰ ਰਹੀ ਲੀਡਰਸ਼ਿਪ ਚੋਣ ਲਈ ਰੂਬੀ ਨੇ ਜਸਟਿਨ ਟਰੂਡੋ ਦੀ ਥਾਂ ਲੈਣ ਲਈ ਅਧਿਕਾਰਤ ਤੌਰ @ਤੇ ਆਪਣੀ ਨਾਮਜ਼ਦਗੀ ਦਾਖਲ ਕੀਤੀ ਸੀ ਤੇ ਲਿਬਰਲ ਪਾਰਟੀ ਨੇ ਉਨ੍ਹਾਂ ਨੂੰ ਚੋਣ ਲੜਨ ਦੀ ਮਨਜ਼ੂਰੀ ਦੇ ਦਿੱਤੀ। ਰੂਬੀ ਨੇ ਐਲਾਨ ਕੀਤਾ ਕਿ ਜੇਕਰ ਉਹ ਚੁਣੇ ਜਾਂਦੇ ਹਨ ਤਾਂ ਉਹ ਦੇਸ਼ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢ ਦੇਣਗੇ। ਦੱਸ ਦੇਈਏ ਕਿ ਰੂਬੀ ਢੱਲਾ ਤਿੰਨ ਵਾਰ ਸੰਸਦ ਮੈਂਬਰ ਰਹਿ ਚੁਕੇ ਹਨ ਅਤੇ ਉਹ ਇੱਕ ਕਾਰੋਬਾਰੀ ਔਰਤ ਅਤੇ ਇੱਕ ਮੋਟਿਵੇਸ਼ਨਲ ਸਪੀਕਰ ਵੀ ਹਨ। ਉਨ੍ਹਾਂ ਨੇ ਆਪਣੇ ਸ਼ੁਰੂਆਤੀ ਦਿਨਾਂ ਵਿੱਚ ਮਾਡਲਿੰਗ ਵੀ ਕੀਤੀ ਹੈ।

## ਮੈਨੀਟੋਬਾ ਸਰਕਾਰ ਨੇ ਅਮਰੀਕਾ ਨਾਲ ਲੱਗਦੀ ਸਰਹੱਦ ਦੀ ਸੁਰੱਖਿਆ ਵਧਾਈ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਸਰਕਾਰ ਵੱਲੋਂ ਆਪਣੀ ਅਮਰੀਕਾ ਨਾਲ ਲੱਗਦੀ ਸਰਹੱਦ ਦੀ ਸੁਰੱਖਿਆ ਵਧਾਉਣ ਲਈ ਪ੍ਰੋਵਿਨਸ਼ੀਅਲ ਕੰਜਰਵੇਸ਼ਨ ਅਧਿਕਾਰੀਆਂ ਨੂੰ ਤਾਇਨਾਤ ਕੀਤਾ ਗਿਆ ਹੈ ਜੋ ਕਿ ਸਰਹੱਦ ਦੇ ਨਾਲ ਨਾਲ ਗਸ਼ਤ ਕਰਨਗੇ ਮੈਨੀਟੋਬਾ ਦੇ ਪ੍ਰੀਮੀਅਰ ਵਾਬ ਕਨੂੰ ਨੇ ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਹੈ ਕਿ ਸਾਡੀ ਸਰਕਾਰ ਆਪਣੀ ਦੱਖਣੀ ਸਰਹੱਦ ਦੇ ਸੁਰੱਖਿਆ ਲਈ ਪੂਰੀ ਤਰ੍ਹਾਂ ਦ੍ਰਿੜ ਹੈ ।




# ਆਰ ਢਾਂਗਾ ਪਾਰ ਢਾਂਗਾ ਵਿੱਚ ਟੱਲਮ ਟੱਲੀਆਂ- ਯਮਲਾ

ਯਮਲਾ ਜੀ ਨੇ ਉੱਚ ਪੱਧਰ ਦੇ ਗੀਤ ਰਚ ਕੇ ਪੰਜਾਬੀ ਜ਼ੁਬਾਨ ਦੀ ਝੋਲੀ ਵਿੱਚ ਪਾਏ ਜਿਹਨਾਂ 'ਚੋਂ ਕੁੱਝ ਕੁ ਗੀਤਾਂ ਦੇ ਮੁੱਖੜੇ ਸਾਂਝੇ ਕਰਦਾ ਹਾਂ:

*ਚਿੱਟਾ ਹੋ ਗਿਆ ਲਹੂ ਭਰਾਵੋ ਚਿੱਟਾ ਹੋ ਗਿਆ ਲਹੂ...*
*ਗਰਜ਼ ਬਿਨਾਂ ਨਹੀਂ ਰਿਸ਼ਤੇਦਾਰੀ, ਨਹੀਂ ਕੋਈ ਕੋਟ ਕਬੀਲਾ*
*ਅਣਖ ਜਿਹਦੇ ਵਿੱਚ ਰਹੀ ਕਣੀ ਨਹੀਂ, ਬਣਿਆ ਫਿਰੇ ਰੰਗੀਲਾ*
*ਬਿਨਾਂ ਗਰਜ ਤੋਂ ਝੂਠੀ ਤੋਹਮਤ ਕੌਣ ਕਿਸੇ ਦੀ ਸਹੂ*
*ਚਿੱਟਾ ਹੋ ਗਿਆ ਲਹੂ ਭਰਾਵੋ ਚਿੱਟਾ ਹੋ ਗਿਆ ਲਹੂ...*

*ਦੁਖੀਆ ਸਭ ਸੰਸਾਰ ਵੀਰਨੋ ਦੁਖੀਆ ਸਭ ਸੰਸਾਰ*
*ਕਿਹੜਾ ਮਾੜਾ, ਕਿਹੜਾ ਚੰਗਾ, ਕੌਣ ਹੈ ਕੱਜਿਆ, ਕੌਣ ਹੈ ਨੰਗਾ*
*ਨਹੀਂ ਕਿਸੇ ਨੂੰ ਸਾਰ, ਦੁਖੀਆ ਸਭ ਸੰਸਾਰ ਵੀਰਨੋ...*

*ਨੀਂ ਮੈਂ ਅਸਲੀ ਹਕੀਕ, ਮੇਰਾ ਮਾਹੀ ਸੁੱਚਾ ਨਗ*
*ਜੋੜੀ ਰੱਬ ਨੇ ਮਿਲਾਈ, ਸਾਰੇ ਲੋਕਾਂ ਤੋਂ ਅਲੱਗ*


*ਮੇਰਾ ਰਸਤਾ ਰੋਕ ਨਾ ਗੋਰੀਏ, ਮੈਨੂੰ ਅੰਮੜੀ ਰਹੀ ਪੁਕਾਰ,*
*ਜੀਹਨੇ ਪੈਦਾ ਕੀਤੇ ਦੇਵਤੇ, ਬੜੇ ਬੜੇ ਅਵਤਾਰ*
*ਅੱਜ ਸਿਰ ਉਹਦੇ 'ਤੇ ਲਟਕਦੀ, ਦੁਸ਼ਮਣ ਦੀ ਦੋ ਧਾਰੀ ਤਲਵਾਰ,*
*ਦੱਸ ਹਾਨੀ ਆਪਣੀ ਮਾਂ ਦੀ, ਕੀਕਣ ਲਵਾਂ ਸਹਾਰ*
*—0—*
*ਜਿਨ੍ਹਾਂ ਵੱਡਿਆਂ ਨੂੰ ਤਾਇਆ, ਉਨ੍ਹਾਂ ਸੁੱਖ ਕੀ ਏ ਪਾਣਾ*
*ਜਿਨ੍ਹਾਂ ਕੀਤੀ ਨਾ ਕਮਾਈ, ਉਨ੍ਹਾਂ ਰੱਜ ਕੇ ਕੀ ਖਾਣਾਂ*
*—0—*
*ਫੁੱਲਾ ਮਹਿਕ ਨੂੰ ਸੰਭਾਲ, ਛੇਤੀ ਸੁੱਕ ਜਾਵੇਂਗਾ*
*ਉਨੇ ਲਵੇਂਗਾ ਨਜ਼ਾਰੇ, ਜਿੰਨਾ ਰੁੱਕ ਜਾਵੇਂਗਾ*

ਯਮਲਾ ਜੀ ਦੇ ਇਹਨਾਂ ਕੱਲੇ-ਕੱਲੇ ਗੀਤਾਂ ਤੇ ਬਹੁਤ ਵਿਸਥਾਰ ਪੂਰਵਕ ਗੱਲ ਕੀਤੀ ਜਾ ਸਕਦੀ ਹੈ ਕਿਉਂਕਿ ਹਰ ਗੀਤ ਵਿੱਚ ਕੋਈ ਨਾ ਕੋਈ ਫਿਲਾਸਫੀ ਸਮੋਈ ਹੋਈ ਹੈ। ਆਓ! ਫੇਰ ਇਕ ਗੀਤ ਛੋਂਹਦੇ ਹਾਂ ਜਿਸਦੇ ਬੋਲ ਹਨ:

*ਆਰ ਢਾਂਗਾ ਪਾਰ ਢਾਂਗਾ ਵਿੱਚ ਟੱਲਮ ਟੱਲੀਆਂ*
*ਆਉਣ ਕੂੰਜਾਂ ਦੇਣ ਬੱਚੇ ਨਦੀ ਨਹਾਉਣ ਚੱਲੀਆਂ*

ਇਹ ਗੀਤ ਗੁਰਬਤ ਹੰਢਾਉਂਦੇ ਛੋਟੇ ਕਿਸਾਨ ਦੇ ਦੁਖਾਂਤ ਦੀ ਤਸਵੀਰ ਹੈ। ਇਸ ਗੀਤ ਵਿੱਚ ਗੀਤਕਾਰ ਆਪਣੀ ਕਲਮ ਰਾਹੀਂ ਉਸ ਸਮੇਂ ਦਾ ਦ੍ਰਿਸ਼ ਪੇਸ਼ ਕਰਦਾ ਹੈ, ਜਦੋਂ ਪਿੰਡਾਂ ਨੇ ਹਰੀ ਕਰਾਂਤੀ ਨਹੀਂ ਸੀ ਦੇਖੀ ਅਤੇ ਤਰੱਕੀ ਤੋਂ ਊਣੇ ਸਨ। ਛੋਟੇ ਕਿਸਾਨ ਦੀ ਹਾਲਤ ਬਹੁਤ ਮਾੜੀ ਸੀ। ਪਿੰਡਾਂ 'ਚ ਸਮੇਂ ਦਾ ਅੰਦਾਜਾ ਵੀ ਪ੍ਰਛਾਵਾਂ ਦੇਖ ਕੇ ਲਾਇਆ ਜਾਂਦਾ ਸੀ। ਮਿਰਚਾਂ ਕੁੱਟ ਕੇ ਰੋਟੀ ਲੱਸੀ 'ਚ ਡੁਬੋ ਕੇ ਹੀ ਗੁਜ਼ਾਰਾ ਕਰ ਲਿਆ ਜਾਂਦਾ ਸੀ। ਤਕਨੀਕ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਸੀ। ਪੰਜਾਬ ਵਿੱਚ ਨਹਿਰਾਂ ਦਾ ਜਾਲ ਨਹੀਂ ਸੀ ਵਿਛਿਆ। ਬਿਜਲੀ ਨੇ ਹਾਲੇ ਦਸਤਕ ਨਹੀਂ ਦਿੱਤੀ ਸੀ। ਅੱਜ ਵਾਂਗ ਟਰੈਕਟਰ ਅਤੇ ਹੋਰ ਮਸ਼ੀਨਰੀ ਨਹੀਂ ਸੀ। ਮੁੱਕਦੀ ਗੱਲ ਕਿ ਇਹ ਗੀਤ ਖੇਤ ਵਿਚਲੇ ਟਿਊਬਵੈਲਾਂ ਤੋਂ ਵੀ ਪਹਿਲਾਂ ਦੀ ਛੋਟੇ ਕਿਸਾਨਾਂ ਦੀ ਤਸਵੀਰ ਹੈ।

ਇਸ ਗੀਤ ਵਿੱਚ ਗੀਤਕਾਰ ਕਿਸਾਨੀ ਜੀਵਨ 'ਚ ਪਾਣੀ ਦੇ ਮਹੱਤਵ ਨੂੰ ਦਰਸਾ ਰਿਹਾ ਹੈ। ਮੈਂ ਇੱਥੇ ਥੋੜ੍ਹਾ ਹੋਰ ਵਿਸਥਾਰ ਵਿੱਚ ਗੱਲ ਕਰਾਂਗਾ ਕਿਉਂਕਿ ਯਮਲਾ ਜੀ ਨੇ ਹਰ ਗੀਤ ਵਿੱਚ ਬਹੁਤ ਗਹਿਰੇ ਵਿਸ਼ੇ ਛੋਹੇ ਹਨ। ਇਕ ਗੀਤ ਦੇ ਵਿਸ਼ਲੇਸ਼ਣ ਤੋਂ ਬਾਅਦ ਬਾਕੀ ਗੀਤਾਂ ਬਾਰੇ ਪਾਠਕ ਆਪਣੇ ਆਪ ਜਾਣਨਗੇ ਤੇ ਸਾਡੀ ਅਗਲੀ ਪੀੜ੍ਹੀ ਨੂੰ ਦੱਸਣਗੇ। ਖੇਤੀ ਪਾਣੀ ਤੋਂ ਬਿਨਾਂ ਸੰਭਵ ਨਹੀਂ ਤੇ ਉਸ ਸਮੇਂ ਪਾਣੀ ਦਾ ਕੁਦਰਤੀ ਸੋਮਾ ਮੀਂਹ ਜਾਂ ਨਦੀਆਂ ਨਾਲੇ ਹੀ ਸਨ। ਧਰਤੀ ਹੇਠਲਾ ਪਾਣੀ ਕੱਢਣ ਲਈ ਖੂਹ ਮਨੁੱਖ ਦੀ ਪਹਿਲੀ ਲੋੜ ਸੀ ਤੇ ਹਲਟ ਮੁੱਢਲੀ ਤਕਨੀਕ। ਇੱਥੇ ਹਲਟ ਦਾ ਸੰਖੇਪ ਵੇਰਵਾ ਵੀ ਦੇਣਾ ਜ਼ਰੂਰੀ ਹੈ ਕਿਉਂਕਿ ਗੀਤ ਵਿੱਚ ਹਲਟ ਰੂਪਮਾਨ ਹੋਇਆ ਹੈ।


ਲਾਲ ਚੰਦ ਯਮਲਾ ਜੱਟ

ਹਲਟ ਖੂਹ ਵਿਚੋਂ ਪਾਣੀ ਕੱਢਣ ਦਾ ਯੰਤਰ ਸੀ, ਇਸਨੂੰ ਬਲਦ ਘੁੰਮਾਉਂਦੇ ਸਨ। ਹਲਟ ਦੇ ਮੁੱਖ ਭਾਗ ਇਸ ਤਰ੍ਹਾਂ ਸਨ:

**ਚੰਨੇ-** ਖੂਹ ਦੇ ਦੋਵੀਂ ਪਾਸੀਂ ਕੀਤੀ ਕੰਧ ਨੂੰ ਕਿਹਾ ਜਾਂਦਾ ਸੀ।
**ਕੁੱਤਾ-** ਲੀਵਰ ਜੋ ਗਰਾਰੀ ਨੂੰ ਪਿੱਛੇ ਮੁੜਨ ਤੋਂ ਰੋਕਦਾ ਸੀ।
**ਚਵ ਕਲੀ-** ਵੱਡੀ ਗਰਾਰੀ।
**ਬੈੜ-** ਖੂਹ 'ਤੇ ਲੱਗੀ ਚਰਖੜੀ।
**ਟਿੰਡਾਂ-** ਉਹ ਭਾਂਡੇ ਜੋ ਖੂਹ 'ਚੋਂ ਪਾਣੀ ਭਰ ਕੇ ਲਿਆਉਂਦੇ ਹਨ।
**ਪਾੜਛਾ-** ਬੈੜ ਦੇ ਵਿਚਕਾਰ ਰੱਖਿਆ ਹੋਇਆ ਹੁੰਦਾ ਸੀ, ਜੋ ਪਾਣੀ ਬਾਹਰ ਸਿੱਟਦਾ ਸੀ।
**ਗਾਧੀ-** ਇੱਕ ਲੰਬੀ ਲੱਕੜ ਹੁੰਦੀ ਸੀ, ਜਿਸ ਨਾਲ ਬਲਦਾਂ ਨੂੰ ਜੋਤ ਕੇ ਹਲਟ ਘੁੰਮਾਇਆ ਜਾਂਦਾ ਸੀ।

ਗੀਤਕਾਰ ਗੀਤ ਵਿੱਚ ਉਸ ਵੇਲੇ ਦਾ ਦ੍ਰਿਸ਼ ਪੇਸ਼ ਕਰਦਾ ਹੈ, ਜਦੋਂ ਪਰਿਵਾਰ ਸਾਂਝੇ ਹੁੰਦੇ ਸਨ। ਮਨ ਪ੍ਰਚਾਵੇ ਦੇ ਸਾਧਨ ਬਹੁਤ ਸੀਮਤ ਸਨ। ਜਦੋਂ ਰੇਡੀਓ, ਟੈਲੀਵਿਜ਼ਨ, ਮੋਬਾਇਲ, ਇੰਟਰਨੈਟ ਨੇ ਸਾਡੀਆਂ ਆਥਣਾਂ ਨੂੰ ਆਪਣੇ ਕਲਾਵੇ ਵਿੱਚ ਨਹੀਂ ਜਕੜਿਆ ਸੀ, ਬੱਚਿਆਂ ਲਈ ਖੇਡਣ ਕੁੱਦਣ ਤੋਂ ਇਲਾਵਾ ਮਨੋਰੰਜਨ ਦਾ ਸਾਧਨ ਦਾਦੀਆਂ, ਨਾਨੀਆਂ ਤੋਂ ਕਹਾਣੀਆਂ ਤੇ ਬਾਤਾਂ ਸੁਣਨੀਆਂ ਹੀ ਸੀ। ਬੱਚੇ ਬਾਤਾਂ ਬੁੱਝਦੇ-ਬੁੱਝਦੇ ਸੌਂ ਜਾਂਦੇ ਸਨ। ਬਾਤਾਂ ਦਿਮਾਗੀ ਕਸਰਤ ਦਾ ਸਰੋਤ ਵੀ ਸੀ ਅਤੇ ਸਾਡੇ ਸਭਿਆਚਾਰ ਦਾ ਅੰਗ ਵੀ। ਬਾਤ ਕਿਸੇ ਚੀਜ਼ ਦਾ ਰੂਪਕ ਹੁੰਦਾ ਹੈ। ਬਜ਼ੁਰਗ ਬਾਤਾਂ ਸੁਣਾਉਂਦੇ ਅਤੇ ਅੱਗਿਓਂ ਬੱਚਿਆਂ ਨੇ ਆਪਣੀ ਬੁੱਧੀ ਨਾਲ ਉਸਨੂੰ ਬੁੱਝਣਾ ਹੁੰਦਾ ਸੀ। ਮਿਸਾਲ ਵਜੋਂ:

*ਨਿੱਕੀ ਜਿਹੀ ਕੁੜੀ, ਲੈ ਪਰਾਂਦਾ ਤੁਰੀ।*
*ਜਿਸਦਾ ਉੱਤਰ ਹੈ ਸੂਈ ਧਾਗਾ।*

ਯਮਲਾ ਜੀ ਗੀਤ ਦਾ ਮੁੱਢ ਇਕ ਬਾਤ ਰਾਹੀਂ ਬੰਨ੍ਹ ਦੇ ਹਨ:

*ਆਰ ਢਾਂਗਾ ਪਾਰ ਢਾਂਗਾ ਵਿੱਚ ਟੱਲਮ ਟੱਲੀਆਂ*
*ਆਉਣ ਕੂੰਜਾਂ ਦੇਣ ਬੱਚੇ ਨਦੀ ਨਹਾਉਣ ਚੱਲੀਆਂ*

ਹੁਣ 'ਆਰ ਢਾਂਗਾ ਪਾਰ ਢਾਂਗਾ' ਦੀ ਤਸਵੀਰ ਦੇਖੋ ਕਿ ਹਲਟ ਦਾ ਧੁਰਾ ਦੋਵੇਂ ਪਾਸਿਆਂ ਤੋਂ ਬਾਹਰ ਕੱਢ ਕੇ ਚੰਨਿਆਂ ਦੇ ਉੱਪਰ ਰੱਖਿਆ ਹੋਇਆ ਹੈ। 'ਵਿੱਚ ਟੱਲਮ ਟੱਲੀਆਂ' ਬੈੜ ਟਿੰਡਾਂ ਨੂੰ ਲੈ ਕੇ ਘੁੰਮ ਰਹੀ ਹੈ। 'ਆਉਣ ਕੂੰਜਾਂ ਦੇਣ ਬੱਚੇ' ਟਿੰਡਾਂ ਖੂਹ ਵਿੱਚੋਂ ਪਾਣੀ ਲੈ ਕੇ ਆ ਰਹੀਆਂ ਹਨ। 'ਨਦੀ ਨਹਾਉਣ ਚੱਲੀਆਂ' ਖਾਲੀ ਹੋ ਕੇ ਦੁਬਾਰਾ ਫੇਰ ਖੂਹ ਵਿੱਚ ਪਾਣੀ ਲੈਣ ਜਾ ਰਹੀਆਂ ਹਨ।

ਯਮਲਾ ਜੀ ਇਸ ਤੋਂ ਬਾਅਦ ਪਹਿਲੇ ਅੰਤਰੇ ਵਿੱਚ ਲਿਖਦੇ ਹਨ:

*ਖੇਤਾਂ ਦਾ ਰਾਜਾ ਤੜਫਦਾ ਡਿੱਠਾ ਹਮੇਸ਼ਾ ਆਬ ਨੂੰ*
*ਝੋਈਆਂ 'ਚੋਂ ਝੱਟੇ ਝੱਟ ਕੇ, ਬੀਜਾਂਗੇ ਕੀਕੂੰ ਲਾਬ ਨੂੰ*
*ਸੋਕੇ ਨੇ ਲੱਕ ਤਰੋੜਿਆ, ਨਾ ਜਾਣ ਸਾਂਗਾਂ ਝੱਲੀਆਂ*

ਭਾਵ, ਕਿਸਾਨ ਹਮੇਸ਼ਾ ਪਾਣੀ ਲਈ ਤੜਫਦਾ ਰਿਹਾ, ਮੀਂਹ ਪਿਆ ਨਹੀਂ, ਮਾੜੂ ਹਾਲਤ ਬਣ ਗਏ। ਪਾਣੀ ਬਿਨਾਂ ਫਸਲ ਕਿਵੇਂ ਬੀਜਾਂਗਾ।

ਖੇਤਾਂ ਦਾ ਰਾਜਾ ਭਾਵ ਕਿਸਾਨ। 'ਆਬ' ਫਾਰਸੀ ਦਾ ਲਫਜ਼ ਹੈ, ਜਿਸ ਦਾ ਅਰਥ ਹੈ ਜਲ, ਪਾਣੀ ਜਾਂ ਨੀਰ। 'ਝੱਟਾ' ਉਹ ਯੰਤਰ ਸੀ ਜਿਸ ਨਾਲ ਪਾਣੀ ਨੂੰ ਨੀਵੀਂ ਥਾਂ ਤੋਂ ਉਛਾਲ ਕੇ ਫਸਲ ਤੱਕ ਪੁਜਦਾ ਕੀਤਾ ਜਾਂਦਾ ਸੀ। ਜੋ ਛੱਜ ਦੀ ਸ਼ਕਲ ਦਾ ਹੁੰਦਾ ਸੀ। ਝੱਟੇ ਦਾ ਕਿਰਿਆ ਰੂਪ 'ਝੱਟਣਾ' ਭਾਵ ਪਾਣੀ ਦੂਰ ਤੱਕ ਸਿੱਟਣਾ। 'ਲਾਬ' ਝੋਨੇ ਦੀ ਪਨੀਰੀ। 'ਸੋਕਾ' ਮੀਂਹ ਨਾ ਪੈਣ ਦੀ ਹਾਲਤ। ਲੱਕ ਤਰੋੜਿਆ ਤੋਂ ਭਾਵ ਹੈ- ਹਿੰਮਤ ਹਾਰ ਗਿਆ, 'ਸਾਂਗ' ਇੱਕ ਹਥਿਆਰ ਦੇ ਬਿੰਬ ਵਜੋਂ ਵਰਤਿਆ ਗਿਆ ਹੈ, ਜੋ ਲੋਹੇ ਦਾ ਬਣਿਆ ਹੁੰਦਾ ਸੀ ਤੇ ਅੱਗੇ ਤੋਂ ਤਿੱਖਾ ਹੁੰਦਾ ਸੀ। ਜਿਸਦਾ ਜ਼ਿਕਰ ਦੁੱਲੇ ਦੀ ਵਾਰ 'ਚ ਵੀ ਆਉਂਦਾ ਹੈ ਕਿ 'ਸਾਂਗ ਦਾਦੇ ਦੇ ਹੱਥ ਦੀ, ਆਉਂਦਾ ਕਰਦਾ ਮਾਰੋ-ਮਾਰ'। ਅੱਗੇ ਗੀਤ ਦਾ ਦੂਸਰਾ ਅੰਤਰਾ ਹੋਰ ਵੀ ਧਿਆਨ ਦੀ ਮੰਗ ਕਰਦਾ ਹੈ। ਯਮਲਾ ਜੀ ਕਹਿੰਦੇ ਹਨ:

**ਚੀਣਾਂ, ਸਵਾਂਕੀ ਸੁੱਕ ਗਏ, ਮੱਢਲ ਤੇ ਉਹ ਵੱਟ ਕੰਗਣਾਂ**
**ਅੰਨ ਬਾਝੋਂ ਜਾਪਦਾ, ਹੁਣ ਸਾਲ ਔਖਾ ਲੰਘਣਾਂ**
**ਔੜ ਮੱਕੀ ਮਾਰ ਗਈ, ਚੱਬਾਂਗੇ ਕਿੱਥੋਂ ਛੱਲੀਆਂ**

ਖੇਤਾਂ ਵਿੱਚ ਉੱਗਣ ਵਾਲੇ ਪੌਦੇ ਦੋ ਕਿਸਮ ਦੇ ਹੁੰਦੇ ਹਨ। ਇੱਕ ਤਾਂ ਉਹ ਜਿਨ੍ਹਾਂ ਨੂੰ ਬਿਜਾਈ ਕਰਕੇ ਉਗਾਇਆ ਜਾਂਦਾ ਹੈ, ਦੂਸਰੇ ਉਹ ਜਿਹੜੇ ਆਪ ਮੁਹਾਰੇ ਉੱਗਦੇ ਹਨ। ਆਪ ਮੁਹਾਰੇ ਉੱਗਣ ਵਾਲੇ ਪੌਦਿਆਂ ਨੂੰ 'ਨਦੀਨ' ਕਿਹਾ ਜਾਂਦਾ ਹੈ।

ਚੀਣਾਂ, ਸਵਾਂਕੀ, ਮੱਢਲ ਇਹ ਨਦੀਨ ਦੀਆਂ ਹੀ ਕਿਸਮਾਂ ਹਨ। 'ਮੱਢਲ' ਪਸ਼ੂਆਂ ਦਾ ਸਸਤੀ ਕਿਸਮ ਦਾ ਚਾਰਾ ਹੈ ਜਿਸ ਦਾ ਜ਼ਿਕਰ ਸ਼ਿਵ ਕੁਮਾਰ ਬਟਾਲਵੀ ਨੇ ਆਪਣੀ ਕਵਿਤਾ 'ਸ਼ੀਸ਼ੋ' ਵਿੱਚ ਵੀ ਕੀਤਾ ਹੈ:

**ਸ਼ਾਲਾ ਉਸ ਗਰਾਂ ਦੇ ਸੱਭੇ**
**ਹੋ ਜਾਣ ਬੁਰਦ ਮੁਰੱਬੇ**
**ਸੜ ਜਾਵੇ ਫਸਲ ਸਵੇ 'ਤੇ ਆਈ**
**ਬੋਹਲ ਪਿੜਾਂ ਵਿੱਚ ਲੱਗੇ**
**ਜਿਸ ਗਰਾਂ 'ਚੋਂ ਜ਼ਿੰਦਗੀ ਨਾਲੋਂ**
**'ਮੱਢਲ' ਮਹਿੰਗੀ ਲੱਭੇ**

**'ਸਵਾਂਕੀ'** ਜੰਗਲੀ ਕਿਸਮ ਦੇ ਚਾਵਲਾਂ ਦੀ ਕਿਸਮ ਹੈ, ਜਿਸਨੂੰ ਸੌਂਖੀਆ ਚਾਵਲ ਵੀ ਕਹਿ ਦਿੰਦੇ ਹਨ। ਭਾਵ ਸਪੱਸ਼ਟ ਹੈ ਕਿ ਬਰਸਾਤ ਬਿਨਾਂ ਨਦੀਨ ਵੀ ਸੁੱਕ ਗਏ, ਮੱਕੀ ਵੀ ਮਾਰੀ ਗਈ ਪਸ਼ੂਆਂ ਦਾ ਚਾਰਾ ਵੀ ਸੁੱਕ ਗਿਆ। ਅੰਨ ਬਾਝੋਂ ਸਾਲ ਭਰ ਕਿਵੇਂ ਲੰਘੇਗਾ। ਤੀਸਰੇ ਅੰਤਰੇ ਵਿੱਚ ਗੀਤਕਾਰ ਬਿਆਨ ਕਰਦਾ ਹੈ:

*ਮੈਣੇਂ ਦੀ ਭੁਰਜੀ ਖਾ ਕੇ, ਕੱਢੇ ਦਿਹਾੜੇ ਜੱਟ ਨੇ*
*ਅੱਠ ਟੋਪੇ ਮਸਰ ਛੋਲੇ, ਜੌਂ ਪੜੋਪੀ ਘੱਟ ਨੇ*
*ਪੰਜ ਧਾਈਆਂ ਕਣਕ ਹੋ ਗਈ, ਵਿਰਲੀਆਂ ਸੀ ਬੱਲੀਆਂ*

**'ਮੈਣਾਂ'** ਵੀ ਇੱਕ ਨਦੀਨ ਹੈ। 'ਟੋਪੇ', 'ਪੜੋਪੀ' ਉਹ ਭਾਂਡੇ ਹੁੰਦੇ ਸਨ। ਜਿਨ੍ਹਾਂ ਨਾਲ ਕਣਕ, ਜੌਂ, ਛੋਲਿਆਂ ਦੀ ਮਿਣਤੀ ਕੀਤੀ ਜਾਂਦੀ ਸੀ। ਆਕਾਰ ਅਨੁਸਾਰ ਵੱਡੇ ਨੂੰ ਟੋਪੇ (ਟੋਪੀਆ) ਤੇ ਛੋਟੇ ਨੂੰ ਪੜੋਪੀ ਕਿਹਾ ਜਾਂਦਾ ਸੀ। 'ਧਾਈਆਂ', ਜਦੋਂ ਕਣਕ ਫੁੱਟਦੀ ਹੈ ਤਾਂ ਇੱਕ ਬੂਟੇ 'ਤੇ ਵੀਹ ਤੋਂ ਪੱਚੀ ਸ਼ਾਖਾਵਾਂ ਪਾਟਦੀਆਂ ਹਨ। ਇਨ੍ਹਾਂ ਸ਼ਾਖਾਵਾਂ ਨੂੰ ਹੀ 'ਧਾਈਆਂ' ਕਹਿੰਦੇ ਹਨ। ਸੋਕੇ ਕਾਰਨ ਉਹਨਾਂ 'ਧਾਈਆਂ' ਦੀ ਗਿਣਤੀ ਪੰਜ ਹੀ ਰਹਿ ਗਈ ਤੇ ਵਿਰਲੀਆਂ ਵਿਰਲੀਆਂ ਬੱਲੀਆਂ ਹੋਈਆਂ। ਨਦੀਨ ਦੀ ਭੁਰਜੀ ਕੁੱਟ ਕੇ ਕਿਸਾਨ ਨੂੰ ਗੁਜ਼ਾਰਾ ਕਰਨਾ ਪਿਆ। ਬਹੁਤ ਮਾਮੂਲੀ ਮਾਤਰਾ ਵਿੱਚ ਕਣਕ, ਛੋਲੇ ਤੇ ਜੌਂਅ ਹੋਏ।

ਚੌਥਾ ਅੰਤਰਾ ਹੈ:

*ਚਰਸ ਬੋਕੇ ਪਾ ਕੇ, ਖੂਹਾਂ 'ਚੋਂ ਪਾਣੀ ਕੱਢਿਆ*
*ਛੋਟੇ ਕਿਆਰੇ ਪਾ ਕੇ, ਮੈਂ ਫਸਲ ਥੋੜਾ ਗੱਡਿਆ*
*ਸਿਰ ਕਰਜ਼ ਸਾਰੇ ਪਿੰਡ ਦਾ, ਲੰਘਾਂਗਾ ਕਿਹੜੀ ਗਲੀਆਂ*

**'ਚਰਸ ਬੋਕੇ'** ਵੀ ਖੂਹ ਵਿੱਚੋਂ ਪਾਣੀ ਕੱਢਣ ਦਾ ਯੰਤਰ ਸਨ। ਪਾਣੀ ਦੀ ਕਿੱਲਤ ਕਾਰਨ ਛੋਟੀਆਂ ਛੋਟੀਆਂ ਕਿਆਰੀਆਂ ਬਣਾ ਕੇ ਥੋੜ੍ਹੀ ਜਿਹੀ ਫਸਲ ਬੀਜੀ ਗਈ। ਸੋਕੇ ਕਾਰਨ ਕਰਜ਼ਾਈ ਹੋ ਚੁੱਕਿਆ ਛੋਟਾ ਕਿਸਾਨ ਆਪਣੀ ਵਿੱਥਿਆ ਦੱਸ ਰਿਹਾ ਹੈ।

ਪੰਜਵੇਂ ਅੰਤਰੇ ਵਿੱਚ:

*ਪੇਂਜੂ ਤੇ ਪੀਲਾਂ ਖਾਧੀਆਂ, ਮਲ੍ਹਿਆਂ ਤੋਂ ਖਾਧੇ ਬੇਰ ਨੇ*
*ਕਰੀਰਾਂ ਤੋਂ ਡੇਲੇ ਲਾਹ ਕੇ, ਭਾਬੀ ਨੂੰ ਦਿੱਤੇ ਦੂਰ ਨੇ*
*ਦਾਣੇ ਭੁੰਨਾ ਕੇ ਚੱਬਣੇ, ਜਦੋਂ ਦੁਪਹਿਰਾਂ ਢੱਲੀਆਂ*

**'ਪੇਂਜੂ'** ਕਰੀਰ ਦਾ ਪੂਰੀ ਤਰ੍ਹਾਂ ਪੱਕਿਆ ਫ਼ਲ ਹੁੰਦਾ ਹੈ। 'ਪੀਲਾਂ' ਮਾਲਵੇ ਵਿੱਚ ਉੱਗਣ ਵਾਲੇ ਵਣ ਦੇ ਦਰੱਖਤ ਨੂੰ ਲੱਗਣ ਵਾਲਾ ਫਲ ਹੈ। ਮਲ੍ਹੇ ਬੇਰੀ ਦੀ ਕਿਸਮ ਦਾ ਛੋਟੇ ਆਕਾਰ ਦਾ ਪੌਦਾ। ਇਹ ਤਿੰਨੋ ਹੀ ਸੋਕੇ ਦੀ ਮਾਰ ਵਿੱਚ ਜਿਆਦਾ ਫਲਦੇ ਹਨ। 'ਡੇਲੇ' ਕਰੀਰ ਦਾ ਹਰਾ ਫ਼ਲ ਜੋ ਆਚਾਰ ਪਾਉਣ ਦੇ ਕੰਮ ਆਉਂਦਾ ਹੈ। ਹੁਣ ਆਖਰੀ ਅੰਤਰੇ ਵਿੱਚ ਗੀਤਕਾਰ ਉਸ ਸਮੇਂ ਦਾ ਜ਼ਿਕਰ ਕਰਦਾ ਹੈ, ਜਦੋਂ ਖੂਹਾਂ 'ਤੇ ਹਲਟ ਆ ਗਏ:

*ਗਾਧੀ 'ਤੇ ਬੈਠਾ ਬਾਦਸ਼ਾਹ, ਸੋਚਦੈ ਤਦਬੀਰ ਨੂੰ*
*ਕੂੰਜਾਂ ਦੇ ਵਾਂਗੂੰ ਘੱਲਿਆਂ, ਖਾਲੀ ਟਿੰਡਾਂ ਬਿਨ ਨੀਰ ਨੂੰ*
*ਖਿਜ਼ਰ ਖਵਾਜ਼ੇ ਪੀਰ ਨੇ, ਦੇ ਕੇ ਮੁਰਾਂਦਾਂ ਘੱਲੀਆਂ*

**'ਗਾਧੀ'** ਉਹ ਲੰਮੀ ਲੱਕੜ ਸੀ, ਜਿਸ ਨਾਲ ਬਲਦ ਹਲਟ ਨੂੰ ਘੁੰਮਾਉਂਦੇ ਸਨ। ਕੁੱਝ ਇਲਾਕਿਆਂ ਵਿੱਚ ਇਸਨੂੰ ਗਾਧੜ ਵੀ ਕਿਹਾ ਜਾਂਦਾ ਹੈ। 'ਗਾਧੀ' ਦਾ ਜ਼ਿਕਰ ਪ੍ਰੋ. ਮੋਹਨ ਸਿੰਘ ਵੀ ਆਪਣੀ ਕਵਿਤਾ ਵਿੱਚ ਕਰਦੇ ਹਨ:

*ਇਹ ਗਾਧੀ ਬਣੀ ਨਵਾਰੀ, ਅੱਗੇ ਵਗਦਾ ਬਲਦ ਹਜ਼ਾਰੀ*
*ਕਰ ਏਸ ਉੱਤੇ ਅਸਵਾਰੀ, ਭੁੱਲ ਜਾਵਣ ਦੋਵੇਂ ਜੱਗ ਨੀਂ*
*ਸਾਡੇ ਖੂਹ 'ਤੇ ਵਸਦਾ ਰੱਬ ਨੀਂ...*

**'ਖਿਜ਼ਰ ਖਵਾਜ਼ਾ'** ਪਾਣੀ ਦਾ ਪੀਰ ਮੰਨਿਆ ਗਿਆ ਹੈ। ਦੰਦ ਕਥਾਵਾਂ ਅਨੁਸਾਰ ਇਸਨੂੰ ਪੰਜਾਂ ਪੀਰਾਂ ਵਿੱਚੋਂ ਇਕ ਮੰਨਦੇ ਹਨ। ਇਸ ਦਾ ਸਥਾਨ ਖੂਹ, ਦਰਿਆ, ਨਲਕਾ ਜਾਂ ਪਾਣੀ ਦਾ ਕੋਈ ਵੀ ਸੋਮਾ ਮੰਨਿਆ ਜਾਂਦਾ ਹੈ। ਪਾਣੀ ਲਈ ਖੂਹ ਪੁੱਟਣ ਤੋਂ ਪਹਿਲਾਂ ਨਲਕਾ ਲਾਉਣ ਤੋਂ ਪਹਿਲਾਂ ਇਸ ਦੀ ਪੂਜਾ ਕੀਤੀ ਜਾਂਦੀ ਸੀ ਤਾਂ ਜੋ ਪਾਣੀ ਮਿੱਠਾ ਨਿਕਲੇ। ਗਾਧੀ 'ਤੇ ਬਾਦਸ਼ਾਹ ਬਣਿਆ ਬੈਠਾ ਕਿਸਾਨ ਖਵਾਜ਼ੇ ਪੀਰ ਦਾ ਸ਼ੁਕਰੀਆ ਵੀ ਕਰ ਰਿਹਾ ਹੈ ਤੇ ਖੁਸ਼ੀ ਦਾ ਇਜ਼ਹਾਰ ਵੀ ਕਰ ਰਿਹਾ ਹੈ।

ਯਮਲਾ ਜੀ ਦੇ ਗੀਤਾਂ ਵਿੱਚੋਂ ਇਹ ਤਾਂ ਮਹਿਜ਼ ਇਕ ਨਮੂਨਾ ਹੈ। ਜਿਸ ਵੇਲੇ ਕਿਸਾਨ ਇੰਨੀਆਂ ਮੁਸ਼ਕਲਾਂ ਨਾਲ 'ਮੈਣੇ' ਦੀ ਭੁਰਜੀ ਖਾ ਕੇ, ਚਰਸ ਬੋਕੇ ਨਾਲ ਪਾਣੀ ਕੱਢ ਕੇ ਗੁਜ਼ਾਰਾ ਕਰਦੇ ਸੀ। ਖੂਹ 'ਤੇ ਹਲਟ ਲੱਗਣਾ ਹੀ ਬਹੁਤ ਵੱਡੀ ਖੁਸ਼ੀ ਦਾ ਸੋਮਾ ਸੀ।

ਭਾਵੇਂ ਕਿ ਯਮਲਾ ਜੀ 20 ਦਸੰਬਰ 1991 ਨੂੰ ਇਸ ਜਹਾਨ ਤੋਂ ਰੁਖਸਤ ਹੋ ਗਏ ਪਰ ਉਹਨਾਂ ਦੇ ਗੀਤ ਪੰਜਾਬੀ ਜ਼ੁਬਾਨ ਦਾ ਬੇਸ਼ਕੀਮਤੀ ਸਰਮਾਇਆ ਹਨ। ਯਮਲਾ ਜੀ ਦੇ ਅਨੇਕਾਂ ਹੀ ਗੀਤ ਹਨ, ਜਿਨ੍ਹਾਂ ਵਿੱਚ ਬਹੁਤ ਵੱਡੇ ਸੰਦੇਸ਼ ਦਿੱਤੇ ਗਏ ਹਨ। ਅੱਜ ਲੋੜ ਹੈ ਨਵੀਂ ਪੀੜ੍ਹੀ ਤੱਕ ਸਾਡੀ ਆਪਣੀ ਅਮੀਰ ਫਿਲਾਸਫੀ ਨੂੰ ਯਮਲਾ ਜੀ ਦੇ ਗੀਤਾਂ ਰਾਹੀਂ ਪੁੱਜਦਾ ਕੀਤਾ ਜਾਵੇ।

---

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥ ਜੋ ਮਾਗੈ ਸੋ ਭੂਖਾ ਰਹੈ॥ ਇਸੁ ਸੰਗਿ ਰਾਚੈ ਸੁ ਕਛੂ ਨ ਲਹੈ




ਮਨੁੱਖ ਦੀਆਂ ਸਾਰੀਆਂ ਖੁਸ਼ੀਆਂ, ਰੋਜ਼ਗਾਰ ਵਿਚੋਂ ਉਪਜਦੀਆਂ ਹਨ ਪਰ ਦੁਨੀਆਂ ਵਿੱਚ ਮੰਗਣਾ ਵੀ ਰੋਜ਼ਗਾਰ ਬਣ ਚੁੱਕਾ ਹੈ। ਮੰਗਤਿਆਂ ਲਈ ਜੀਵਨ ਨਿਰਬਾਹ ਕਰਨ ਲਈ ਭਾਰਤ ਦਾ ਜਲਵਾਯੂ ਕਈ ਥਾਂਵਾਂ ਤੇ ਦੋਸਤਾਨਾ ਹੈ ਪਰ ਕਨੇਡਾ ਵਿਚ ਅੱਤ ਦੀ ਸਰਦੀ ਹੋਣ ਦੇ ਬਾਵਜੂਦ ਮੰਗਤੇ ਜਨਤਕ ਥਾਂਵਾਂ ਤੇ ਵੇਖੇ ਜਾ ਸਕਦੇ ਹਨ। ਕਨੇਡਾ ਵਿਚ ਕਈ ਪ੍ਰਕਾਰ ਦੇ ਮੰਗਤੇ ਹਨ। ਕਈ ਵਿਅਕਤੀ ਜਿਹੜੇ ਮਾੜੀ ਸੰਗਤ ਕਾਰਨ ਜਾਂ ਨਸ਼ਿਆਂ ਕਾਰਨ ਆਪਣੀ ਸਿਹਤ ਅਤੇ ਰਿਕਾਰਡ ਖ਼ਰਾਬ ਕਰ ਬੈਠਦੇ ਹਨ ਉਹ ਵੀ ਮੰਗਣ ਲੱਗ ਪੈਂਦੇ ਹਨ। ਕਨੇਡਾ ਵਿਚ ਭਾਰਤ ਵਾਂਗ ਅਪਹਾਜ ਲੋਕ ਜਿਵੇਂ ਬਾਂਹ ਜਾਂ ਖ਼ਰਾਬ ਲੱਤ ਵਾਲੇ ਮੰਗਤੇ ਬਹੁਤ ਘੱਟ ਨਜ਼ਰੀਂ ਪੈਂਦੇ ਹਨ। ਬਹੁਤੇ ਮੰਗਤੇ ਸੜਕਾਂ ਉੱਪਰ ਲੱਗੀਆਂ ਲਾਈਟਾਂ ਤੇ, ਬਸ ਸਟਾਪ ਜਾਂ ਟਰੇਨ ਦੇ ਸਟੇਸ਼ਨ ਕੋਲ ਜਾਂ ਵੱਧ ਆਵਾਜਾਈ ਵਾਲੀਆਂ ਜਨਤਕ ਥਾਂਵਾਂ ਤੇ ਮੰਗਦੇ ਵੇਖੇ ਜਾ ਸਕਦੇ ਹਨ। ਕਈ ਮੰਗਤਿਆਂ ਦੀ ਸਿਹਤ ਅਤੇ ਪਹਿਨੇ ਹੋਏ ਕੱਪੜਿਆਂ ਨੂੰ ਵੇਖ ਕੇ ਅਹਿਸਾਸ ਹੁੰਦਾ ਹੈ ਕਿ ਇਹ ਤਾਂ ਕਿਤੇ ਵੀ ਲੇਬਰ ਕਲਾਸ ਦੀ ਨੌਕਰੀ ਕਰਨ ਦੇ ਯੋਗ ਹਨ। ਕਈ ਮੁਲਕਾਂ ਦੇ ਲੋਕ ਕਨੇਡਾ ਦੀ ਸਰਕਾਰ ਨੇ ਮੱਦਦ ਕਰਨ ਲਈ ਰਫ਼ਿਊਜ਼ੀ ਬਣਾ ਕੇ ਰੱਖੇ ਹੋਏ ਹਨ ਉਨ੍ਹਾਂ ਦੀਆਂ ਕੁੱਝ ਔਰਤਾਂ ਨਾਲੇ ਸਰਕਾਰੀ ਧਨ ਨੂੰ ਚੂਨਾ ਲਗਾ ਰਹੀਆਂ ਹਨ ਅਤੇ ਨਾਲੋ ਨਾਲ ਮੰਗ ਕੇ ਡਾਲਰ ਇਕੱਠੇ ਕਰ ਰਹੀਆਂ ਹਨ। ਸ਼ਹਿਰਾਂ ਵਿੱਚ ਮੰਗਤਿਆਂ ਦੇ ਵੀ HOT SPOT ਹੁੰਦੇ ਹਨ ਜਿੱਥੇ ਖੜ੍ਹਨ ਨਾਲ ਥੋੜ੍ਹੇ ਸਮੇਂ ਵਿਚ ਹੀ ਦਿਹਾੜੀ ਪੈ ਜਾਂਦੀ ਹੈ ਉੱਥੇ ਮੰਗਤਿਆਂ ਨੇ ਆਪੋ ਆਪਣੀ ਸ਼ਿਫ਼ਟ ਦਾ ਵਕਤ ਤਹਿ ਕੀਤਾ ਹੁੰਦਾ ਹੈ। ਕਈ ਵਾਰ ਜੇ ਕੋਈ ਓਵਰ ਟਾਈਮ ਲਗਾਉਣ ਲੱਗ ਪਵੇ ਤਾਂ ਆਪਸ ਵਿਚ ਲੜ ਵੀ ਪੈਂਦੇ ਹਨ। ਕਨੇਡਾ ਵਿਚਲੇ ਫੂਡ ਬੈਂਕਾਂ ਦੇ ਨੇੜੇ ਹੋ ਕੇ ਪਤਾ ਲੱਗਦਾ ਹੈ ਕਿ ਇੱਥੇ ਕਿੰਨੇ ਲੋਕ ਅੱਜ ਵੀ ਆਰਥਿਕ ਪੱਖੋਂ ਹੇਠਲੀ ਪੱਧਰ ਤੇ ਜੀਵਨ ਬਸਰ ਕਰ ਰਹੇ ਹਨ। ਧਾਰਮਿਕ ਸਥਾਨਾਂ ਦੇ ਲੰਗਰ ਹਾਲਾਂ ਵਿਚ ਲੱਗੀਆਂ ਲੰਬੀਆਂ ਲਾਈਨਾਂ ਸੋਚਣ ਲਈ ਮਜਬੂਰ ਕਰਦੀਆਂ ਹਨ। ਬਹੁਤ ਸਾਰੀਆਂ ਸੰਸਥਾਵਾਂ, ਚੈਰੀਟੀਆਂ ਆਦਿ ਬੇਘਰੇ ਅਤੇ ਭੁੱਖੇ ਲੋਕਾਂ ਲਈ ਹਰ ਰੋਜ਼ ਭੋਜਨ ਅਤੇ ਹੋਰ ਵਸਤੂਆਂ ਭੇਜਦੀਆਂ ਹਨ।

ਇਨਸਾਨ ਦੀ ਭੁੱਖ ਮਰਨ ਤੱਕ ਸ਼ਾਂਤ ਨਹੀਂ ਹੁੰਦੀ।

ਪੈਸੇ - ਡਾਲਰ ਦੀ ਖਿੱਚ ਕਾਰਨ ਹੀ ਧਾਰਮਿਕ ਸਥਾਨ ਤੇ ਅਮੀਰ ਵੀ ਗਰੀਬ ਬਣ ਕੇ ਜਾਂਦੇ ਹਨ ਅਤੇ ਵਾਹਿਗੁਰੂ ਨੂੰ ਜਚਾ ਦਿੰਦੇ ਹਨ ਕਿ ਸਿਰਫ ਮੈਨੂੰ ਹੀ ਤੇਰੀਆਂ ਬਖਸ਼ਿਸ਼ਾਂ ਦੀ ਲੋੜ ਸਭ ਤੋਂ ਵੱਧ ਹੈ। ਵੱਡੀਆਂ ਬੈਂਕਾਂ ਅਤੇ ਆਰਥਿਕ ਨੀਤੀਘਾੜਿਆਂ ਨੇ ਇੱਥੇ ਸਭ ਨੂੰ ਮੰਗਤੇ ਬਣਾ ਕੇ ਰੱਖਿਆ ਹੋਇਆ ਹੈ, ਕੋਈ ਘਰ ਲਈ ਕਰਜ਼ਾ ਮੰਗ ਰਹਾ ਹੈ ਕੋਈ ਕਾਰ ਲਈ, ਕੋਈ ਵਿਓਪਾਰ ਲਈ। ਰਿਸ਼ਤੇਦਾਰੀਆਂ ਵਿਚ ਵੀ ਮੰਗਤੇ ਹੁੰਦੇ ਹਨ ਜਿਨ੍ਹਾਂ ਨੇ ਬੇਸ਼ਰਮ ਹੋ ਕੇ ਮੰਗ ਲੈਣਾ ਹੁੰਦਾ ਹੈ ਅਤੇ ਜਦੋਂ ਡਾਲਰ ਦੇਣ ਵਾਲੇ ਨੂੰ ਧਨ ਦੀ ਲੋੜ ਪੈ ਜਾਵੇ ਅਤੇ ਗਲਤੀ ਨਾਲ ਉਹ ਮੰਗ ਲਵੇ ਤਾਂ ਜਵਾਬ ਮਿਲਦਾ ਹੈ ਦੇ ਦਿਆਂਗੇ ਅਸੀਂ ਕਿਤੇ ਭੱਜੇ ਜਾਂਦੇ ਹਾਂ।

ਜਸਵਿੰਦਰ ਸਿੱਧੂ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਧੰਨਵਾਦ ਸਹਿਤ ਕਾਪੀ ਕੀਤਾ

---




# ਜੱਟ ਕੀ ਜਾਣੇ ਲੌਂਗਾਂ ਦਾ ਭਾਅ

ਸੁਣਿਆ ਹੈ ਇੱਕ ਵਾਰੀ ਕੋਈ ਕਿਸਾਨ ਪੰਸਾਰੀ ਦੀ ਹੱਟੀ ਲੌਂਗ ਲੈਣ ਗਿਆ। ਪੰਜ ਰੁਪਏ ਦੁਕਾਨਦਾਰ ਨੂੰ ਫੜਾਏ ਤਾਂ ਅੱਗੋਂ ਪੰਜ-ਸੱਤ ਲੌਂਗ ਦੁਕਾਨਦਾਰ ਨੇ ਕਿਸਾਨ ਦੀ ਹਥੇਲ਼ੀ 'ਤੇ ਰੱਖ ਦਿੱਤੇ। ਉਹ ਲੌਂਗਾਂ ਦਾ ਫੱਕਾ ਮਾਰ ਕੇ ਦੁਕਾਨ ਮੂਹਰੇ ਚਾਦਰਾ ਵਿਛਾ ਕੇ ਬੈਠ ਗਿਆ। ਦੁਕਾਨਦਾਰ ਕਹਿੰਦਾ ਕੀ ਗੱਲ। ਕਿਸਾਨ ਆਖੇ ਲੌਂਗ ਢੇਰੀ ਕਰ, ਉਹ ਤਾਂ ਮੈਂ ਸੁਆਦ ਦੇਖਦਾ ਹੀ ਖਾ ਗਿਆ। ਇਹ ਕਹਾਣੀ ਉਸ ਸੁਭਾਅ ਦੀ ਸੂਚਕ ਹੈ ਜਿਸ ਮਨੁੱਖ ਦਾ ਵਾਹ ਲੰਮੇ ਅਰਸੇ ਤੋਂ ਬੋਹ਼ਲਾਂ ਨਾ਼ਲ, ਮਿੱਟੀ ਨਾ਼ਲ, ਡੰਗਰਾਂ ਨਾ਼ਲ ਜਾਂ ਕੁਦਰਤ ਨਾ਼ਲ ਬਿਨਾ ਤੋਲੇ-ਮਿਣੇ ਬਖ਼ਸ਼ੀ ਬਾਰਿਸ਼, ਧੁੱਪ ਤੇ ਛਾਂ ਨਾ਼ਲ ਪੈਂਦਾ ਰਿਹਾ ਹੈ। ਇਸ ਤਰ੍ਹਾਂ ਪ਼ਲਦੀ ਆ ਰਹੀ ਮਾਨਸਿਕਤਾ ਅੱਜ ਦੀ ਸੋਚ ਨਾ਼ਲ ਟਕਰਾ ਕੇ ਮੂਧੇ-ਮੂੰਹ ਡਿਗਦੀ ਨਜ਼ਰ ਆਉਂਦੀ ਹੈ। ਅੱਜ ਜਦ ਇੱਕ ਕਦਮ ਚੱਲਣ ਲਈ ਦੋ ਗਜ਼ ਧਰਤ ਸੁੰਭਰਨੀ ਪੈ ਰਹੀ ਹੈ ਤਾਂ ਇਹ ਜੱਟ -ਸੌਦਾ ਫੇਲ੍ਹ ਹੋ ਜਾਂਦਾ ਹੈ। ਇਹ ਲੇਖਾ-ਜੋਖਾ ਵੱਖਰਾ ਵਿਸ਼ਾ ਹੈ। ਪਰ ਮਾਰਚ ਤਕ ਪੂਰੀ ਹੋਈ ਨਿੱਬੜੀ ਫਰੋਲਣ ਦੀ ਪਿਰਤ ਹੈ। ਪੰਜਾਬੋਂ ਆਇਆਂ ਨੂੰ ਪਰਵਾਸੀ ਪੁੱਛਦੇ ਨੇ ਕਿ ਪੰਜਾਬੀਆਂ ਹੱਥ ਕਿਹੜੀ ਗਿੱਦੜਸਿੰਗੀ ਲੱਗੀ ਹੈ - ਵੱਡੀਆਂ ਕਾਰਾਂ ਦੀ ਭੀੜ, ਵੱਡੀਆਂ ਕੋਠੀਆਂ, ਪੈਰ-ਪੈਰ 'ਤੇ ਮੈਰਿਜ ਪੈਲਿਸਾਂ ਵਿਚ ਧੂੰਮ-ਧੜੱਕਾ, ਕਰਜ਼ਾ ਚੱਕ ਕੇ ਕੀਤਾ ਖਰਚਾ, ਪੂਰੀ ਖ਼ੁਸ਼ਹਾਲੀ, ਬਿਨਾ ਮਿਹਨਤ ਤੋਂ ਕਿਵੇਂ ਨਿਭ ਰਹੀ ਹੈ। ਵੱਧ ਹੈਰਾਨੀ ਜਵਾਨ ਪੀੜ੍ਹੀ 'ਤੇ ਹੈ - ਬਰੈਂਡਿਡ ਕੱਪੜੇ, ਜੁੱਤੀਆਂ, ਨਾਚ-ਗਾਣੇ, ਭੰਗੜੇ, ਮੋਬਾਈਲ ਹਵਾਲੇ ਰੁੱਝੇ ਹਨ। ਇਧਰ ਕੰਮ ਕਰਦੇ ਲੋਕ ਮਨਾਂ 'ਚ ਇਸ ਪੀੜ੍ਹੀ ਦੀ ਸਮਰੱਥਾ ਅਤੇ ਸੰਭਾਵਨਾ ਬਾਰੇ ਸਵਾਲ ਉਠਦੇ ਨੇ ਇਹ ਤਲਖੀਆਂ ਕਿਵੇਂ ਜਰਨਗੇ। ਸਰਫ਼ੇ ਦੀ ਇਸ ਔਲਾਦ ਦੀ ਤਕਸੀਮ ਹੁੰਦੀ ਜ਼ਮੀਨ, ਨੈਤਿਕਤਾ ਜਾਂ ਧਰਮ ਦਾ ਡਿਗਦਾ ਮਿਆਰ, ਤਿੜਕਦੇ ਰਿਸ਼ਤੇ ਸਭ ਜਿਉਣ-ਮੰਗ ਨੂੰ ਖੋਰਾ ਲਾ ਰਹੇ ਹਨ। ਬਾਹਰਲੀ ਚਕਾ ਚੌਂਧ ਇਹ ਝੁੱਗਾ ਚੌੜ ਕਰ ਰਹੀ ਹੈ। ਬਾਹਰਲੀਆਂ ਕੰਪਨੀਆਂ ਨੇ ਪੰਜਾਬ ਦੀ ਧਰਤੀ ਖੇਤੀ ਹੇਠੋਂ ਖਿਸਕਾ ਲੈਣ ਦੀ ਠਾਣ ਲਈ ਹੈ। ਕਿਸਾਨ ਹੋਰ ਕੋਈ ਕਿੱਤਾ ਸਿੱਖਣ ਤੋਂ ਇਨਕਾਰੀ ਹੈ। ਜ਼ਮੀਨਾਂ ਵੇਚ ਕੇ ਵੱਡੀ ਸਵਾਰੀ ਖ਼ਰੀਦ ਰਹੇ ਹਨ। ਔਲਾਦ ਹੱਥਾਂ 'ਚੋਂ ਨਿਕਲ ਰਹੀ ਹੈ। ਖੁਦਕੁਸ਼ੀਆਂ ਦੇ ਰਾਹ ਪੈ ਰਿਹਾ ਕਿਸਾਨ ਬੇ-ਵੱਸ ਹੈ। ਜ਼ਮੀਨ ਹੀ ਆਮਦਨ ਦਾ ਵਸੀਲਾ ਸੀ ਜੋ ਹੋਰਨਾਂ ਹੱਥਾਂ ਵਿਚ ਜਾ ਰਿਹਾ ਹੈ। ?ਹ ਗੱਲ ਹੋ ਗਈ - ਮੱਝ ਵੇਚ ਕੇ ਘੋੜੀ ਲਈ, ਦੁੱਧ ਪੀਣੋਂ ਗਏ ਲਿੱਦ ਚੱਕਣੀ ਪਈ। ਕੰਪਨੀ ਵਾ਼ਲੇ ਕਿਸਾਨ ਨੂੰ ਕਹਿ ਰਹੇ ਨੇ ਆਪਣੇ ਨੈਣ ਮੈਨੂੰ ਦੇ ਦੇ, ਮਟਕਾਉਂਦਾ ਤੂੰ ਫਿਰ। ਕਿਹਾ ਜਾਂਦਾ ਹੈ ਕਿ ਕਿਸਾਨ ਨੂੰ ਪੈਸਾ ਤੇ ਦੁਕਾਨਦਾਰ ਨੂੰ ਜ਼ਮੀਨ ਸਾਂਭਣ ਦਾ ਚੱਜ ਨਹੀਂ। ਇਉਂ ਇਹ ਅੱਜ ਦਾ ਮਟਕਾਉਣਾ ਕੱਲ੍ਹ ਨੂੰ ਮਹਿੰਗਾ ਪੈ ਸਕਦਾ ਹੈ। ਔਲਾਦ ਵੀ ਪੂਰਾ ਲਾਹਾ ਲੈ ਰਹੀ ਹੈ। ਵੱਡੇ ਸ਼ਹਿਰਾਂ ਦੀ ਪੀ ਜੀ ਵਿੱਚ ਪ਼ਲਦੀ ਇਹ ਪੀੜ੍ਹੀ ਬਾਹਰਲੇ ਮੁਲਕ ਜਾਣ ਦੀ ਰੀਝ ਨਾ਼ਲ ਕੰਮ ਤੋਂ ਮੁਨਕਰ ਹੈ। ਕਈਆਂ ਕੋ਼ਲ ਪੁੱਠੇ-ਟੇਢੇ ਢੰਗ ਨਾ਼ਲ ਸਾਧਨ ਹਨ ਪਰ ਕਿਸਾਨ ਹੱਥੋਂ ਖਿਸਕ ਰਹੇ ਹਨ। ਦੋਹਾਂ ਪੀੜ੍ਹੀਆਂ ਦਰਮਿਆਨ ਖਾਈ ਹੋਰ ਵੱਡੀ ਹੋ ਰਹੀ ਹੈ। ਦੋਹਾਂ ਵਿੱਚ ਕੋਈ ਪੁ਼ਲ ਉਸਰੇ ਤਾਂ ਗੱਲ ਬਣੇ।ਨਹੀਂ ਤਾਂ ਵਿਚੋਲੇ ਲੁੱਟ ਜਾਣਗੇ।

ਪੰਜਾਬ ਦਾ ਕਿਸਾਨ, ਜਵਾਨ, ਹਵਾ, ਪਾਣੀ, ਧਰਤੀ ਤੇ ਧੀਆਂ ਸਭ ਮੌਤ ਦੇ ਰਾਹ ਤੁਰ ਪਏ ਹਨ। ਫ਼ਜ਼ੂਲ ਖ਼ਰਚੀ, ਦਿਖਾਵਾ, ਅਨਪੜ੍ਹਤਾ ਜਿਹੀਆਂ ਅਲਾਮਤਾਂ ਪਰਿਵਾਰਾਂ ਨੂੰ ਖੋਖਲਾ ਕਰ ਰਹੀਆਂ ਹਨ। ਗੰਧ਼ਲੀ ਸਿਆਸਤ ਕੋ਼ਲ ਇਹ ਸਭ ਗੌਲਣ ਦੀ ਰੁਚੀ ਨਹੀਂ ਹੈ। ਤਬਦੀਲ ਹੋ ਰਹੀ ਇਸ ਮਾਨਸਿਕਤਾ ਬਾਰੇ ਕਈ ਵਿਦਵਾਨ ਚਿੰਤਾ ਕਰ ਰਹੇ ਹਨ। ਜਾਗਦੀ ਰੂਹ ਵਾਲਿਆਂ ਨੂੰ ਮੇਰੀ ਬੇਨਤੀ ਹੈ ਪੜ੍ਹਿਆਂ ਹੋਇਆਂ ਨੂੰ ਪੜ੍ਹਾਉਣ ਦਾ ਕੋਈ ਫ਼ਾਇਦਾ ਨਹੀਂ। ਕਿਸਾਨ ਨਾ਼ਲ ਨਿੱਜੀ ਰਾਬਤਾ ਕਰ ਕੇ ਉਸ ਨੂੰ ਸਮਝਾ?। ਮੇਰੀ ਅਪੀਲ ਹੈ ਕੋਈ ਜਾਗਰੂਕ ਸੰਥਾ ਹੰਭ਼ਲਾ ਮਾਰੇ , ਇਨ੍ਹਾਂ ਤੱਕ ਪਹੁੰਚ ਕਰੇ। ਪਟਿਆ਼ਲੇ ਹੜ੍ਹ ਆਇਆ ਸੀ ਤਾਂ ਪੇਂਡੂ ਲੋਕਾਂ ਨੇ ਪਾਣੀ ਵਿੱਚ ਤੁਰ ਕੇ ਰੋਟੀਆਂ ਢੋ ਦਿੱਤੀਆਂ ਸਨ। ਆਪਾਂ ਵੀ ਕਾਗ ਤੇ ਸਵਾਰ ਹੋ ਤੇ ਸੁਨੇਹਾ ਪੁਚਾਈਏ। ਪਿੰਡਾਂ ਦੇ ਸਕੂਲ ਅਧਿਆਪਕਾਂ ਨੂੰ ਹੋਰ ਸੁਚੇਤ ਕਰੀਏ। ਹਰ ਥਾਂ ਕੋਈ ਵਿਰਲਾ ਜ਼ਰੂਰ ਇਨ੍ਹਾਂ ਦੀ ਬਾਂਹ ਫੜਨ ਵਾ਼ਲਾ ਹੋਵੇਗਾ। ਕੁੱਝ ਸਾਲ ਪਹਿਲਾਂ 'ਹਮ ਦੋ ਹਮਾਰੇ ਦੋ' ਨਾਅਰਾ ਲਿਖਿਆ ਸੀ, ਸਭ ਨੇ ਉਹ ਪੜ੍ਹ ਕੇ ਆਪਣੇ ਪਰਿਵਾਰ ਵਿਉਂਤ ਧਰੇ। ਪਰ ਜਿਨ੍ਹਾਂ ਲਈ ਲਿਖਿਆ ਸੀ ?ਹ ਪਰਨਾ਼ਲਾ ?ਥੇ ਦਾ ?ਥੇ ਰਿਹਾ। ਇਉਂ ਹੀ ਇੱਕ ਵਾਰ ਪਟਿਆ਼ਲੇ ਦੀ ਤਹਿਸੀਲ ਦੀ ਧੁਆਂਖੀ ਜਿਹੀ ਕੰਧ ਉਪਰ ਲਿਖਿਆ ਸੀ - ਅਨਪੜ੍ਹਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਅੰਗੂਠਾ ਏਥੇ ਨਾ ਪੂੰਝੋ ਜੀ। ਇਸ ਦੇ ਨਾ਼ਲ ਕਈ ਅੰਗੂਠੇ ਲੱਗੇ ਦੇਖ ਕੇ ਹਾਸਾ ਵੀ ਆਇਆ। ਪਰ ਹੁਣ ਕਿਸਾਨਾਂ ਦੀ ਬੇ-ਤਰਤੀਬੀ ਦੇਖ ਕੇ ਇਹ ਹਾਸਾ ਤਮਾਸ਼ਾ ਬਣਦਾ ਨਜ਼ਰ ਆ ਰਿਹਾ ਹੈ। ਆ? ਰ਼ਲ ਕੇ ਇਸ ਬੇ-ਤਰਤੀਬੀ ਨੂੰ ਠੀਕ ਕਰੀਏ। ਕਿਸਾਨ ਨੂੰ ਲੌਂਗ ਦਾ ਭਾਅ ਦੱਸ ਹੀ ਆਈਏ ਕਿ ਖਰੀਦਣ ਲੱਗਿਆਂ ਆਪਣਾ ਵਿਤ ਅਤੇ ਵਸਤ ਵਿਚਲੀ ਵਿੱਥ ਜ਼ਰੂਰ ਜਾਣ ਲਵੇ।



ਕਹਾਣੀ

# ਨਾਸੂਰ



ਚੰਦਨ ਨੇਗੀ

ਰਾਤ ਅੰਤਾਂ ਦੀ ਕਾਲੀ ਹੈ। ਕਾਲੇ ਘਨਘੋਰ ਬੱਦਲ ਘਿਰੇ ਹਨ। ਹਵਾ ਬੰਦ ਹੈ। ਤਾਰੇ ਛੁਪੇ ਹਨ। ਹੁੰਮਸ ਹੈ। ਚਿਪ-ਚਿਪ ਕਰਦਾ ਪਸੀਨਾ ਹੈ। ਸਰੀਰਾਂ ਦੀ ਗੰਧ ਹੈ। ਰੁੱਖ, ਪੌਦੇ, ਘਾਹ ਵੀ ਆਕਾਸ਼ ਵੱਲ ਨਜ਼ਰਾਂ ਟਿਕਾਈ ਮੌਨ ਖਲੋਤੇ ਹਨ। ਨਾ ਘਾਹ ਦੀ ਸਰਸਰਾਹਟ ਹੈ, ਨਾ ਪੱਤਿਆਂ ਦੀ ਖਹਿਬੜ-ਕਾਨਾਫੂਸੀ। ਰਾਤ ਅੱਧੀ ਬੀਤ ਗਈ ਹੈ।

ਚੁਤਰਫ਼ੀਂ ਪਸਰੀ ਚੁੱਪ ਨੂੰ ਪੌਸ਼ ਕਾਲੋਨੀ ਦੇ ਪਿਛਵਾੜੇ ਉਗੜ-ਦੁਗੜ ਜ਼ਮੀਨ 'ਤੇ ਅਨਗਿਣਤ ਬਣੀਆਂ ਝੌਂਪੜੀਆਂ ਵਿਚ ਮਚੇ ਸ਼ੋਰ ਨੇ ਤ੍ਰੋੜਿਆ ਹੈ।

ਚੁੱਪ, ਇਕਾਂਤ, ਠਹਿਰੇ ਹੋਏ ਵਾਤਾਵਰਨ ਦੀ ਵੀ ਆਪਣੀ ਵਿਲੱਖਣ ਹੋਂਦ ਹੈ। ਥੋੜ੍ਹੀ ਜਿਹੀ ਹਿਲਜੁਲ ਦੀ ਆਵਾਜ਼ ਦੂਰ-ਦੂਰ ਤੀਕ ਪਹੁੰਚ ਜਾਂਦੀ ਹੈ। ਝੁੱਗੀਆਂ ਵਿਚ ਸ਼ੋਰ ਵਧ ਰਿਹਾ ਹੈ। ਆਵਾਜ਼ਾਂ ਨਾਲ ਹੋਰ ਆਵਾਜ਼ਾਂ ਰਲਗੱਡ ਹੋ ਗਈਆਂ ਹਨ। ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਵੀ ਹੋਰ ਉਚੀ ਹੋ ਗਈ ਹੈ। ਅਨੇਕਾਂ ਸਿਰ ਘਾਹ-ਫੂਸ ਦੀਆਂ ਛੱਤਾਂ ਵਾਲੀਆਂ ਝੁੱਗੀਆਂ ਦੇ ਨੀਵੇਂ-ਨੀਵੇਂ, ਨਿੱਕੇ-ਨਿੱਕੇ ਬੂਹਿਆਂ ਵਿਚੋਂ ਬਾਹਰ ਨਿਕਲ ਆਏ ਹਨ। ਸਾਰੇ ਹੈਰਾਨ ਹਨ। ਮੂੰਹਾਂ ਦੇ ਵਾਤ ਖੁੱਲ੍ਹੇ ਰਹਿ ਗਏ ਹਨ। ਅੱਖਾਂ ਅੱਡੀਆਂ ਗਈਆਂ ਹਨ।

ਸੁਖੀ ਰਾਮ ਦੀ ਔਰਤ ਰਾਮਕਲੀ ਝੁੱਗੀ ਵਿਚੋਂ ਧੰਨੀਆ ਨੂੰ ਵਾਲਾਂ ਤੋਂ ਫੜ ਕੇ ਘੜੀਸਦੀ ਬਾਹਰ ਲੈ ਆਈ ਹੈ ਅਤੇ ਉਹਨੂੰ ਪੁਰਾਣੀ ਲੀਰ ਵਾਂਗ ਝੁੱਗੀ ਵਿਚੋਂ ਬਾਹਰ ਸੁੱਟ ਦਿਤਾ ਹੈ। ਧੰਨੀਆ ਧਰਤੀ ਦੀ ਹਿੱਕ ਨਾਲ ਚਿਮੜੀ, ਲੋਕਾਂ ਦੀਆਂ ਆਵਾਜ਼ਾਂ ਸੁਣ ਰਹੀ ਹੈ। ਉਹ ਉਠਣਾ ਚਾਹੁੰਦੀ ਹੈ, ਆਪਣੇ ਆਪ ਨੂੰ ਸੰਭਾਲਣਾ ਚਾਹੁੰਦੀ ਹੈ, ਪਰ ਨਾ ਉਸ ਦੇ ਤਨ ਉਤਲਾ ਕੋਈ ਕੱਪੜਾ ਸਾਬਤ ਹੈ, ਨਾ ਹੱਡੀਆਂ ਵਿਚ ਉਠਣ ਦਾ ਜ਼ੋਰ ਹੈ। ਰਾਮਕਲੀ ਨੇ ਤਾਂ ਮਾਰ-ਮਾਰ ਉਸ ਦੀਆਂ ਹੱਡੀਆਂ ਕੜਕਾ ਦਿਤੀਆਂ ਹਨ। ਕੱਪੜੇ ਲੀਰੋ-ਲੀਰ ਕਰ ਦਿਤੇ ਹਨ। ਕੋਈ ਹੋਰ ਵੇਲਾ ਹੁੰਦਾ ਤਾਂ ਧੰਨੀਆ ਇਕ ਨੂੰ ਤਾਂ ਕੀ, ਕਈਆਂ ਨੂੰ ਧਰਤੀ ਉਤੇ ਡੇਗ ਲੈਂਦੀ, ਪਰ ਹੁਣ ਉਹ ਚੁੱਪ ਹੈ। ਭੱਜੇ-ਟੁੱਟੇ ਕੱਖ-ਕਾਨੇ ਵਾਂਗ ਧਰਤੀ ਦੀ ਹਿੱਕ ਨਾਲ ਚਿਮੜੀ ਲੋਕਾਂ ਦੀਆਂ ਗੱਲਾਂ ਸੁਣ ਰਹੀ ਹੈ।

ਕਿੰਨਾ ਕੋਸ ਰਹੇ ਹਨ ਇਸ ਬਸਤੀ ਦੇ ਸਾਰੇ ਮਰਦ। ਕਿੰਨਾ ਬੁਰਾ ਭਲਾ ਕਹਿ ਰਹੀਆਂ ਹਨ ਉਸ ਦੀਆਂ ਆਂਢਣਾਂ-ਗੁਆਂਢਣਾਂ। ਉਹ ਚੁੱਪ ਹੈ। ਲੋਕਾਂ ਦੀਆਂ ਗੱਲਾਂ ਸੁਣ ਰਹੀ ਹੈ। ਹਰ ਇਕ ਦੀ ਆਵਾਜ਼ ਪਛਾਣਦੀ ਹੈ। ਸਾਰਿਆਂ ਦੀਆਂ ਕਰਤੂਤਾਂ ਜਾਣਦੀ ਹੈ। ਉਹ ਸੋਚਦੀ ਹੈ, ਜੇ ਉਸ ਵਿਚ ਹਿੰਮਤ ਹੋਏ ਤਾਂ ਇਕ-ਇਕ ਨੂੰ ਨੰਗਾ ਕਰ ਦੇਵੇ। ਫਿਰ ਸਭ ਦੀਆਂ ਜ਼ੁਬਾਨਾਂ ਨੂੰ ਕਾਠ ਮਾਰ ਜਾਏਗਾ, ਨਜ਼ਰਾਂ ਪਥਰਾ ਜਾਣਗੀਆਂ, ਜਿਸਮਾਂ ਵਿਚੋਂ ਰੱਤ ਨੁਚੜ ਜਾਏਗੀ। ਇਹ ਸਾਰੀਆਂ ਔਰਤਾਂ, ਇਹ ਸਾਰੇ ਮਰਦ, ਆਪੋ-ਆਪਣੇ ਢਿੱਡ ਢਕਦੇ ਅੰਦਰ ਵੜ ਦੁਬਕ ਕੇ ਬੈਠ ਜਾਣਗੇ ਪਰ ਉਹ ਚੁੱਪ ਰਹੀ, ਧਰਤੀ ਦੀ ਹਿੱਕ ਨਾਲੋਂ ਵਿਛੜਨ ਦੀ ਉਸ ਵਿਚ ਸਮਰੱਥਾ ਨਹੀਂ ਸੀ।

ਧੰਨੀਆ ਤੇ ਰਾਮਕਲੀ ਦੀਆਂ ਝੁੱਗੀਆਂ ਦੀ ਕੰਧ ਸਾਂਝੀ ਹੈ।

ਝੁੱਗੀਆਂ ਝੌਂਪੜੀਆਂ ਦੀ ਇਹ ਬਸਤੀ ਧੰਨੀਆ ਦੀ ਝੌਂਪੜੀ ਨਾਲ ਹੀ ਵਸੀ ਹੈ। ਇਥੇ ਤਾਂ ਉਚੇ-ਉਚੇ ਅਬਰਕ ਦੇ ਟਿੱਲੇ, ਖਾਈਆਂ, ਉਗੜ-ਦੁਗੜ ਰਸਤੇ ਅਤੇ ਪੱਥਰ ਹੀ ਪੱਥਰ ਸਨ। ਦੁੱਧ ਧੋਤੀਆਂ ਚਾਨਣੀਆਂ ਰਾਤਾਂ ਵਿਚ ਹੀਰਿਆਂ ਵਾਂਗ ਚਮਕਦੇ ਸਨ ਪੱਥਰਾਂ ਵਿਚ ਜੜੇ ਅਬਰਕ ਦੇ ਟੋਟੇ। ਇਥੇ ਹੀ ਧੰਨੀਆ ਤੇ ਉਸ ਦਾ ਮਹਾਂਵੀਰ ਕੁਏਰੀ ਵਿਚ ਕੰਮ ਕਰਦੇ ਸਨ। ਮਹਾਂਵੀਰ ਬਰੂਦ ਲਾ ਕੇ ਪੱਥਰਾਂ ਦੇ ਸੀਨੇ ਪਾੜਦਾ ਸੀ। ਪੱਥਰਾਂ ਨੂੰ ਕੁੱਟ-ਕੁੱਟ ਧੰਨੀਆ ਅਤੇ ਸਾਥਣਾਂ ਰੋੜੀ ਬਣਾਂਦੀਆਂ ਸਨ। 'ਟਕ-ਟਕ-ਟਕ', ਸਾਰਾ ਦਿਨ ਹਥੌੜੀਆਂ ਚਲਦੀਆਂ, ਢੇਰ ਲਗਦੇ।

ਇਕ ਦਿਨ ਮਹਾਂਵੀਰ ਦੇ ਦੂਰ ਨੱਸਣ ਤੋਂ ਪਹਿਲਾਂ ਹੀ ਬਾਰੂਦ ਪਾਟ ਗਿਆ ਤੇ ਉਹ ਵੀ ਪੱਥਰ ਮਿੱਟੀ ਦੀ ਤਰ੍ਹਾਂ ਹਵਾ ਵਿਚ ਉਛਲ ਚੂਰ-ਚੂਰ ਦੂਰ ਜਾ ਡਿੱਗਿਆ ਸੀ। ਉਸ ਦੀ ਲੱਤ ਅਤੇ ਬਾਂਹ ਦੇ ਚੀਥੜੇ ਲਟਕ ਗਏ। ਮਹੀਨਿਆਂ ਬੱਧੀ ਉਹ ਹਸਪਤਾਲ ਪਿਆ ਰਿਹਾ। ਜਦੋਂ ਵਾਪਸ ਪਰਤਿਆ ਤਾਂ ਅੱਧਾ ਮਹਾਂਵੀਰ- ਇਕ ਲੱਤ, ਇੱਕ ਹੱਥ। ਉਦੋਂ ਉਸ ਦਾ ਪਹਿਲਾ ਬੱਚਾ ਕੁੱਝ ਮਹੀਨਿਆਂ ਦਾ ਸੀ।

ਕੋਠੀਆਂ ਦੇ ਪਿਛਵਾੜੇ ਧਰਤੀ ਸਾਵੀਂ-ਪੱਧਰੀ ਹੋ ਗਈ। ਟਿੱਬੇ, ਟੋਇਆਂ ਵਿਚ ਸਮਾ ਗਏ। ਪੱਥਰ-ਰੋੜੀ ਕੰਧਾਂ-ਸੜਕਾਂ ਵਿਚ ਚਿਣੇ ਗਏ। ਧੰਨੀਆ ਨੇ ਇਕ ਟੋਏ ਦੀ ਨੁੱਕਰ ਵਿਚ ਘਾਹ-ਫੂਸ ਦੀ ਛੱਤ ਬਣਾ ਲਈ। ਗਾਰੇ ਮਿੱਟੀ ਦੀਆਂ ਕੰਧਾਂ ਚਿਣ ਲਈਆਂ। ਅੱਧ-ਅਧੂਰਾ ਮਹਾਂਵੀਰ ਝੁੱਗੀ ਦੇ ਬਾਹਰ ਮੰਜੀ ਉਤੇ ਪਿਆ ਬੀੜੀਆਂ ਫੂਕਦਾ ਰਹਿੰਦਾ। ਕੁਝ ਹੀ ਦਿਨਾਂ ਵਿਚ ਹੋਰ ਝੁੱਗੀਆਂ ਵੀ ਬਣ ਗਈਆਂ।

ਹੁਣ ਧੰਨੀਆ ਦੇ ਚੇਤੇ ਦੀ ਇਕ ਘੜੀ ਨੂੰ ਕਾਠ ਮਾਰ ਗਿਆ ਹੈ ਕਿ ਪਹਿਲੀ ਵਾਰੀ ਉਸ ਔਰਤ ਨਾਲ ਮੁਲਾਕਾਤ ਕਿੰਜ ਹੋਈ ਜਿਹੜੀ ਉਸ ਦਾ ਬੱਚਾ ਲੈ ਗਈ ਸੀ। ਉਸ ਵੇਲੇ ਧੰਨੀਆ ਤੇ ਮਹਾਂਵੀਰ ਕਿੰਨੇ ਸੁਖੀ ਤੇ ਵਿਹਲੇ ਹੋ ਗਏ ਸਨ। ਤਾਰਿਆਂ ਦੀ ਛਾਂਵੇਂ ਉਹ ਔਰਤ ਬੱਚਾ ਲੈ ਜਾਂਦੀ ਸੀ ਤੇ ਦਿਨ ਡੁੱਬੇ ਤਾਰਿਆਂ ਦੀ ਛਾਂਵੇਂ ਕੁਝ ਪੈਸੇ ਤੇ ਬੱਚਾ ਵਾਪਸ ਦੇ ਜਾਂਦੀ ਸੀ। ਇਸ ਔਰਤ ਦਾ ਵੀ ਅਜੀਬ ਧੰਦਾ ਹੈ। ਮਜ਼ਦੂਰੀ ਕਰਦੀਆਂ ਔਰਤਾਂ ਦੇ ਬੱਚੇ ਕਿਰਾਏ 'ਤੇ ਲੈ ਜਾਂਦੀ ਹੈ। ਜਿੰਨਾ ਛੋਟਾ ਬੱਚਾ, ਉਨਾ ਹੀ ਉਸ ਦਾ ਦਿਹਾੜੀ ਦਾ ਕਿਰਾਇਆ ਵੱਧ ਦਿੰਦੀ ਹੈ। ਧੰਨੀਆ ਨੂੰ ਬੜਾ ਸੁਖ ਮਿਲਿਆ ਸੀ। ਬੱਚੇ ਦਾ ਖਾਣਾ ਖੁਰਾਕ ਸਭੋ ਕੁਝ ਉਸ ਦੇ ਹੀ ਜ਼ਿੰਮੇ ਹੁੰਦਾ ਸੀ। ਫਿਰ ਪੂਰੇ ਦਿਨਾਂ ਉਤੇ ਧੰਨੀਆ ਸਾਰੀ ਦਿਹਾੜੀ ਵੀ ਤਾਂ ਨਹੀਂ ਸੀ ਲਾ ਸਕਦੀ। ਹਫ ਜਾਂਦੀ। ਪੱਸਲੀਆਂ ਤਰਿੜਨ ਲੱਗ ਪੈਂਦੀਆਂ। ਕਮਰ ਟੁੱਟਣ ਲੱਗਦੀ ਸੀ। ਅੱਧੀ ਦਿਹਾੜੀ ਅਤੇ ਬੱਚੇ ਦੇ ਪੈਸਿਆਂ ਨਾਲ ਦੋਵੇਂ ਵੇਲੇ ਠਿੱਲ੍ਹ ਜਾਂਦੇ।

ਹਾਲੀ ਤਾਂ ਮਸਾਂ ਪਹੁ ਵੀ ਨਹੀਂ ਫੁਟਦੀ। ਚਿੜੀਆਂ, ਕਾਂ, ਪੰਛੀ, ਆਪੋ-ਆਪਣੇ ਆਲ੍ਹਣਿਆਂ ਤੋਂ ਬਾਹਰ ਆ 'ਸ਼ੁਭ ਸਵੇਰ' ਦਾ ਗੀਤ ਵੀ ਨਹੀਂ ਅਲਾਪਦੇ, ਉਹ ਔਰਤ ਧੰਨੀਆ ਦੀ ਝੁੱਗੀ ਦੇ ਬਾਹਰ ਆ ਕੇ ਬੈਠ ਜਾਂਦੀ। ਮੈਲੇ-ਕੁਚੈਲੇ ਕੱਪੜੇ, ਬਿਆਈਆਂ-ਫੁੱਟੇ ਪੈਰ, ਗਿੱਟਿਓਂ ਉਚੀ ਧੋਤੀ, ਤੇ ਧੋਤੀ ਦੇ ਡੱਬ ਵਿਚ ਲਟਕਦੀ ਮੈਲੀ ਜਿਹੀ ਗੁੱਥੀ ਜਿਸ ਵਿਚੋਂ ਟੀਨ ਦੀ ਡੱਬੀ ਦਾ ਤੰਬਾਕੂ ਕੱਢ ਤਲੀ 'ਤੇ ਮਸਲਦੀ ਹੈ ਤੇ ਫਿਰ ਹੇਠਾਂ ਇਕ ਪਾਸੇ ਰੱਖ ਲੈਂਦੀ ਹੈ। ਕਾਗ਼ਜ਼ ਦੀਆਂ ਪੁੜੀਆਂ ਖੋਲ੍ਹਦੀ ਹੈ, ਕੁਝ ਹਿਸਾਬ ਲਾਂਦੀ ਹੈ ਤੇ ਫਿਰ ਪੁੜੀ ਨੂੰ ਗੁੱਥੀ ਵਿਚ ਪਾ ਦਿੰਦੀ ਹੈ।

ਧੰਨੀਆ ਦਾ ਦੂਜਾ ਬੱਚਾ ਮਸਾਂ ਕੁਝ ਦਿਨਾਂ ਦਾ ਹੋਇਆ ਹੈ। ਉਹ ਦੂਜੇ ਬੱਚੇ ਨੂੰ ਵੀ ਲੈ ਗਈ ਹੈ। ਧੰਨੀਆ ਦਾ ਆਦਮੀ ਮਹਾਂਵੀਰ ਹੱਡੀਆਂ ਦੀ ਮੁੱਠ, ਸੁੱਕਾ ਮਰੀਅਲ, ਜਿਵੇਂ ਖੇਤਾਂ ਵਿਚ ਖਲੋਤਾ ਇਕ ਟੰਗਾ ਡਰਾਵਾ ਜਾਂ ਬਾਂਸ ਦਾ ਪੁਤਲਾ, ਸਾਰਾ ਦਿਨ ਬੈਠਾ ਰਹਿੰਦਾ ਹੈ। ਦੋ ਵਾਰੀ ਤਾਂ ਧੰਨੀਆ ਨੇ ਦੂਜੀ ਬਸਤੀ ਦੇ ਸਰਕਾਰੀ ਸਕੂਲ ਕੋਲ ਛਾਬਾ ਵੀ ਲਾ ਦਿੱਤਾ ਹੈ ਪਰ ਉਸ ਦੀ ਤਾਂ ਢਾਣੀ ਹੀ ਹੋਰ ਬਣ ਗਈ ਹੈ। ਕੰਮ ਕਰਨ, ਕਮਾਉਣ ਤੋਂ ਅਵੇਸਲਾ ਹੋ ਗਿਆ ਹੈ। ਦੋ ਪੈਸੇ ਕਮਾ ਲਏ ਤਾਂ ਜੂਏ ਜੁੰਡਲੀ ਵਿਚ ਜਾ ਬੈਠਾ। ਜਿੱਤ ਗਿਆ ਤਾਂ ਸ਼ਰਾਬ ਪੀ ਲਈ; ਹਾਰ ਗਿਆ ਤਾਂ ਧੰਨੀਆ ਦੀ ਖੈਰ ਨਾ ਹੁੰਦੀ। ਲੜਾਈ-ਝਗੜਾ, ਮਾਰ-ਕੁਟਾਈ। ਮਾਰ-ਮਾਰ ਧੰਨੀਆ ਦੀ ਬੋਟੀ-ਬੋਟੀ ਉਡਾ ਦਿੰਦਾ ਇਹ ਸੁੱਕਾ ਮਾੜਚੂ ਜਿਹਾ ਅੱਧਾ-ਅਧੂਰਾ ਮਰਦ। ਪਹਿਲੇ-ਪਹਿਲ ਤਾਂ ਝੁੱਗੀਆਂ ਵਾਲੇ ਬਚਾਂਦੇ ਰਹੇ, ਧੰਨੀਆ ਨੂੰ ਛੁਡਾਂਦੇ ਰਹੇ; ਫਿਰ ਰੋਜ਼ ਦਾ ਇਹੀ ਕਰਮ ਹੋ ਗਿਆ। ਉਸ ਔਰਤ ਦੇ ਆਂਦੇ ਹੀ ਉਹ ਝਪਟਾ ਮਾਰ ਪੈਸੇ ਖੋਹ ਲੈਂਦਾ ਅਤੇ ਉਸ ਦੀ ਬਿਸਾਖੀ ਦੀ ਟੱਕ-ਟੱਕ ਤੀਕ ਸੁਣੀਂਦੀ।

ਕਿੰਨੇ ਵਰ੍ਹਿਆਂ ਤੋਂ ਇਹੋ ਕਰਮ ਚਲਿਆ ਆ ਰਿਹਾ ਹੈ। ਕਈ ਵਾਰੀ ਧੰਨੀਆ ਬੱਚੇ ਲੈ ਕੇ ਜਾਣ ਵਾਲੀ ਔਰਤ ਦੇ ਪਿਛੇ-ਪਿਛੇ ਵੀ ਜਾਂਦੀ ਸੀ। ਬੱਚਾ ਉਸ ਔਰਤ ਦੀ ਝੋਲੀ ਵਿਚ ਰੋਂਦਾ-ਕੁਰਲਾਂਦਾ। ਦੂਰੋਂ ਵੇਖਦੀ ਧੰਨੀਆ ਦੇ ਜਿਸਮ ਵਿਚੋਂ ਸਾਰੀ ਰੱਤ ਨੁੱਚੜ ਜਾਂਦੀ ਸੀ। ਬੱਚਾ ਤੜਫਦਾ, ਜਿਵੇਂ ਉਸ ਦੀ ਗੋਦੜੀ ਵਿਚ ਕੰਡੇ, ਕਾਕਰੋਚ ਜਾਂ ਨੁਕੀਲੇ ਪੱਥਰ ਬੱਚੇ ਨੂੰ ਚੁਭਦੇ ਹੋਣ। ਬੱਚਾ ਜਿੰਨਾ ਜ਼ੋਰ ਨਾਲ ਰੋਂਦਾ-ਤੜਫਦਾ, ਉਨੇ ਹੀ ਔਰਤ ਤਰਲੇ ਪਾਂਦੀ, ਦੁਹਾਈ ਦਿੰਦੀ, ਪੈਸੇ ਮੰਗਦੀ, "ਮੇਰਾ ਬੱਚਾ ਭੂਖ ਸੇ ਮਰਾ ਰਹਾ ਹੈ, ਇਸ ਕੇ ਦੂਧ ਕੇ ਲੀਏ ਪੈਸੇ।" ਉਹ ਮੱਥੇ ਵੀ ਟੇਕਦੀ। ਲੋਕਾਂ ਦੇ ਪਿਛੇ ਵੀ ਦੌੜਦੀ। ਪੈਰੀਂ ਹੱਥ ਲਾਂਦੀ। ਕਦੇ ਇਕ ਚੁਰਾਹੇ ਵਿਚ ਖਲੋਂਦੀ, ਕਦੇ ਦੂਜੇ ਚੁਰਾਹੇ ਵਿਚ। ਬੱਚੇ ਨੂੰ ਗੋਦੀ ਵਿਚ ਲੈ ਕੇ ਮੰਗਣ ਨਾਲ ਉਸ ਦੀ ਦਿਹਾੜੀ ਚੰਗੀ ਬਣ ਜਾਂਦੀ। ਬੱਚੇ ਦੀਆਂ ਅੱਖਾਂ ਸੁੱਜ ਜਾਂਦੀਆਂ। ਆਵਾਜ਼ ਭਾਰੀ ਹੋ ਜਾਂਦੀ, ਤੇ ਸ਼ਾਮ ਨੂੰ ਆਪਣੀ ਮਾਂ ਕੋਲ ਬੱਚਾ ਬੇਸੁਰਤ ਜਿਹਾ ਪਿਆ ਰਹਿੰਦਾ। ਉਹ ਔਰਤ ਧੰਨੀਆ ਦੇ ਬੱਚੇ ਹੋਰ



ਮੰਗਤਿਆਂ ਨੂੰ ਕਿਰਾਏ ਉਤੇ ਦੇਣ ਲੱਗ ਪਈ ਸੀ। ਧੰਨੀਆ ਨੇ ਪੱਥਰ ਕੁੱਟਣੇ ਛੱਡ ਦਿੱਤੇ। ਨਾ ਪੂਰੀ ਦਿਹਾੜੀ ਲਾ ਸਕਦੀ ਸੀ, ਨਾ ਪੂਰੇ ਪੈਸੇ ਮਿਲਦੇ ਸਨ। ਹੁਣ ਉਸ ਤੋਂ ਸਾਰਾ ਦਿਨ ਹਥੌੜੀ ਨਹੀਂ ਸੀ ਵੱਜਦੀ। ਵਿਹਾਰ ਜਿਹਾ ਸ਼ੁਰੂ ਹੋ ਗਿਆ ਸੀ ਦੋਹਾਂ ਔਰਤਾਂ ਵਿਚ। ਕਿਹੋ ਜਿਹਾ ਸਮਝੌਤਾ ਸੀ ਤੇ ਕੇਹੀ ਸਾਂਝੇਦਾਰੀ! ਬੱਚਿਆਂ ਦੇ ਜਿਸਮਾਂ ਦਾ ਵਪਾਰ। ਧੰਨੀਆਂ ਦਾ ਪੈਰ ਜਦੋਂ ਵੀ ਭਾਰੀ ਹੁੰਦਾ ਹੈ, ਮਹਾਂਵੀਰ ਅਤੇ ਧੰਨੀਆ ਦੇ ਚਿਹਰੇ ਖਿੜ ਜਾਂਦੇ ਹਨ। ਹਸੂੰ-ਹਸੂੰ ਕਰਦੇ ਚਿਹਰੇ, ਘਰ ਵਿਚ ਇਕ ਹੋਰ ਨਵੇਂ ਜੀਅ ਦੀ ਆਮਦ ਦੇ ਵਾਧੇ ਦੀ ਖੁਸ਼ੀ ਹੁੰਦੀ ਹੈ। ਧੰਨੀਆ ਹੁਣ ਨਾ ਸ਼ਰਾਬ ਤੋਂ ਰੋਸ ਕਰਦੀ ਹੈ, ਨਾ ਮਾਰਾਂ ਤੋਂ ਆਪਣੇ ਆਪ ਨੂੰ ਬਚਾਉਂਦੀ ਹੈ। ਉਚੀ-ਲੰਮੀ, ਭਰਵੀਂ ਧੰਨੀਆ ਤਾਂ ਮਹਾਂਵੀਰ ਜਿਹੇ ਦੋ ਬੰਦਿਆਂ ਨੂੰ ਮੁੱਠੀਆਂ ਵਿਚ ਨਪੀੜ ਲਏ। ਉਸ ਅੱਧੇ-ਅਧੂਰੇ ਇਕ ਟੰਗ ਵਾਲੇ ਮਹਾਂਵੀਰ ਦੀ ਪਤਲੀ ਗਰਦਨ ਇਕੋ ਮਰੋੜੀ ਨਾਲ ਪਰ੍ਹਾਂ ਵਗਾਹ ਮਾਰੇ, ਪਰ ਉਹ ਥੋੜ੍ਹੀ ਦੇਰ ਬਾਅਦ ਹੀ ਮਹਾਂਵੀਰ ਕੋਲ ਲੰਮੀ ਪੈ ਜਾਂਦੀ ਹੈ। ਉਸ ਨੂੰ ਪਤਾ ਹੈ, ਫਿਰ ਉਹ ਉਸ ਨੂੰ ਅੰਤਾਂ ਦਾ ਪਿਆਰ ਕਰਦਾ ਹੈ ਅਤੇ ਉਸ ਦਾ ਪੈਰ ਭਾਰੀ ਹੋ ਜਾਂਦਾ ਹੈ। ਭਰੀ ਭਰਾਈ ਧੰਨੀਆ ਦੀ ਚਾਲ ਵਿਚ ਮਟਕ ਆ ਜਾਂਦੀ ਹੈ। ਕਦਮਾਂ ਹੇਠਲੀ ਧਰਤੀ ਨੂੰ ਕਾਂਬਾ ਛਿੜ ਜਾਂਦਾ ਹੈ। ਧੰਨੀਆ ਹਰ ਸਾਲ ਬੱਚਾ ਪੈਦਾ ਕਰਨ ਲੱਗ ਪਈ ਹੈ। ਇਹੀ ਸੀ ਉਸ ਦਾ ਧੰਦਾ। ਇਸ ਧੰਦੇ ਤੋਂ ਰੋਟੀ ਚਲਦੀ ਸੀ, ਮਹਾਂਵੀਰ ਦੀ ਸ਼ਰਾਬ, ਜੂਆ। ਤੇ ਧੰਨੀਆ ਜਿਵੇਂ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਬਣ ਗਈ ਹੋਵੇ। ਇਹੀ ਉਨ੍ਹਾਂ ਦੀ ਰੋਜ਼ੀ ਸੀ, ਇਹੀ ਕਮਾਈ, ਇਹੋ ਕੰਮ, ਇਹੋ ਵਿਹਾਰ।

ਕੀ ਦਿੰਦੀ ਸੀ ਉਹ ਔਰਤ ਬੱਚਿਆਂ ਨੂੰ? ਰਾਤ ਨੂੰ ਅੱਧ-ਬੇਹੋਸ਼ ਜਿਹੇ ਬੱਚੇ ਘਰ ਪਰਤਦੇ। ਬਾਂਹਵਾਂ ਲੱਤਾਂ ਉਤੇ ਰਿਸਦੇ ਜ਼ਖ਼ਮਾਂ ਦੀ ਉਨ੍ਹਾਂ ਨੂੰ ਨਾ ਪਰਵਾਹ ਹੁੰਦੀ, ਨਾ ਪੀੜ। ਅੱਧ ਨੰਗੇ, ਅੱਧ ਕੱਜੇ ਬੱਚੇ ਝੁੱਗੀ ਵਿਚ ਸਿਰਫ਼ ਰਾਤ ਕੱਟਦੇ। ਸੁੱਤੇ-ਸੁੱਤੇ ਨੰਗੇ ਢਿੱਡਾਂ ਉਤੇ ਹੱਥ ਮਾਰਦੇ, "ਭਗਵਾਨ ਕੇ ਨਾਮ ਕੋਈ ਪੈਸਾ... ਹਮਾਰਾ ਮਾਂ-ਬਾਪ ਮਰ ਗਯਾ...।" ਧੰਨੀਆ ਦੇ ਜਿਗਰ ਨੂੰ ਚੀਸਾਂ ਪੈਂਦੀਆਂ ਤਾਂ ਸਨ, ਪਰ ਰੋਜ਼ੀ-ਰੋਟੀ ਦਾ ਵੀ ਬੜਾ ਵੱਡਾ ਸਵਾਲ ਸੀ; ਢਿੱਡ ਦੀ ਭੁੱਖ ਦਾ, ਅੱਧੇ ਆਦਮੀ ਦੀਆਂ ਲੋੜਾਂ ਦਾ। ਧੰਨੀਆ ਨੂੰ ਮੋਹ ਵੀ ਤਾਂ ਨਹੀਂ ਸੀ ਉਪਜਦਾ, ਆਪਣੀ ਕੁੱਖ ਦੇ ਜਾਇਆਂ ਨਾਲ। ਪੈਸੇ ਖਾਤਰ ਹੀ ਉਸ ਬੱਚੇ ਜੰਮਾਏ। ਉਹ ਉਨ੍ਹਾਂ ਦੇ ਚਿਹਰੇ ਸਿਰਫ਼ ਰਾਤ ਦੇ ਹਨੇਰੇ ਵਿਚ ਹੀ ਦੇਖਦੀ ਜਿਵੇਂ ਕੋਈ ਮਹਿਮਾਨ ਸਿਰਫ਼ ਰਾਤ ਕੱਟਣ ਆਉਂਦੇ ਹੋਣ। ਝੁੱਗੀਆਂ ਦੇ ਹੋਰ ਬੱਚੇ ਬੇਫਿਕਰ ਖੇਡਦੇ, ਨੱਚਦੇ-ਕੁੱਦਦੇ ਵੇਖ ਉਹਦੀਆਂ ਆਂਦਰਾਂ ਵਿਚ ਕੜਵੱਲ ਵੀ ਪੈਂਦੇ, ਪਰ ਉਹ ਆਪੇ ਹੀ ਮੂੰਹ ਫੇਰ ਅਹਿਸਾਸ ਦਾ ਗਲਾ ਘੁੱਟ ਲੈਂਦੀ ਸੀ।

ਜਿਹੜੇ ਬੱਚੇ ਥੋੜ੍ਹੇ ਵੱਡੇ ਹੋ ਗਏ ਸਨ, ਉਸ ਔਰਤ ਨੇ ਹਸਪਤਾਲਾਂ, ਮੰਦਰਾਂ, ਚੁਰਾਹਿਆਂ ਉਤੇ ਉਨ੍ਹਾਂ ਨੂੰ ਥਾਂਵਾਂ ਮੱਲ ਦਿੱਤੀਆਂ ਸਨ। ਉਹ ਠੋਕਰਾਂ ਖਾਂਦੇ, ਨਸ਼ੀਲੀਆਂ ਗੋਲੀਆਂ ਫੱਕਦੇ, ਮੰਗਦੇ-ਮੰਗਦੇ, ਖੌਰੇ ਕਿਥੇ-ਕਿਥੇ ਧੱਕੇ ਖਾਂਦੇ ਚਲੇ ਗਏ। ਕਦੇ ਰਾਤ ਨੂੰ ਵੀ ਘਰ ਨਹੀਂ ਪਰਤਦੇ। ਉਨ੍ਹਾਂ ਦੇ ਚੇਤਿਆਂ ਤੋਂ ਮਾਂ-ਪਿਉ, ਝੁੱਗੀ, ਬਸਤੀ, ਕੱਖਾਂ-ਕਾਨਿਆਂ ਦੀਆਂ ਛੱਤਾਂ ਸਭ ਵਿਸਰ ਗਈਆਂ ਹਨ। ਉਨ੍ਹਾਂ ਦੇ ਆਪਣੇ ਹੀ ਅੱਡੇ ਬਣ ਗਏ ਹਨ। ਉਨ੍ਹਾਂ ਨੂੰ ਆਪਣੇ ਹੀ ਸਾਥੀ ਮਿਲ ਗਏ ਹਨ।

ਹੁਣ ਧੰਨੀਆ ਕੋਲ ਸਿਰਫ਼ ਦੋ ਹੀ ਬੱਚੇ ਰਹਿ ਗਏ ਹਨ। ਜਿੰਨੇ ਪੈਸੇ ਉਹ ਔਰਤ ਇਨ੍ਹਾਂ ਬੱਚਿਆਂ ਨੂੰ ਦਿੰਦੀ ਹੈ, ਉਸ ਨਾਲ ਤਾਂ ਉਨ੍ਹਾਂ ਦੇ ਪੇਟ ਦੀ ਭੱਠੀ ਨਹੀਂ ਝੁਲਸਦੀ। ਮਹਾਂਵੀਰ ਤਾਂ ਬੀੜੀਆਂ ਫੂਕਦਾ, ਸ਼ਰਾਬਾਂ ਪੀਂਦਾ ਸਾਹਸਤ-ਹੀਣ ਹੋ ਗਿਆ ਹੈ। ਕਦੇ ਉਹ ਰੋਂਦਾ ਹੈ, ਬੱਚਿਆਂ ਨੂੰ ਆਵਾਜ਼ਾਂ ਮਾਰਦਾ ਹੈ ਜਿਨ੍ਹਾਂ ਦੇ ਨਾਂ ਵੀ ਉਸ ਨੂੰ ਭੁੱਲ ਗਏ ਹਨ। ਧੰਨੀਆ ਵੀ ਸੋਚਦੀ ਹੈ, ਜੇ ਉਸ ਦੇ ਸਾਰੇ ਬੱਚੇ ਘਰ ਹੋਣ ਤਾਂ ਝੁੱਗੀ ਵਿਚ ਬੈਠ ਵੀ ਨਾ ਸਕਣ। ਉਸ ਨੂੰ ਆਪਣੀ ਹੀ ਕੁੱਖ ਦੇ ਜਾਇਆਂ ਦੀ ਗਿਣਤੀ ਭੁੱਲ ਜਾਂਦੀ ਹੈ। ਪੋਟਿਆਂ ਉਤੇ ਗਿਣਤੀ ਨੂੰ ਕਦੇ ਇਕ ਬੱਚਾ ਭੁੱਲ ਜਾਂਦਾ ਹੈ, ਕਦੇ ਦੂਜਾ। ਤੇ ਉਹ ਦੋਹਾਂ ਕੁੜੀਆਂ ਦੇ ਅੱਗੜ-ਪਿੱਛੜ ਹੋਏ ਮੁੰਡਿਆਂ ਨੂੰ ਪੋਟਿਆਂ ਉਤੇ ਗਿਣਦੀ ਹੈ, ਮੁੰਡੇ ਜਿਨ੍ਹਾਂ ਦੀਆਂ ਨੁਹਾਰਾਂ ਵੀ ਹੁਣ ਉਸ ਨੂੰ ਯਾਦ ਨਹੀਂ।

ਧੰਨੀਆ ਦਾ ਸਭ ਤੋਂ ਛੋਟਾ ਮੁੰਡਾ ਵੀ ਹੁਣ ਤਿੰਨ ਵਰ੍ਹਿਆਂ ਦਾ ਹੋ ਗਿਆ ਹੈ। ਅੱਠਾਂ ਕੁ ਵਰ੍ਹਿਆਂ ਦੀ ਬਾਲੜੀ ਨੂੰ ਕੁਏਰੀ ਪੱਥਰ ਢੋਣ-ਕੁੱਟਣ ਭੇਜ ਦਿੱਤਾ ਹੈ। ਬੱਚੇ ਦੀ ਸਾਰੇ ਦਿਨ ਦੀ ਮਿਹਨਤ ਦੇ ਪੈਸੇ ਤਾਂ ਬਹੁਤ ਘੱਟ ਮਿਲਦੇ ਹਨ, ਤੇ ਤਿੰਨ ਵਰ੍ਹਿਆਂ ਦੇ ਮੰਗਤੇ ਬੱਚੇ ਉਤੇ ਨਾ ਕੋਈ ਤਰਸ ਖਾਂਦਾ ਹੈ, ਨਾ ਉਹ ਖੁਦ ਮੰਗ ਸਕਦਾ ਹੈ। ਉਸ ਦਾ ਰੇਟ ਬਹੁਤ ਘੱਟ ਹੈ।

ਮਹਾਂਵੀਰ ਨੂੰ ਕਿੰਨੀ ਵਾਰੀ ਮਾਰਨ ਲਈ ਉਕਸਾਇਆ ਹੈ। ਸ਼ਰਾਬ ਦੀ ਬੋਤਲ ਤੋੜੀ, ਤਾਸ਼ ਅੱਗ ਵਿਚ ਤੇ ਬੀੜੀ ਦੀ ਡੱਬੀ ਚਿੱਕੜ ਵਿਚ ਸੁੱਟੀ, ਪਰ ਉਹ ਤਾਂ ਸਿਰਫ਼ ਗਾਲ੍ਹਾਂ ਹੀ ਬਕਦਾ, ਉਸ ਦੇ ਜਣਦੇ ਪੁਣਦਾ ਰਿਹਾ ਸੀ। ਨਾ ਮਾਰਨ ਲਈ ਉਲਰਿਆ, ਨਾ ਬਿਸਾਖੀ ਚੁੱਕ ਹੋਈ। ਉਸ ਦੇ ਤਾਂ ਹੱਥ ਵੀ ਕੰਬਦੇ ਹਨ, ਲੱਤ ਲੜਖੜਾਂਦੀ ਹੈ, ਬਿਸਾਖੀ ਡਗਮਗਾਂਦੀ ਹੈ, ਹੱਥਾਂ ਵਿਚ ਮੁੱਕਾ ਕੱਸਣ ਦੀ ਵੀ ਤਾਕਤ ਨਹੀਂ ਰਹੀ। ਜੋ ਹੱਥ ਲੱਗਾ, ਉਸ ਵਗਾਹ ਮਾਰਿਆ। ਧੰਨੀਆ ਦੇ ਮੱਥੇ ਉਤੇ ਫੱਟ ਪੈ ਗਿਆ। ਲਹੂ ਦੀ ਧਤੀਰੀ ਵਗ ਤੁਰੀ। ਹੁਣ ਉਹ ਕੀ ਕਰੇ? ਉਸ ਔਰਤ ਤੋਂ ਕਿੰਨਾ ਡਰ ਹੈ। ਉਹ ਰੋਜ਼ ਬੂਹਾ ਮੱਲ ਕੇ ਆ ਬੈਠਦੀ ਹੈ, "ਕਾਮ ਕਾ ਮੰਦਾ ਪੜ ਗਈ ਰੇ ਧੰਨੀਆ।" ਤੇ ਉਹ ਕਿੰਨੀਆਂ ਹੀ ਧਮਕੀਆਂ ਦੇ ਗਈ ਸੀ।

ਮੱਥੇ ਦੀ ਚੋਟ ਵਿਚੋਂ ਉਠਦੀਆਂ ਚੀਸਾਂ ਉਹ 'ਸੀਅ-ਸੀਅ' ਕਰਦੀ ਦਬਾਂਦੀ, ਚੁੱਪ ਪਈ ਉਸ ਔਰਤ ਦੀ ਸਿਰਫ਼ ਆਵਾਜ਼ ਸੁਣਦੀ ਰਹੀ, "ਧੰਨੀਆ, ਕੇ ਮੋਕਊ ਲਲਨਾ, ਮੰਦਰ ਕਾ ਬੇਲਾ ਬਿਹਾਈ ਜਾਵਤ।"

ਪਹਿਲਾਂ ਤਾਂ ਧੰਨੀਆ ਉਸ ਦੀ ਆਵਾਜ਼ ਨਾਲ ਹੀ ਉਠ ਬੈਠਦੀ ਸੀ। ਸੁੱਤੇ, ਜਾਗਦੇ, ਅੱਧ-ਸੁੱਤੇ, ਅੱਧ-ਜਾਗਦੇ ਰੀਂ-ਰੀਂ ਰੋਂਦੇ ਬੱਚਿਆਂ ਨੂੰ ਉਸ ਔਰਤ ਦੇ ਹੱਥ ਫੜਾ ਦਿੰਦੀ ਸੀ। ਤੇ ਉਹ ਧਰੀਕਦੀ-ਧਰੀਕਦੀ, ਮਾਰਦੀ, ਗਾਲ੍ਹਾਂ ਕੱਢਦੀ ਬੱਚਿਆਂ ਨੂੰ ਲੈ ਕੇ ਜਾਂਦੀ ਸੀ। ਅੱਜ ਧੰਨੀਆ ਦਾ ਜੀਅ ਕੀਤਾ ਕਿ ਉਸ ਔਰਤ ਦਾ ਗਿਰੇਵਾਨ ਪਕੜੇ, ਤੇ ਮਾਰ-ਮਾਰ ਝੁੱਗੀਆਂ ਤੋਂ ਦੂਰ ਨਾਲੇ ਦੇ ਪਾਰ ਧਰੀਕ ਕੇ ਲੈ ਜਾਏ, ਤੇ ਫਿਰ ਕਦੇ ਉਸ ਦਾ ਮੂੰਹ ਨਾ ਵੇਖੇ, ਪਰ ਉਹ ਕੁਝ ਵੀ ਨਹੀਂ ਕਰ ਸਕੀ। ਆਪਣੇ ਤਿੰਨਾਂ ਵਰ੍ਹਿਆਂ ਦੇ ਸੁੱਤੇ ਬੱਚੇ ਨੂੰ ਉਸ ਦੀ ਉਂਗਲੀ ਲਾ ਦਿੱਤਾ। ਰੋਂਦਾ ਬੱਚਾ, ਪੈਰੋਂ ਨੰਗਾ, ਤੇੜੋਂ ਨੰਗਾ।

ਅੱਜ ਧੰਨੀਆ ਦੇ ਜਿਸਮ ਵਿਚ ਅਜੀਬ ਤਰ੍ਹਾਂ ਦੀ ਅੱਚਵੀਂ ਮੱਚੀ ਹੈ। ਰਗ-ਰਗ ਵਿਚ ਸੂਈਆਂ ਦੀ ਚੋਭ ਹੈ। ਸਾਹ ਗਰਮ ਤੇ ਤੇਜ਼ ਹੈ। ਬਦਨ ਟੁੱਟਦਾ ਹੈ। ਹੋਠਾਂ ਉਤੇ ਪੇਪੜੀ ਜਿਹੀ ਜੰਮੀ ਹੈ। ਪਾਸੇ ਮਾਰ-ਮਾਰ ਹੰਭ ਗਈ ਹੈ। ਤਿੰਨਾਂ ਵਰ੍ਹਿਆਂ ਦਾ ਬੱਚਾ ਬੇਸੁਰਤ ਜਿਹਾ ਪਿਆ ਹੈ। ਕੁੜੀ ਥੱਕੀ-ਟੁੱਟੀ ਘੂਕ ਸੁੱਤੀ ਹੈ। ਮਹਾਂਵੀਰ ਨੇ ਆਪਣੀ ਇਕੋ-ਇਕ ਬਾਂਹ ਨੂੰ ਅੱਖਾਂ ਉਤੇ ਰੱਖਿਆ ਹੋਇਆ ਹੈ। ਉਸ ਦੀ ਦੂਜੇ ਬਾਂਹ ਤੇ ਲੱਤ ਦਾ ਟੁੰਡ ਕਦੇ-ਕਦੇ ਫ਼ਰਕਦੇ ਹਨ। ਅੱਧੀ ਰਾਤ ਹੋ ਗਈ ਹੈ। ਧੰਨੀਆ ਨੇ ਝੱਜਰੀ ਵਿਚੋਂ ਪਾਣੀ ਪੀਤਾ, ਤੇ ਗਲਾਸ ਵਿਚ ਕਿੰਨੀ ਦੇਰ ਹੋਂਠ ਡੁਬੋਈ ਰੱਖੇ। ਫਿਰ ਇਕ ਸੋਚ ਉਸ ਦੀਆਂ ਉਨੀਂਦਰੀਆਂ ਅੱਖਾਂ ਵਿਚ ਠਹਿਰ ਗਈ। ਉਹ ਉਠ ਕੇ ਬੈਠ ਗਈ। ਇੰਨੀ ਸਾਹ-ਸਤਹੀਣ ਤਾਂ ਉਹ ਪੱਥਰ ਢੋਂਦੀ ਵੀ ਨਹੀਂ ਸੀ ਹੋਈ। ਇੰਨੀ ਨਿਢਾਲ ਤਾਂ ਉਹ ਦਸ ਬੱਚੇ ਜੰਮ ਕੇ ਵੀ ਨਹੀਂ ਸੀ ਹੋਈ। ਪਹਿਲੀ ਵਾਰੀ ਅੱਧੀ ਰਾਤ ਨੂੰ ਜਦੋਂ ਧੰਨੀਆ ਨੇ ਆਪਣੀ ਝੌਂਪੜੀ ਦਾ ਤੰਗ ਜਿਹਾ ਬੂਹਾ ਉਕੜੂੰ ਹੋ ਕੇ ਉਲੰਘਿਆ, ਤਾਂ ਉਸ ਦੇ ਸਿਰ ਦੀ ਘਸਰਨ ਨਾਲ ਘਾਹ, ਫੂਸ, ਤੀਲੀਆਂ ਦੀ ਛੱਤ ਵਿਚੋਂ ਵੀ ਕੁਝ ਤਿੜਾਂ ਹੇਠਾਂ ਧਰਤੀ ਉਤੇ ਡਿੱਗੀਆਂ। ਉਹ ਮਲਕੜੇ ਜਿਹੇ ਟੁੱਟੇ-ਭੱਜੇ ਫੱਟਿਆਂ ਦੇ ਦਰ ਨੂੰ ਖੋਲ੍ਹ ਬਾਹਰ ਨਿਕਲ ਗਈ। ਤਖ਼ਤੇ ਕੰਬੇ, ਕੱਚੀਆਂ ਕੰਧਾਂ ਨਾਲੋਂ ਮਿੱਟੀ ਭੁਰੀ, ਧਰਤੀ ਦੀ ਹਿੱਕ ਕੰਬੀ। ਧੰਨੀਆ ਨੇ ਹੇਠਲਾ ਹੋਂਠ ਜ਼ੋਰ ਨਾਲ ਚਿਥਿਆ, ਤੇ ਝੌਂਪੜੀ ਦੇ ਟੀਨ ਨੂੰ ਸਰਕਾ ਕੇ ਅੰਦਰ ਵੜ ਗਈ। ਕੱਲ੍ਹ ਹੀ ਪਾਰਲੀ ਝੌਂਪੜੀ ਵਾਲੀ ਔਰਤ ਆਪਣੇ ਘਰ ਪਿੰਡ ਗਈ ਸੀ।

ਫਿਰ ਇਕ ਕਰਮ ਉਂਜ ਹੀ ਟੁਰ ਪਿਆ ਸੀ। ਦਰ-ਦਰ ਮੰਗਦੀ ਧੰਨੀਆ ਵੀ ਉਸੇ ਔਰਤ ਵਾਂਗ ਜਿਵੇਂ ਭਿਖਾਰਨ ਹੋਵੇ। ਝੁੱਗੀ-ਝੁੱਗੀ ਵਿਚੋਂ ਸੂਹਾਂ ਲੈਂਦੀ, ਮਰਦਾਂ ਪਿਛੇ ਪੈਂਦੀ, ਉਹ ਕੁੱਖ ਭਰਨ ਦੀ ਭੀਖ ਮੰਗਦੀ। ਉਸੇ ਔਰਤ ਦੀ ਤਰ੍ਹਾਂ ਜਿਹੜੀ ਭੁੱਖੇ ਪੇਟ ਲਈ ਝੂਠੇ ਅੱਥਰੂ ਵਗਾਂਦੀ, ਤਰਲੇ ਵਾਸਤੇ ਪਾਂਦੀ ਕਈ ਵਾਰੀ ਆਦਮੀਆਂ ਦੀਆਂ ਬਾਂਹਵਾਂ ਫੜ ਲੈਂਦੀ ਹੈ, ਕੱਪੜੇ ਫੜ ਲੈਂਦੀ ਹੈ, ਵਾਸਤੇ ਪਾਂਦੀ ਦੁਹਾਈ ਦਿੰਦੀ ਹੈ।

ਮਹਾਂਵੀਰ ਨੇ ਵੀ ਨੰਗੇ ਢਿੱਡ ਉਤੇ ਹੱਥ ਫੇਰ ਸਮਝੌਤਾ ਕਰ ਲਿਆ। ਉਹ ਨਾ ਧੰਨੀਆ ਨੂੰ ਮਾਰਦਾ, ਨਾ ਗਾਲ੍ਹਾਂ ਕੱਢਦਾ। ਦੋਹਾਂ ਵਿਚਾਲੇ ਠੰਢੀ ਚੁੱਪ ਪਸਰ ਗਈ। ਦੋਹੇਂ ਇਕ-ਦੂਜੇ ਤੋਂ ਅੱਖਾਂ ਚੁਰਾਂਦੇ। ਧੰਨੀਆ ਜਦੋਂ ਬੂਹੇ ਵਿਚੋਂ ਬਾਹਰ ਨਿਕਲਦੀ, ਮਹਾਂਵੀਰ ਦੀ ਲੱਤ ਤੇ ਬਾਂਹ ਦੇ ਟੁੰਡ ਕੰਬਣ ਲੱਗਦੇ। ਉਸ ਦੇ ਸੀਨੇ ਉਤੇ ਜਿਵੇਂ ਸੱਪ ਲੇਟ ਜਾਂਦਾ ਹੈ, ਤੇ ਅੱਖਾਂ ਮੀਚ ਮਚਲਾ ਬਣ ਜਾਂਦਾ ਹੈ। ਬਹੁਤੀਆਂ ਝੁੱਗੀਆਂ ਵਿਚ ਉਹ ਬੱਚਾ ਮੰਗਦੀ ਜਿਸਮ ਫੈਲਾਂਦੀ ਰਹੀ। ਦਰ-ਦਰ ਭਟਕ ਕੇ ਵੀ ਆਪਣਾ-ਆਪ ਗੁਆ ਕੇ ਵੀ, ਤਨ ਚੁੰਡਿਆ ਕੇ ਵੀ ਕੁਝ ਹੱਥ ਨਾ ਆਇਆ।

ਅੱਜ ਸੁਖੀ ਰਾਮ ਦੀ ਔਰਤ ਰਾਮਕਲੀ ਨੇ ਗੁੱਤੋਂ ਫੜ ਧਰੀਕਿਆ ਹੈ। ਮਾਰ-ਮਾਰ ਉਸ ਦੀਆਂ ਹੱਡੀਆਂ ਕੜਕਾ ਦਿੱਤੀਆਂ ਹਨ। ਕੱਪੜੇ ਲੀਰੋ-ਲੀਰ ਕਰ ਦਿੱਤੇ ਹਨ। ਆਪਣੀ ਸਾਂਝੀ ਕੰਧ ਤੋਂ ਉਸ ਧੰਨੀਆ ਦੀ ਝੁੱਗੀ ਦਾ ਖਪਰੈਲ ਵੀ ਹੇਠਾਂ ਵਗਾਹ ਮਾਰਿਆ ਹੈ। ਆਪਣੇ ਆਦਮੀ ਨੂੰ ਵੀ ਘਸੀਟਦੀ-ਘਸੀਟਦੀ ਬਾਹਰ ਲੈ ਆਈ ਹੈ। ਚੁਤਰਫ਼ੀ ਰੌਲਾ ਮਚਿਆ ਹੈ। ਹਰ ਕੋਈ ਦੂਜੇ ਨੂੰ ਚੋਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਮਰਦ ਮੌਜੂ ਕੱਸਦੇ ਹਨ, ਔਰਤਾਂ ਲਾਹਣਤਾਂ ਪਾਂਦੀਆਂ ਹਨ, ਕੁੜੀਆਂ ਦੁਬਕ ਕੇ ਅੰਦਰ ਝੁੱਗੀਆਂ ਵਿਚ ਵੜ ਗਈਆਂ ਹਨ, ਮੁੰਡੇ ਸੁਖੀ ਰਾਮ ਨਾਲ ਮਸ਼ਕਰੀਆਂ ਕਰਦੇ ਹਨ। ਉਹ ਗੋਡਿਆਂ ਪਰਨੇ ਅੱਖਾਂ ਨਿਵਾਈ ਚੁੱਪ ਬੈਠਾ ਹੈ।

ਧੰਨੀਆ ਧਰਤੀ ਦੀ ਹਿੱਕ ਨਾਲ ਜੁੜੀ ਹੈ। ਕਿਸੇ ਉਠਾਇਆ ਨਾ, ਕਿਸੇ ਬਿਠਾਇਆ ਨਾ। ਨਾ ਕਿਸੇ ਹਮਦਰਦੀ ਜਤਾਈ, ਨਾ ਕਿਸੇ ਅਪਣੱਤ ਵਿਖਾਈ। ਧੰਨੀਆ ਨੂੰ ਹਰ ਬੰਦੇ, ਹਰ ਔਰਤ ਦਾ ਪਤਾ ਹੈ ਕੋਈ ਕਿੰਨਾ ਕੁ ਨੰਗਾ ਹੈ। ਕਿੰਨੇ ਕੁ ਕੱਪੜਿਆਂ ਦੀਆਂ ਤਹਿਆਂ ਹੇਠਾਂ ਉਸ ਆਪਣਾ-ਆਪ ਲੁਕਾਇਆ ਹੋਇਆ ਹੈ। ਉਹ ਇਕ-ਇਕ ਨੂੰ ਸ਼ਰ੍ਹੇਆਮ ਪਰਦੇ ਪਾੜ ਨੰਗਾ ਕਰ ਸਕਦੀ ਹੈ, ਪਰ ਉਸ ਇਕੋ ਵਾਰ ਚੁਤਰਫ਼ੀ ਆਪਣੇ ਵੱਲ ਘੂਰਦੀਆਂ ਅੱਖਾਂ ਵੱਲ ਵੇਖਿਆ। ਘੂਰਦੀਆਂ, ਜਿਵੇਂ ਬਿੱਲੀਆਂ ਦੀਆਂ ਹਨੇਰੇ ਵਿਚ ਲਿਸ਼ਕਦੀਆਂ ਅੱਖਾਂ। ਨਜ਼ਰਾਂ, ਜਿਵੇਂ ਦੋ ਧਾਰੀਆਂ ਤਿੱਖੀਆਂ ਕਟਾਰਾਂ ਉਸ ਦੇ ਜਿਸਮ ਦੀ ਬੋਟੀ-ਬੋਟੀ ਕਰਨ ਲੱਗੀਆਂ ਹੋਣ; ਪਰ ਨਹੀਂ ਨਹੀਂ, ਉਸ ਦੇ ਸੁੰਨ ਦਿਮਾਗ ਵਿਚੋਂ ਇਕ ਚਿਣਗ ਨਿਕਲੀ, "ਇਹ ਤਾਂ ਉਲੂਆਂ ਦੀਆਂ ਅੱਖਾਂ ਨੇ। ਅਜੀਬ ਕਿਸਮ ਦੇ ਉੱਲੂ ਨੇ। ਇਨ੍ਹਾਂ ਦੀ ਇਹ ਨਜ਼ਰ ਆਪਣੀਆਂ ਕਰਤੂਤਾਂ ਵਾਰੀ ਪਥਰਾ ਜਾਂਦੀ ਹੈ।"

ਉਹ ਇਕੋ ਝਟਕੇ ਨਾਲ ਉਠੀ। ਅਣਗਿਣਤ ਭੂੰਡਾਂ ਦੀ ਭਿਣਭਿਣਾਹਟ ਉਸ ਦੇ ਕੰਨਾਂ ਵਿਚ ਪਈ ਅਤੇ ਉਹ ਦੂਰ ਖਾਈਆਂ-ਟੋਟਿਆਂ ਵੱਲ ਨਿਕਲ ਗਈ, ਜਿਥੇ ਕਦੇ ਉਚੇ-ਉਚੇ ਟਿੱਲੇ ਸਿਰ ਚੁੱਕ ਆਕਾਸ਼ ਦੀ ਨੀਲੱਤਣ ਮਾਣਦੇ ਸਨ। ਚੰਨ ਤਾਰਿਆਂ ਦੀ ਚਾਨਣੀ ਵਿਚ ਧੁਰ ਤੀਕ ਨਹਾਂਦੇ ਸਨ।

ਹੁਣ ਉਹ ਸਾਰਾ ਦਿਨ ਭਟਕਦੀ ਰਹਿੰਦੀ ਹੈ। ਹਸਪਤਾਲ, ਧਾਰਮਿਕ ਅਸਥਾਨ, ਭੀੜ-ਭੜੱਕੇ, ਜਿਥੇ ਵੀ ਉਹ ਅੱਧ-ਨੰਗਾ, ਅੱਧ-ਕੱਜਿਆ, ਨੀਮ ਬੇਹੋਸ਼ ਬੱਚਾ ਮੰਗਦਾ ਵੇਖਦੀ ਹੈ, ਉਸ ਵੱਲ ਧਾਂਹਦੀ ਹੈ, ਜੱਫ਼ੀ ਵਿਚ ਲੈਣਾ ਚਾਹੁੰਦੀ ਹੈ, ਸੀਨੇ ਨਾਲ ਘੁੱਟਣਾ ਚਾਹੁੰਦੀ ਹੈ। ਉਸ ਨੂੰ ਮਹਿਸੂਸ ਹੁੰਦਾ ਹੈ- ਇਹ ਹਜ਼ਾਰਾਂ ਬੱਚੇ, ਹਜ਼ਾਰਾਂ ਹੀ ਨੰਗੇ-ਭੁੱਖੇ ਢਿੱਡ ਸਾਰੇ ਉਸ ਦੇ ਜਾਏ ਨੇ, ਉਸੇ ਦੀਆਂ ਆਪਣੀਆਂ ਉਂਗਲਾਂ ਦੇ ਨਾਖੂਨ ਨੇ ਜਿਨ੍ਹਾਂ ਦਾ ਦਰਦ ਅਸਹਿ ਹੈ। ਇਹ ਨਾਖੂਨ ਉਸ ਦੇ ਸਾਰੇ ਜਿਸਮ ਉਤੇ ਉਗ ਪਏ ਨੇ, ਤੇ ਨਾਖੂਨਾਂ ਦੇ ਨਾਸੂਰ ਬਣ ਕੇ ਰਿਸਣ ਲੱਗ ਪਏ ਹਨ। ਕਿੰਨੀ ਪਾਗਲ ਜਿਹੀ ਹੋ ਗਈ ਹੈ। ਇਕ ਵੀ ਬੱਚਾ ਆਪਣਾ ਨਹੀਂ ਲਗਦਾ। ਸਾਰੇ ਦੇ ਸਾਰੇ ਹੀ ਆਪਣੇ ਹਨ। ਉਹ ਕੀ ਕਰੇ? ਉਹ ਚੌਕਾਂ ਵਲ ਦੌੜ ਪੈਂਦੀ ਹੈ। ਚੌਕਾਂ ਵਿਚ ਲਾਲ ਬੱਤੀਆਂ ਕਾਰਨ ਖਲੋਤੀਆਂ ਮੋਟਰਾਂ, ਕਾਰਾਂ, ਸਕੂਟਰਾਂ ਵਾਲਿਆਂ ਅੱਗੇ ਬੱਚੇ ਕਰਦੀਆਂ, ਤਰਲੇ-ਵਾਸਤੇ ਪਾਂਦੀਆਂ, ਮੰਗਦੀਆਂ ਔਰਤਾਂ ਦੇ ਕੁੱਛੜ ਛੋਟੇ-ਛੋਟੇ ਬੱਚੇ ਦੇਖ ਉਸ ਦਾ ਸੀਨਾ ਚਰੀਂਦਾ ਹੈ। ਮੰਗਤੀਆਂ ਦੇ ਕੁੱਛੜੋਂ ਬੱਚੇ ਖੋਂਹਦੀ ਹੈ, ਨੱਸਦੀ ਹੈ, ਡਿਗਦੀ ਹੈ, ਮਾਰਾਂ ਖਾਂਦੀ ਹੈ, "ਇਹ ਬੱਚੇ ਮੇਰੇ ਨੇ, ਇਹ ਬੱਚੇ ਮੇਰੇ ਨੇ !" ਥੱਕ-ਟੁੱਟ ਕੇ ਝੁੱਗੀ ਦੀ ਛੱਤ ਹੇਠਾਂ ਲੰਮੀ ਪੈ ਜਾਂਦੀ ਹੈ। ਆਪਣੇ ਝੁਰੜਾਂਦੇ ਪੇਟ ਉਤੇ ਹੱਥ ਫ਼ੇਰਦੀ ਸਿਰਫ਼ ਘਾਹ-ਫੂਸ ਦੀ ਛੱਤ ਨੂੰ ਘੂਰਦੀ ਹੈ। ਡਰਦੀ ਹੈ, ਉਸ ਦੇ ਅੰਦਰਲੀ ਅੱਗ ਨਾਲ ਇਹ ਛੱਤ ਵੀ ਨਾ ਸੜ ਜਾਏ। ਉਹ ਨਹੁੰਆਂ ਨਾਲ ਧਰਤੀ ਖੁਰਚਦੀ ਹੈ। ਝੁੱਗੀ ਅੰਦਰਲੀ ਧਰਤੀ ਨੂੰ ਖੁਰਚ-ਖੁਰਚ ਉਸ ਇਵੇਂ ਬਣਾ ਦਿੱਤਾ ਹੈ, ਜਿਵੇਂ ਕਿਸੇ ਨਰਸਰੀ ਦੀ ਕਿਆਰੀ ਦੀ ਨਵੀਂ ਫੁੱਟੀ ਪੌਦ ਹੁਣੇ ਵਿਕੀ ਹੋਏ ਤੇ ਧਰਤੀ ਟੋਏ-ਟੋਏ, ਮੋਰੀਆਂ-ਮੋਰੀਆਂ, ਸੱਖਣੀ ਖਾਲੀ ਹੋ ਗਈ ਹੋਏ।

## ਗ਼ਜ਼ਲ

ਸ਼ੀਸ਼ੇ ਵਰਗਾ ਲਹਿ ਗਿਆ ਅੰਦਰ
ਨਖ਼ਰੇ ਸ਼ੋਖ ਅਦਾਵਾਂ ਨਾਲ,
ਵੇਖੋ ਹੁਣ ਇਹ ਕਿੰਝ ਨਿਭਾਉਂਦਾ
ਮੇਰੇ ਦਿਲ ਦੇ ਚਾਵਾਂ ਨਾਲ।

ਅੰਤ ਨੂੰ ਆਪਣੀ ਛਾਂ ਦੇ ਹੇਠਾਂ
ਉਹ ਹਫ਼ ਕੇ ਆ ਡਿੱਗਿਆ ਹੈ,
ਚੰਦ ਕੁ ਧੁੱਪਾਂ ਖਾਤਿਰ ਜਿਹੜਾ
ਲੜਦਾ ਰਿਹਾ ਸੀ ਛਾਵਾਂ ਨਾਲ।

ਮੰਜ਼ਲ ਦਾ ਉਹ ਮੋਹ ਨਈਂ ਕਰਦਾ
ਗਾਹੁੰਦਾ ਜੰਗਲ ਬੇਲੇ ਹੀ,
ਰਿਸ਼ਤੇ ਨਾਤੇ ਘੂਰਨ ਉਹਨੂੰ,
ਉਹ ਦੀ ਬਣਦੀ ਰਾਹਵਾਂ ਨਾਲ।

ਜੁੱਗ ਕਈ ਬੀਤੇ ਨੇ , ਹਾਲੇ
ਸਾਡੀ ਮੁਕਤੀ ਹੋਈ ਨਾ,
ਵੰਝਲੀ ਸੁਣਦੇ ਉਮਰਾ ਬੀਤੀ
ਕਾਨ੍ਹਾ ਸਾਡੀ ਗਾਂਵਾਂ ਨਾਲ।

'ਗਿੱਲ' ਤੇਰਾ ਨਾਂ ਵੀ ਦਿੱਲੀ ਦੇ
ਸ਼ਾਇਰਾਂ ਦੇ ਵਿੱਚ ਹੋਣਾ ਸੀ,
ਜੇ ਕਰ ਤੂੰ ਨਾ ਚਲਦਾ ਹੁੰਦਾ
ਕਦੇ ਵੀ ਉਲਟ ਹਵਾਵਾਂ ਨਾਲ।



ਚਰਨਜੀਤ ਸਮਾਲਸਰ
98144-00878

## ਮਿਲੀ ਨਾ ਆਜ਼ਾਦੀ

ਲਾਹੁਣ ਲਈ ਗ਼ੁਲਾਮੀ ਗਲੋਂ ਮਿੱਤਰੋ
ਹੋਣਾ ਪੈਂਦਾ ਕੁਰਬਾਨ ਏ।
ਅੱਜ ਤੱਕ ਮਿਲੀ ਨਾ ਆਜ਼ਾਦੀ ਕਦੇ
ਮਿਲੀ ਨਾ ਵਿੱਚ ਦਾਨ ਏ।

ਗੋਰਿਆਂ ਨੂੰ ਕੱਢਿਆ ਤਾਂ ਆਪਣਿਆਂ
ਕਬਜ਼ਾ ਹੈ ਕਰ ਲਿਆ।
ਲੁੱਟ ਲੁੱਟ ਦੇਸ਼ ਨੂੰ ਲੁਟੇਰੇ ਹਾਕਮਾਂ
ਘਰ ਆਪਣਾ ਹੈ ਭਰ ਲਿਆ।
ਯਾਦ ਕਰ ਮੁੜ ਇਤਿਹਾਸ ਨੂੰ ਫਿਰ ਤੋਂ
ਬਚਾਉਣੀ ਇਹਦੀ ਸ਼ਾਨ ਏ।
ਲਾਹੁਣ ਲਈ ਗ਼ੁਲਾਮੀ ਗਲੋਂ ਮਿੱਤਰੋ
ਹੋਣਾ ਪੈਂਦਾ..........।

ਸਾਨੂੰ ਮਿਲੀ ਨਾ ਆਜ਼ਾਦੀ ਅਜੇ ਤੱਕ
ਕਾਹਦੇ ਜਸ਼ਨ ਮਨਾ ਲਈਏ।
ਆਜ਼ਾਦੀ ਵਾਲਾ ਝੰਡਾ ਜੇ ਹੈ ਝੁਲਾਉਣਾ
ਚੱਲ ਗਦਰ ਮਚਾ ਲਈਏ।
ਉਹ ਵੀ ਤਾਂ ਗਲੇ ਕਬਰੀਂ ਜਿਨ੍ਹਾਂ ਬਚਾ
ਰੱਖੀ ਸੀ ਜਾਨ ਏ।
ਲਾਹੁਣ ਲਈ ਗ਼ੁਲਾਮੀ ਗਲੋਂ ਮਿੱਤਰੋ
ਹੋਣਾ ਪੈਂਦਾ..........।

ਮਿਲਣ ਹੱਕ ਸਭ ਨੂੰ ਭੀਮ ਰਾਓ ਨੇ
ਐਸਾ ਸੰਵਿਧਾਨ ਲਿਖਿਆ।
ਮਿਟ ਗਿਆ ਪਾੜਾ ਵੱਡਾ ਸੀ ਜੋ
ਮਨੂੰ ਦੇ ਵਿਧਾਨ ਲਿਖਿਆ।
ਅੱਜ ਤੁਰੇ ਕਿਰਤੀ ਧੌਣ ਉੱਚੀ ਕਰ
ਨਾਲੇ ਹਿੱਕ ਤਾਣ ਏ।
ਲਾਹੁਣ ਲਈ ਗ਼ੁਲਾਮੀ ਗਲੋਂ ਮਿੱਤਰੋ
ਹੋਣਾ ਪੈਂਦਾ..........।



ਜਸਵੰਤ ਗਿੱਲ ਸਮਾਲਸਰ
97804-51878

## ਧਰਮ ਦੇ ਬਾਣੇ

ਪਾ ਲਏ ਨਿੱਜੀ ਸਵਾਰਥ ਖਾਤਰ,
ਅਸੀ ਧਰਮ ਦੇ ਬਾਣੇ।
ਬੇਸ਼ਰਮੀ ਦੀ ਹੱਦ ਹੋ ਗਈ,
ਰੱਬ ਬਿਠਾਇਆ ਥਾਣੇ।

ਬੇਅਦਬੀ ਦੇ ਦੋਸ਼ ਲਗਾਉਂਦੇ,
ਰਹੇ ਦੂਜਿਆਂ ਉੱਤੇ।
ਪਰ ਜੋ ਅਸੀ ਬੇਅਦਬੀ ਕੀਤੀ,
ਸਾਡਾ ਅੱਲ੍ਹਾ ਜਾਣੇ।

ਓਟ ਧਰਮ ਦੀ ਲੈਕੇ ਬਣਗੇ,
ਹਾਂ ਪੰਜਾਬ ਦੇ ਵਾਰਿਸ।
ਮੂੰਹ ਮੇ ਰਾਮ ਬਗਲ ਮੇ ਛੁਰੀਆਂ,
ਬਣੇ ਹਾਂ ਬੀਬੇ ਰਾਣੇ।

ਪੂਰੀ ਦੁਨੀਆਂ ਸਿੱਖ ਕੌਮ ਨੂੰ,
ਝੁਕਕੇ ਕਰੇ ਸਲਾਮਾਂ।
ਅੱਜ ਬਦਨਾਮ ਕਰਨ ਲਈ ਬੁਣਦੇ,
ਨਵੇਂ ਹੀ ਤਾਣੇ ਬਾਣੇ।

ਸਿਰ ਦੇਣਾ ਤੇ ਸਿਰ ਹੈ ਲੈਣਾ,
ਕਿਹੜੀ ਦੱਸ ਸਿਆਣਪ।
ਕਦੀ ਦਿਮਾਗ ਵਰਤਕੇ ਆਪਣਾ,
ਲਾਓ ਗੱਲ ਟਿਕਾਣੇ।



ਸੁਖਚੈਨ ਸਿੰਘ ਚੰਦ ਨਵਾਂ
+91 99149 73876

## ਮਰਦਾਨੇ ਨੂੰ ਮਰਦਾਨਣ



ਅਜੇ ਹੋਇਆ ਨਾ ਨਜ਼ਾਰਾ ਤੇਰੇ ਦੀਦ ਦਾ ।
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਵੇ ! ਉਹ ਧਨੀਆਂ ਦਾ ਪੁੱਤ, ਪੁੱਟ ਦੇਵੇ ਮੇਰੀ ਗੁੱਤ ।
ਜੇ ਮੈਂ ਆਖਾਂ ਨਾਨਕ ਨੇ ਸਾਨੂੰ ਹੈ ਉਜਾੜਿਆ ।
ਬੇਬੇ ਨਾਨਕੀ ਕੀ ਜਾਣੇ, ਮੈਂ ਤਾਂ ਐਵੇਂ ਉਹਦੇ ਭਾਣੇ,
ਭੁੱਖ ਦੁੱਖ ਦਾ ਉਲਾਂਭਾ ਉਹਦੇ ਸਿਰ ਚਾੜ੍ਹਿਆ ।
ਦਿਲ ਤ੍ਰਿਪਤਾ ਦਾ ਨਹੀਂ ਵੇ ਪਸੀਜਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਮਿਲੇ ਆਟਾ ਨਾ ਉਧਾਰ, ਬਾਬੇ ਕਾਲੂ ਦੇ ਦੁਆਰ ।
ਕੀ ਮੈਂ ਦੱਸਾਂ ਉਹ ਹੈ ਆਖਰਾਂ ਦਾ ਸੂਮ ਵੇ ।
ਕੱਢਾਂ ਜਦੋਂ ਮੈਂ ਭੜਾਸ, ਜਾ ਸੁਲੱਖਣੀ ਦੇ ਪਾਸ,
ਕਹਿੰਦੀ ਕਿਧਰੇ ਨੀ ਜਾਂਦਾ ਤੇਰਾ ਡੂੰਮ ਵੇ ।
ਸਾਡਾ ਲਾਰਿਆਂ ਤੇ ਚਿੱਤ ਨਾ ਪਤੀਜਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਭੁੱਖੀ ਮਾਤਾ ਅਧਮੋਈ, ਅੰਨ੍ਹੀ ਅੱਖੀਆਂ ਤੋਂ ਹੋਈ,
ਤੇਰੇ ਬਾਪ ਦਿਆਂ ਗੋਡਿਆਂ 'ਚ ਪੀੜ ਵੇ,
ਤੇਰੀ ਚੰਨੋ ਜਿੱਡੀ ਭੈਣ, ਮਤੇ ਬਿੱਜਾਂ ਉਹਨੂੰ ਪੈਣ,
ਅਜੇ ਹੋਇਆ ਨਾ ਜੁਆਨ ਤੇਰਾ ਵੀਰ ਵੇ ।
ਪੈਸਾ ਰੂਪ ਨੂੰ ਹੈ ਅੱਜ ਵੇ ਖਰੀਦਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਚੜ੍ਹੇ ਵਿਹੜੇ ਵਿਚ ਚੰਦ, ਲਖਮੀ ਤੇ ਸ੍ਰੀ ਚੰਦ,
ਜਦੋਂ ਹੁੰਦੇ ਨੇ ਸੁਲੱਖਣੀ ਦੇ ਕੋਲ ਵੇ ।
ਤੂੰ ਕੀ ਜਾਣੇ ਅਨਜਾਣਾ, ਕੀ ਹੈ ਸੋਚਦਾ ਜ਼ਮਾਨਾ,
ਸੁੰਨੀ ਹੋਵੇ ਬਾਲ ਬਾਝੋਂ ਜਦੋਂ ਝੋਲ ਵੇ ।
ਕਾਸਾ ਭਰਨਾ ਹੈ ਕਦੋਂ ਮੇਰੀ ਰੀਝ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।

ਡਿੱਗੇ ਬਾਪ ਹਥੋਂ ਸੋਟੀ, ਮੂੰਹ ਚ ਫੁੱਲ ਜਾਵੇ ਰੋਟੀ,
ਜਦੋਂ ਸੁਣੀਂਦਾ ਤੂੰ ਭੁੱਖਾ ਤੇ ਤਿਹਾਇਆ ਵੇ ।
ਮੇਰੇ ਖੁੱਲ੍ਹ ਗਏ ਵਾਲ, ਜਾਣੀ ਆ ਗਿਆ ਭੁਚਾਲ,
ਜਦੋਂ ਸੁਣਿਆ ਤੂੰ ਕੌਡੇ ਹੱਥ ਆਇਆ ਵੇ ।
ਟੁੱਟ ਜਾਣਾ ਸੀ ਪਿਆਲਾ ਵੇ ਉਮੀਦ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।


ਵੇਖ ਮੇਰੀ ਕੁਰਬਾਨੀ, ਭਾਵੇਂ ਕਿੰਨੀ ਭੁੱਖੀ ਭਾਣੀ,
ਪਰ ਵਧ ਹੈ ਸੁਲੱਖਣੀ ਤੋਂ ਜੇਰਾ ਵੇ ।
ਇਹ ਹੈ ਵੱਡਿਆਂ ਦਾ ਯੁੱਗ, ਤੇਰੀ ਸਕਣੀ ਨਾ ਪੁੱਗ,
ਨਾਉਂ ਲੈਣਾ ਨਹੀਂ ਸ਼ਤਾਬਦੀ ਚ ਤੇਰਾ ਵੇ ।
ਵੇ ਤੂੰ ਰਹੇਂਗਾ ਮੁਥਾਜ ਹਰ ਚੀਜ਼ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ ।



ਸੰਤ ਰਾਮ ਉਦਾਸੀ

# ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਨੇ ਨਵਾਂ ਸਾਲ ਅਤੇ ਜਨਵਰੀ ਮਹੀਨੇ ਦੇ ਤਿਉਹਾਰ ਮਨਾਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਜੈਨੇਸਸ ਸੈਂਟਰ ਵਿਖੇ 26 ਜਨਵਰੀ 2025 ਦਿਨ ਐਤਵਾਰ ਨੂੰ ਭਰਪੂਰ ਹਾਜ਼ਰੀ ਵਿੱਚ ਬਹੁਤ ਹੀ ਜੋਸ਼–ਓ– ਖਰੋਸ਼ ਨਾਲ ਹੋਈ। ਇਹ ਮੀਟਿੰਗ ਨਵੇਂ ਸਾਲ ਅਤੇ ਜਨਵਰੀ ਮਹੀਨੇ ਦੇ ਤਿਉਹਾਰਾਂ ਨੂੰ ਸਮਰਪਿਤ ਰਹੀ। ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਸ੍ਰੀ ਮਤੀ ਬਲਵਿੰਦਰ ਕੌਰ ਬਰਾੜ ਨੇ ਆਈਆਂ ਭੈਣਾਂ ਦਾ ਬਹੁਤ ਹੀ ਨਿੱਘਾ ਸਵਾਗਤ ਕੀਤਾ। ਸਭਾ ਦੇ ਸਕੱਤਰ ਗੁਰਨਾਮ ਕੌਰ ਨੇ ਸਭਾ ਦੀ ਕਾਰਵਾਈ ਸ਼ੁਰੂ ਕਰਦਿਆਂ, ਇਸ ਮਹੀਨੇ ਵਿੱਚ ਆਏ ਪ੍ਰਸਿੱਧ ਦਿਹਾੜਿਆਂ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ, ਲੋਹੜੀ,ਮਾਘੀ ਅਤੇ ਗਣਤੰਤਰ ਦਿਵਸ ਦੇ ਇਤਿਹਾਸ ਬਾਰੇ ਸੰਖੇਪ ਚਾਨਣਾ ਪਾਇਆ।ਗੁਰਦੀਸ਼ ਕੌਰ ਗਰੇਵਾਲ ਜੀ ਨੇ ਸਿਹਤ ਸੰਬੰਧੀ ਅਪਣੇ ਸੁਝਾਅ ਦਿੱਤੇ ਅਤੇ ਇੱਕ ਗੀਤ ਰਾਹੀਂ ਨਵੇਂ ਸਾਲ ਤੇ ਸਭਨਾਂ ਲਈ ਸੁੱਖਾਂ ਦੀ ਕਾਮਨਾ ਕੀਤੀ। ਸੁਖਵੰਤ ਕੌਰ ਬੈਂਸ, ਮਨਪ੍ਰੀਤ ਕੌਰ, ਜਸਵੀਰ ਕੌਰ, ਅੰਮ੍ਰਿਤਪਾਲ ਕੌਰ, ਸਿਮਰਦੀਪ ਕੌਰ, ਕਰਮਜੀਤ ਕੌਰ ਅਤੇ ਸਤਵਿੰਦਰ ਕੌਰ ਨਵੀਆਂ ਭੈਣਾਂ ਨੇ ਹਾਜ਼ਰੀ ਭਰੀ। ਸੁਰਿੰਦਰ ਸੰਧੂ, ਜਸਮਿੰਦਰ ਕੌਰ ਬਰਾੜ ਅਮਰਜੀਤ ਕੌਰ ਟਿਵਾਣਾ ਅਤੇ ਬਲਬੀਰ ਕੌਰ ਹਜ਼ੂਰੀਆ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਵਿਤਾਵਾਂ ਤੇ ਗੀਤ ਗਾ ਕੇ ਮਾਹੌਲ ਸੁਰਮਈ ਬਣਾ ਦਿੱਤਾ। ਦਲਬੀਰ ਕੌਰ ਅਤੇ ਜੁਗਿੰਦਰ ਪੁਰਬਾ ਨੇ ਲੋਹੜੀ ਦੇ ਗੀਤ ਗਾਏ। ਲਖਵਿੰਦਰ ਕੌਰ ਨੇ 'ਧੀਆਂ ਦੀ ਵੀ ਲੋਹੜੀ ਮਨਾਓ ਪੁੱਤਰਾਂ ਵਾਲਿਓ' ਗੀਤ ਨਾਲ ਹਾਜ਼ਰੀ ਲਵਾਈ। ਹਰਜੀਤ ਕੌਰ ਜੌਹਲ ਨੇ ਗਣਤੰਤਰ ਦਿਵਸ ਤੇ ਬਾਕਮਾਲ ਕਵਿਤਾ ਸੁਣਾਈ- ਕਿ ਕਿਵੇਂ ਅਜ਼ਾਦੀ ਦੇ ਆਉਣ ਨਾਲ ਸਰਮਾਏਦਾਰਾਂ ਨੇ ਲੋਕਾਂ ਦਾ ਖ਼ੂਨ ਚੂਸ ਕੇ ਉਨ੍ਹਾਂ ਦਾ ਜਿਉਣਾ ਦੁੱਭਰ ਕਰ ਦਿੱਤਾ ਹੈ। ਸਰਬਜੀਤ ਉੱਪਲ ਨੇ 'ਫੈਸ਼ਨ ਪ੍ਰਸਤੀ' ਅਤੇ 'ਆਓ ਖੁਦ ਨੂੰ ਪਿਆਰ ਕਰੀਏ' ਕਵਿਤਾਵਾਂ ਨਾਲ ਸਾਂਝ ਪਾਈ। ਨੌਜਵਾਨ ਕੁੜੀਆਂ ਮਨਿੰਦਰ ਕੌਰ, ਸਿਮਰਨਦੀਪ ਕੌਰ ਅਤੇ ਕਿਰਨ ਕਲਸੀ ਨੇ ਕਵਿਤਾਵਾਂ ਸੁਣਾਈਆਂ। ਗੁਰਜੀਤ ਬੈਦਵਾਨ ਅਤੇ ਬਲਵੀਰ ਕੌਰ ਗਰੇਵਾਲ ਨੇ ਵਕਤ ਦੀ ਅਹਿਮੀਅਤ ਦਰਸਾਉਂਦੀਆਂ ਹੋਈਆਂ ਸੰਖੇਪ ਰਚਨਾਵਾਂ ਸਾਂਝੀਆਂ ਕੀਤੀਆਂ। ਅਮਰਜੀਤ ਗਰੇਵਾਲ, ਸੁਰਿੰਦਰ ਸੰਧੂ, ਸਤਵਿੰਦਰ ਕੌਰ ਫਰਵਾਹਾ, ਸਤਵਿੰਦਰ ਕੌਰ ਬਲਵੀਰ ਕੌਰ ਗਰੇਵਾਲ, ਅਮਰਜੀਤ ਵਿਰਦੀ, ਗਿਆਨ ਕੌਰ, ਨੇ ਲੋਕ ਗੀਤ ਗਾਏ ਅਤੇ ਗਿੱਧਾ ਪਾਕੇ ਖ਼ੂਬ ਰੰਗ ਬੰਨ੍ਹਿਆ। ਅੰਤ ਤੇ ਹਰਪ੍ਰੀਤ ਕੌਰ ਨੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣ ਦਾ ਸੁਨੇਹਾ ਦਿੱਤਾ ਅਤੇ ਬਲਵਿੰਦਰ ਕੌਰ ਬਰਾੜ ਨੇ ਕੈਨੇਡਾ ਵਿੱਚ ਨਵੇਂ ਆਏ ਬੱਚਿਆਂ ਦੀ ਮੱਦਦ ਕਰਨ ਦੀ ਅਪੀਲ ਕਰਦਿਆਂ ਹੋਇਆਂ, ਸਾਰੀਆਂ ਭੈਣਾਂ ਦਾ ਧੰਨਵਾਦ ਕੀਤਾ। ਲਖਵਿੰਦਰ ਕੌਰ ਸਚਦੇਵਾ ਨੇ ਆਪਣੇ ਪੋਤਰੇ ਦੀ ਲੋਹੜੀ ਦੀ ਖੁਸ਼ੀ ਵਿੱਚ ਚਾਹ ਨਾਲ ਸਮੋਸੇ, ਲੱਡੂ ਖਵਾਏ ਜਦ ਕਿ ਇਸ ਤੋਂ ਪਹਿਲਾਂ– ਹਰਜਿੰਦਰ ਕੌਰ ਗਿੱਲ, ਹਰਪ੍ਰੀਤ ਕੌਰ, ਅਮਰਜੀਤ ਕੌਰ ਗਰੇਵਾਲ ਅਤੇ ਕਿਰਨ ਕਲਸੀ ਨੇ ਫਰੂਟ ਚਾਟ ਦੀ ਸੇਵਾ ਨਿਭਾਈ।



# ਅਪਾਰਟਮੈਂਟ ਯੂਨਿਟ ਵਿੱਚ ਅੱਗ ਲੱਗਣ ਨਾਲ ਦੋ ਬੱਚਿਆਂ ਸਮੇਤ ਤਿੰਨ ਜਣਿਆਂ ਦੀ ਮੌਤ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ )ਓਨਟਾਰੀਓ ਦੇ ਹੈਮਿਲਟਨ ਵਿੱਚ ਇੱਕ ਅਪਾਰਟਮੈਂਟ ਯੂਨਿਟ ਵਿੱਚ ਅੱਗ ਲੱਗਣ ਨਾਲ ਦੋ ਬੱਚਿਆਂ ਸਮੇਤ ਤਿੰਨ ਜਣਿਆਂ ਦੀ ਮੌਤ ਹੋ ਗਈ। ਇਹ ਅੱਗ ਜੌਨ ਅਤੇ ਕੈਥਰੀਨ ਸਟ੍ਰੀਟ ਦੇ ਨੇੜੇ ਸਥਿਤ 35 ਬ੍ਰੌਕ ਸਟ੍ਰੀਟ ਤੇ ਪੀਅਰ ਟਾਵਰਜ਼ ਅਪਾਰਟਮੈਂਟਸ ਵਿੱਚੋਂ ਇੱਕ ਦੀ ਪਹਿਲੀ ਮੰਜ਼ਿਲ 'ਤੇ ਲੱਗੀ ਸੀ। ਸੋਸ਼ਲ ਮੀਡੀਆ ਤੇ ਸਾਂਝੀਆਂ ਕੀਤੀਆਂ ਗਈਆਂ ਤਸਵੀਰਾਂ ਵਿੱਚ ਇਮਾਰਤ ਵਿੱਚੋਂ ਕਾਫੀ ਜ਼ਿਆਦਾ ਧੂੰਆਂ ਨਿਕਲਦਾ ਦੇਖਿਆ ਜਾ ਸਕਦਾ ਸੀ। ਹੈਮਿਲਟਨ ਫਾਇਰ ਚੀਫ਼ ਡੇਵਿਡ ਕਨਲਿਫ਼ ਨੇ ਕਿਹਾ ਕਿ ਅੱਗ ਦੀ ਸੂਚਨਾ ਮਿਲਣ ਉਪਰੰਤ ਫਾਇਰ ਫਾਈਟਰ ਤੁਰੰਤ ਪਹੁੰਚੇ ਅਤੇ ਉਨ੍ਹਾਂ ਹਾਲਵੇਅ ਅਤੇ ਪੌੜੀਆਂ ਵਿੱਚ ਸੰਘਣਾ ਧੂੰਆਂ ਵੇਖਿਆ, ਨਾਲ ਹੀ ਕਈ ਲੋਕ ਇਮਾਰਤ ਵਿੱਚੋਂ ਬਾਹਰ ਨਿਕਲਣ ਲਈ ਸੰਘਰਸ਼ ਕਰ ਰਹੇ ਸਨ। ਅੱਗ ਦੀ ਗੰਭੀਰਤਾ ਦੇਖਦਿਆਂ 60 ਤੋਂ ਵੱਧ ਫਾਇਰਫਾਈਟਰ ਅੱਗ ਤੇ ਕਾਬੂ ਪਾਉਣ ਲਈ ਮੌਜੂਦ ਸਨ। ਉਨ੍ਹਾਂ ਕਿਹਾ ਕਿ ਬਹੁਤ ਜ਼ਿਆਦਾ ਗੰਭੀਰ ਹਾਲਾਤ ਵਿੱਚ ਫ਼ਾਇਰ ਫਾਈਟਰਜ਼ ਨੇ ਅਪਾਰਟਮੈਂਟ ਵਿੱਚ ਆਪਣਾ ਰਸਤਾ ਬਣਾਇਆ ਅਤੇ ਅੱਗ 'ਤੇ ਕਾਬੂ ਪਾਇਆ। ਉਨ੍ਹਾਂ ਕਿਹਾ ਕਿ ਦੁੱਖ ਨਾਲ ਦੱਸਣਾ ਪੈ ਰਿਹਾ ਹੈ ਕਿ ਇਸ ਘਟਨਾ ਵਿੱਚ ਇੱਕ ਬਾਲਗ ਸਮੇਤ ਦੋ ਬੱਚਿਆਂ ਦੀ ਮੌਤ ਹੋ ਗਈ ਹੈ।

## ਟਰੱਕ ਦੀ ਟੱਕਰ ਨਾਲ ਜਿਊਲਰੀ ਸਟੋਰ ਨੂੰ ਲੁੱਟਣ ਦੀ ਕੋਸ਼ਿਸ਼

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ ) ਗਰੇਟਰ ਟੋਰਾਂਟੋ ਏਰੀਆ ਵਿੱਚ ਜਿਊਲਰੀ ਸਟੋਰਾਂ ਨੂੰ ਲੁੱਟਣ ਦਾ ਸਿਲਸਿਲਾ ਪਿਛਲੇ ਕਈ ਸਾਲਾਂ ਤੋਂ ਜਾਰੀ ਹੈ ਤੇ ਅਜੇ ਤੱਕ ਵੀ ਇਸ ਨੂੰ ਠਲ ਨਹੀਂ ਪਾਈ ਜਾ ਸਕੀ ਹਾਲਾਤ ਇਥੋਂ ਤੱਕ ਬਣੇ ਹਨ ਕਿ ਜਿਊਲਰੀ ਸਟੋਰ ਮਾਲਕਾਂ ਨੂੰ ਸਟੋਰਾਂ ਦੀ ਸੁਰੱਖਿਆ ਵਾਸਤੇ ਵਾਧੂ ਯਤਨ ਕਰਨੇ ਪੈ ਰਹੇ ਹਨ ਇਸੇ ਤਰ੍ਹਾਂ ਇੱਕ ਵਾਰਦਾਤ ਫਿਰ ਤੋਂ ਟੋਰਾਂਟੋ ਵਿੱਚ ਵਾਪਰੀ ਹੈ ਜਦੋਂ ਪੰਜ ਲੁਟੇਰਿਆਂ ਨੇ ਜਿਊਲਰੀ ਸਟੋਰ ਵਿੱਚ ਟਰੱਕ ਦੀ ਟੱਕਰ ਮਾਰ ਕੇ ਉਸ ਦਾ ਦਰਵਾਜ਼ਾ ਤੋੜ ਦਿੱਤਾ ਪਰ ਗਣੀਮਤ ਇਹ ਰਹੀ ਕਿ ਇਹ ਲੁਟੇਰੇ ਸਟੋਰ ਦੇ ਅੰਦਰ ਦਾਖਲ ਨਹੀਂ ਹੋ ਸਕੇ ਤੇ ਬਾਅਦ ਵਿੱਚ ਲੁਟੇਰੇ ਉਸ ਪਲਾਜ਼ੇ ਵਿੱਚੋਂ ਇੱਕ ਹੋਰ ਕਾਰ ਤੇ ਫਰਾਰ ਹੋ ਗਏ ਇਸ ਵਾਰਦਾਤ ਵਿੱਚ ਸਟੋਰ ਦੇ ਮਾਲਕ ਨੂੰ ਮਮੂਲੀ ਸੱਟਾਂ ਲੱਗੀਆਂ ਹਨ ਇੱਥੇ ਇਹ ਵੀ ਦੱਸ ਦਈਏ ਕਿ ਇਸੇ ਸਟੋਰ ਨੂੰ ਸੱਤ ਸਾਲ ਪਹਿਲਾਂ ਹਥਿਆਰਾਂ ਦੀ ਨੋਕ ਤੇ ਲੁੱਟਿਆ ਗਿਆ ਸੀ ਤੇ ਅੱਜ ਤੱਕ ਉਹ ਕੇਸ ਹੱਲ ਨਹੀਂ ਹੋ ਸਕਿਆ ਤੇ ਹੁਣ ਇਹ ਨਵੀਂ ਵਾਰਦਾਤ ਵਾਪਰ ਗਈ ਹੈ


## ਟਰੂਡੋ ਦੇ ਨੌ ਸਾਲ ਦੇ ਕਾਰਜਕਾਲ ਦੌਰਾਨ ਸਰਹੱਦਾਂ ਦੀ ਸੁਰੱਖਿਆ ਕਮਜ਼ੋਰ ਹੋਈ - ਪੋਲੀਵਰ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਜਦੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇਹ ਕਹਿੰਦਿਆਂ ਕੈਨੇਡਾ ਦੇ ਸਮਾਨ ਉੱਪਰ 25 ਫੀਸਦੀ ਟੈਰੀਫ ਲਗਾਉਣ ਦਾ ਐਲਾਨ ਕੀਤਾ ਗਿਆ ਸੀ ਕਿ ਕੈਨੇਡਾ ਦੀਆਂ ਸਰਹੱਦਾਂ ਰਾਹੀਂ ਅਮਰੀਕਾ ਵਿੱਚ ਫੈਂਟਾਨਿਲ ਵਰਗਾ ਨਸ਼ਾ ਆ ਰਿਹਾ ਹੈ ਅਤੇ ਮਨੁੱਖੀ ਤਸਕਰੀ ਹੋ ਰਹੀ ਹੈ ਤਾਂ ਇਸ ਮੁੱਦੇ ਤੇ ਕੈਨੇਡਾ ਦੀ ਮੁੱਖ ਵਿਰੋਧੀ ਧਿਰ ਕੰਜਰਵੇਟਿਵ ਪਾਰਟੀ ਦੇ ਲੀਡਰ ਪੀਅਰ ਪੋਲਿਵਰ ਨੇ ਆਖਿਆ ਹੈ ਕਿ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਦੇ ਨੌ ਸਾਲ ਦੇ ਕਾਰਜਕਾਲ ਦੌਰਾਨ ਸਰਹੱਦਾਂ ਦੀ ਸੁਰੱਖਿਆ ਕਮਜ਼ੋਰ ਹੋਈ ਹੈ ਜਿਸ ਕਾਰਨ ਅਪਰਾਧੀਆਂ ਨੂੰ ਸ਼ਹਿ ਮਿਲੀ ਹੈ

# ਓਨਟਾਰੀਓ ਦੀਆਂ ਮੱਧਕਾਲੀ ਚੋਣਾਂ 27 ਫ਼ਰਵਰੀ ਨੂੰ ਹੋਣਗੀਆਂ



ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ ) ਓਂਟਾਰੀਓ ਦੇ ਪ੍ਰੀਮੀਅਰ ਡਗ ਫ਼ੋਰਡ ਨੇ ਸੂਬੇ ਵਿੱਚ ਸਮੇਂ ਤੋਂ ਪਹਿਲਾਂ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਹੈ ਅਤੇ ਇਹ ਚੋਣਾਂ ਆਪਣੇ ਅਸਲ ਵਕਤ ਤੋਂ ਇੱਕ ਸਾਲ ਪਹਿਲਾਂ 27 ਫਰਵਰੀ ਨੂੰ ਹੋਣਗੀਆਂ ਵਰਨਨ ਯੋਗ ਹੈ ਕਿ ਅਸਲ ਵਿੱਚ ਇਹ ਚੋਣਾਂ ਅਗਲੇ ਸਾਲ ਜੂਨ ਵਿੱਚ ਹੋਣੀਆਂ ਸਨ ਪਰ ਪ੍ਰੀਮੀਅਰ ਡਗ ਫੋਰਡ ਨੇ ਪਹਿਲਾਂ ਹੀ ਆਖਿਆ ਸੀ ਕਿ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਦੇ ਕਾਰਜਕਾਲ ਨਾਲ ਨਜਿੱਠਣ ਲਈ ਉਹਨਾਂ ਨੂੰ ਜਨਤਾ ਦਾ ਨਵਾਂ ਫਤਵਾ ਚਾਹੀਦਾ ਹੈ। ਪ੍ਰੀਮੀਅਰ ਡਗ ਫੋਰਡ ਲੈਫਟੀਨੈਂਟ ਗਵਰਨਰ ਕੋਲ ਪਹੁੰਚੇ ਅਤੇ ਵਿਧਾਨ ਸਭਾ ਭੰਗ ਕਰਨ ਲਈ ਆਖਿਆ। ਡਗ ਫੋਰਡ ਨੇ ਆਖਿਆ ਕਿ ਡੋਨਲਡ ਟਰੰਪ ਵੱਲੋਂ ਕਨੇਡੀਅਨ ਉਤਪਾਦਾਂ ਉੱਪਰ 25 ਫੀਸਦੀ ਟੈਰਫ ਦੀ ਧਮਕੀ ਦਾ ਅਸਰ ਓਂਟਾਰੀਓ ਅਤੇ ਇਸ ਦੇ ਆਟੋ ਸੈਕਟਰ ਉੱਪਰ ਬਹੁਤ ਬੁਰੀ ਤਰ੍ਹਾਂ ਪਵੇਗਾ ਅਤੇ ਇਸ ਦਾ ਟਾਕਰਾ ਕਰਨ ਲਈ ਸੁਬਾਈ ਸਰਕਾਰ ਨੂੰ ਸੈਂਕੜੇ ਬਿਲੀਅਨ ਡਾਲਰ ਖਰਚ ਦੀ ਜਰੂਰਤ ਹੈ ਤਾਂ ਕਿ ਨੌਕਰੀਆਂ ਅਤੇ ਆਰਥਿਕਤਾ ਨੂੰ ਬਚਾਇਆ ਜਾ ਸਕੇ ਉਹਨਾਂ ਆਖਿਆ ਕਿ ਉਹਨਾਂ ਦੀ ਕੈਬਨਿਟ ਨੇ ਇਨਾ ਟੈਰਿਫਾਂ ਖਿਲਾਫ ਇੱਕ ਨੋਮਿਕ ਐਕਸ਼ਨ ਪਲਾਨ ਉੱਪਰ ਗੱਲਬਾਤ ਕੀਤੀ ਹੈ ਤੇ ਪੂਰੀ ਚੋਣ ਮੁਹਿੰਮ ਦੇ ਦੌਰਾਨ ਇਸ ਬਾਰੇ ਦੱਸਿਆ ਜਾਵੇਗਾ ਹਾਲਾਂਕਿ ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਜਲਦੀ ਚੋਣਾਂ ਕਰਵਾਉਣ ਦੀ ਜਰੂਰਤ ਨਹੀਂ ਸੀ ਕਿਉਂਕਿ ਡਗ ਫੋਰਡ ਦੀ ਸਰਕਾਰ ਕੋਲ ਪਹਿਲਾਂ ਹੀ ਸਪਸ਼ਟ ਬਹੁਮਤ ਮੌਜੂਦ ਹੈ ਅਤੇ ਵਿਰੋਧੀ ਪਾਰਟੀਆਂ ਅਮਰੀਕਾ ਦਾ ਟਾਕਰਾ ਕਰਨ ਲਈ ਸਰਕਾਰ ਨੂੰ ਸਮਰਥਨ ਦੇਣ ਨੂੰ ਤਿਆਰ ਹਨ ਓਨਟਾਰੀਓ ਲਿਬਰਲ ਪਾਰਟੀ ਦੀ ਲੀਡਰ ਬੋਨੀ ਕਰੌਂਬੀ ਨੇ ਡਗ ਫੋਰਡ ਉੱਪਰ ਦੋਸ਼ ਲਗਾਇਆ ਹੈ ਕਿ ਉਹ ਗਰੀਨ ਬੈਲਟ ਸਕੈਂਡਲ ਦੀ ਜਾਂਚ ਤੋਂ ਨੱਠ ਰਹੇ ਹਨ।




# ਪੰਜਾਬ ਸਪੋਰਟਸ ਕਲਚਰ ਕਲੱਬ ਦੀ ਮੀਟਿੰਗ ਦੌਰਾਨ ਪਿਛਲੇ ਸਾਲ ਦਾ ਲੇਖਾ ਜੋਖਾ ਅਤੇ ਅਗਲੇ ਸਾਲ ਦੇ ਪ੍ਰੋਗਰਾਮ ਉਲੀਕੇ ਗਏ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਬੀਤੇ ਦਿਨੀ ਪੰਜਾਬ ਸਪੋਰਟਸ ਕਲਚਰ ਕਲੱਬ ਕੈਲਗਰੀ ਦੀ ਸਾਲਾਨਾ ਮਿਲਣੀ ਇੰਕਾ ਸੀਨੀਅਰ ਸੁਸਾਇਟੀ ਦੇ ਹਾਲ ਅੰਦਰ ਹੋਈ, ਜਿਸ ਵਿੱਚ ਬੀਤੇ ਸਾਲ 2024 ਦੀਆਂ ਪ੍ਰਾਪਤੀਆਂ ਉਪਰ ਚਰਚਾ ਹੋਈ ਅਤੇ ਅਗਲੇ ਸਾਲ 2025 ਦੌਰਾਨ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਦੀ ਰੂਪ ਰੇਖਾ ਉਪਰ ਝਾਤ ਮਾਰੀ ਗਈ। ਸਾਲ 2025 ਦੌਰਾਨ ਕਰਵਾਏ ਜਾਣ ਵਾਲੇ ਟੂਰਨਾਮੈਂਟ ਅਤੇ ਬੱਚਿਆਂ ਦੀ ਹਾਕੀ ਨਾਲ ਰੁਚੀ ਨੂੰ ਹੋਰ ਪ੍ਰਫੁੱਲਤ ਕਰਨ ਲਈ ਪ੍ਰੋਗਰਾਮ ਉਲੀਕੇ ਗਏ। ਅਗਸਤ 2025 ਵਿੱਚ ਕਰਵਾਏ ਜਾਣ ਵਾਲੇ ਟੂਰਨਾਮੈਂਟ ਸਬੰਧੀ ਗੁਰਲਾਲ ਮਾਣੂਕੇ ਨੇ ਪੰਜਾਬੀ ਅਖਬਾਰ ਨਾਲ ਗੱਲ ਕਰਦਿਆਂ ਦੱਸਿਆ ਕਿ ਇਸ ਦੀਆਂ ਤਾਰੀਖਾਂ ਬਹੁਤ ਛੇਤੀ ਐਲਾਨ ਕਰ ਦਿੱਤੀਆਂ ਜਾਣਗੀਆਂ। ਵਰਨਣਯੋਗ ਹੈ ਕਿ ਬੀਤੇ ਕਾਫੀ ਸਾਲਾਂ ਤੋਂ ਪੰਜਾਬ ਸਪੋਰਟਸ ਕਲਚਰ ਕਲੱਬ ਵੱਲੋਂ ਕਨੇਡਾ ਦੇ ਜੰਪਲ ਬੱਚਿਆਂ ਨੂੰ ਹਾਕੀ ਦੇ ਨਾਲ ਜੋੜਨ ਦੇ ਲਈ ਵੱਡੇ ਪੱਧਰ ਉੱਪਰ ਉਪਰਾਲੇ ਕੀਤੇ ਜਾਂਦੇ ਹਨ ਅਤੇ ਪੰਜਾਬੀ ਭਾਈਚਾਰੇ ਨੂੰ ਖੇਡਾਂ ਦੇ ਨਾਲ ਜੋੜ ਕੇ ਰੱਖਣਾ ਇਸ ਕਲੱਬ ਦੇ ਹਿੱਸੇ ਆਇਆ ਹੈ।















ਸ. ਭਗਤ ਸਿੰਘ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਸ਼ਹੀਦ ਕਰਤਾਰ ਸਿੰਘ ਸਰਾਭਾ ਪਬਲਿਕ ਲਾਇਬ੍ਰੇਰੀ ਵੱਲੋਂ

# ਗੁਰਬਾਣੀ ਕੰਠ, ਸੁੰਦਰ ਦਸਤਾਰ ਅਤੇ ਕਵੀਸ਼ਰੀ ਮੁਕਾਬਲੇ

ਮਿਤੀ 25 ਮਾਰਚ 2025 ਦਿਨ ਮੰਗਲਵਾਰ

LIVE STREAMING Bhai Manjit Singh Butahari

ਸਥਾਨ: ਗੁਰਦੁਆਰਾ ਸਿੱਧਸਰ ਡੇਰਾ ਸਾਹਿਬ, ਪਿੰਡ ਭੈਣੀ ਬੜਿੰਗਾਂ (ਲੁਧਿ:)

ਵਿਸ਼ੇਸ਼ ਸਨਮਾਨ

ਢਾਡੀ ਮੁਖਤਿਆਰ ਸਿੰਘ ਤੂਫਾਨ ਬੀਹਲਾ
ਪ੍ਰਸਿੱਧ ਲੇਖਕ ਅਤੇ ਗੀਤਕਾਰ

## ਇਨਾਮਾਂ ਦਾ ਵੇਰਵਾ

ਗੁਰਬਾਣੀ ਕੰਠ ਮੁਕਾਬਲੇ, ਸੁੰਦਰ ਦਸਤਾਰ ਅਤੇ ਕਵੀਸ਼ਰੀ ਮੁਕਾਬਲਿਆਂ ਦੇ ਸੀਨੀਅਰ ਅਤੇ ਜੂਨੀਅਰ ਗਰੁੱਪਾਂ ਦੇ ਪਹਿਲੇ 5 ਜੇਤੂ ਬੱਚਿਆਂ ਨੂੰ ਨਕਦ ਇਨਾਮ+ਟਰਾਫੀ ਨਾਲ ਸਨਮਾਨਿਤ ਕੀਤਾ ਜਾਵੇਗਾ।

ਗੁਰਬਾਣੀ ਕੰਠ ਅਤੇ ਕਵੀਸ਼ਰੀ
ਜੂਨੀਅਰ ਗਰੁੱਪ 7-13 ਸਾਲ
ਸੀਨੀਅਰ ਗਰੁੱਪ 14-18 ਸਾਲ

## ਕਵੀਸ਼ਰੀ ਦੇ ਓਪਨ ਮੁਕਾਬਲੇ

ਨੋਟ: ਟਾਈਮ 5 ਤੋਂ 7 ਮਿੰਟ ਦਾ ਹੋਵੇਗਾ ਅਤੇ ਪੁਰਾਤਨ ਰਵਾਇਤੀ ਕਵੀਸ਼ਰੀ ਹੀ ਗਾਉਣੀ ਲਾਜ਼ਮੀ ਹੋਵੇਗੀ / ਤਰਜ ਵਿੱਚ ਪੇਸ਼ ਕੀਤੀ ਕਵੀਸ਼ਰੀ ਮਨਜ਼ੂਰ ਨਹੀਂ ਕੀਤੀ ਜਾਵੇਗੀ। ਪਹਿਲੀਆ 3 ਪੁਜੀਸ਼ਨਾਂ ਨੂੰ ਨਕਦ ਇਨਾਮ+ਟਰਾਫੀ ਨਾਲ ਸਨਮਾਨਿਤ ਕੀਤਾ ਜਾਵੇਗਾ।

ਦਸਤਾਰ ਮੁਕਾਬਲਾ
ਜੂਨੀਅਰ ਗਰੁੱਪ 9-14 ਸਾਲ
ਸੀਨੀਅਰ ਗਰੁੱਪ 15-21 ਸਾਲ

ਸ. ਪ੍ਰਿਤਪਾਲ ਸਿੰਘ (ਪਾਲ ਸੇਖੋਂ)
ਕੈਲਗਿਰੀ (ਕੈਨੇਡਾ)

**ਗੁਰਬਾਣੀ ਮੁਕਾਬਲੇ ਸਿਲੇਬਸ**
ਜੂਨੀਅਰ ਗਰੁੱਪ:- ਜਪੁਜੀ ਸਾਹਿਬ, ਰਹਿਰਾਸ ਸਾਹਿਬ, ਸੋਹਿਲਾ ਸਾਹਿਬ, ਚੌਪਈ ਸਾਹਿਬ, ਆਨੰਦ ਸਾਹਿਬ 15 ਪੌੜੀਆਂ, ਅਰਦਾਸ।
ਸੀਨੀਅਰ ਗਰੁੱਪ:- ਸੰਪੂਰਨ ਨਿਤਨੇਮ, ਰਹਿਰਾਸ ਸਾਹਿਬ, ਕੀਰਤਨ ਸੋਹਿਲਾ, ਸੁਖਮਨੀ ਸਾਹਿਬ ਦੀਆਂ 5 ਅਸਟਪਦੀਆਂ, ਰਾਮਕਲੀ ਸਦੁ, ਲਾਵਾਂ, ਬਸੰਤ ਕੀ ਬਾਰ, ਅਰਦਾਸ ਅਤੇ ਜੀਵਨ ਬਿਉਰਾ ਗੁਰੂ ਸਹਿਬਾਨ।

**ਸ਼ਰਤਾਂ ਦਸਤਾਰ ਮੁਕਾਬਲੇ**
1) ਵਾਰ ਵਾਰ ਜੇਤੂ ਮੁਕਾਬਲੇ ਵਿੱਚ ਭਾਗ ਨਹੀਂ ਲੈ ਸਕਦਾ 2) ਪ੍ਰਤੀਯੋਗੀ ਦਸਤਾਰ ਸਜਾਉਣ ਦਾ ਸਮਾਨ ਸ਼ੀਸ਼ਾ, ਪੱਗ ਪਿੰਨ, ਬਾਜ਼ ਆਦਿ ਨਾਲ ਲੈ ਕੇ ਆਉਣਾ ਜੀ। 3) ਸੰਖੇਪ ਇਤਿਹਾਸ ਸੰਬੰਧੀ ਜਾਣਕਾਰੀ ਲਾਜ਼ਮੀ ਹੈ। 4) ਬਹਿਸ ਕਰਨ ਵਾਲੇ ਪ੍ਰਤੀਯੋਗੀ ਨੂੰ ਮੁਕਾਬਲੇ ਵਿੱਚੋਂ ਬਾਹਰ ਕੀਤਾ ਜਾਵੇਗਾ 5) ਜੱਜ ਦਾ ਫੈਸਲਾ ਅਟੱਲ ਹੋਵੇਗਾ ।

**ਸ਼ਰਤਾਂ ਕਵੀਸ਼ਰੀ ਮੁਕਾਬਲੇ**
1) ਕਵੀਸ਼ਰੀ ਦੇ ਮੈਂਬਰਾਂ ਦੀ ਗਿਣਤੀ ਘੱਟੋ ਘੱਟ 3 ਹੋਵੇ। 2) ਕਵੀਸ਼ਰੀ ਸਿੱਖ ਇਤਿਹਾਸ ਅਤੇ ਸਿੱਖ ਸੱਭਿਆਚਾਰ ਨਾਲ ਸੰਬੰਧਤ ਹੋਵੇ। 3) ਕਵਿਤਾ ਕਿਸ ਛੰਦ ਵਿੱਚ ਹੈ ਦੱਸਣਾ ਜ਼ਰੂਰੀ ਹੋਵੇਗਾ 4) ਕਿਸੇ ਪ੍ਰਕਾਰ ਦਾ ਧਾਰਮਿਕ ਗੀਤ ਗਾਉਣ ਵਾਲੇ ਨੂੰ ਕਵੀਸ਼ਰੀ ਮੁਕਾਬਲੇ ਵਿੱਚੋ ਬਾਹਰ ਕੀਤਾ ਜਾਵੇਗਾ। 5) ਕਵੀਸ਼ਰੀ ਲਈ ਸਮਾਂ4 ਤੋਂ 6 ਮਿੰਟ ਦਾ ਹੋਵੇਗਾ। 6) ਜੱਥੇ ਦੀ ਡਰੈੱਸ ਇਕੋ ਜਿਹੀ ਹੋਣੀ ਚਾਹੀਦੀ ਹੈ। 7) ਜੱਜ ਸਹਿਬਾਨ ਦਾ ਫ਼ੈਸ਼ਲਾ ਅਟੱਲ ਹੋਵੇਗਾ ।

**ਜੱਜ ਸਹਿਬਾਨ**
ਅਮ੍ਰਿਤਪਾਲ ਸਿੰਘ(ਪਾਲੀ ਖਾਦਿਮ), ਸਰਪੰਚ ਨਾਥ ਸਿੰਘ ਹਮੀਦੀ (ਇੰਟਰਨੈਸ਼ਨਲ ਢਾਡੀ), ਸ.ਸਤਵੀਰ ਸਿੰਘ(ਹਲਵਾਰਾ) (ਪੰਜਾਬੀ ਅਧਿਆਪਕ), ਕਵੀਸ਼ਰ ਮਨਜੀਤ ਸਿੰਘ ਬੁਟਾਹਰੀ (ਸਟੇਜ ਸਕੱਤਰ), ਡਾ: ਮਨਦੀਪ ਸਿੰਘ ਖੁਰਦ, ਸ:ਜਰਨੈਲ ਸਿੰਘ ਨੱਥੋਹੇੜੀ, ਸ:ਪ੍ਰਭਪਿੰਦਰ ਸਿੰਘ ਰਵੀ, ਸ:ਨਰਿੰਦਰ ਸਿੰਘ ਕਾਲਸਨਾਂ, ਸ.ਜੁਝਾਰ ਸਿੰਘ ਕਾਲਾਝਾੜ, ਸ. ਹਰਵਿੰਦਰ ਸਿੰਘ ਅਮਰਗੜ੍ਹ, ਗਿ. ਜਸਪ੍ਰੀਤ ਸਿੰਘ (ਲੱਖੇ ਵਾਲੇ), ਗਿ.ਪਲਵਿੰਦਰ ਸਿੰਘ (ਬੋਪਾਰਾਏ) (ਵਿਦਿ: ਦਮਦਮੀ ਟਕਸਾਲ), ਗਿ.ਜਗਦੀਪ ਸਿੰਘ (ਲਹਿਰਾ) (ਹੈੱਡ ਗ੍ਰੰਥੀ ਨੰਗਲਾਂ)

**ਮੁੱਖ ਪ੍ਰਬੰਧਕ**
ਸਾਬਕਾ ਸਰਪੰਚ ਗੁਰਸੇਵਕ ਸਿੰਘ, ਡਾ: ਜਸਵੰਤ ਸਿੰਘ, ਸ.ਚਮਕੌਰ ਸਿੰਘ, ਸ.ਗੁਰਦੀਪ ਸਿੰਘ ਦੋਲੋਂ, ਸ.ਰੁਪਿੰਦਰ ਸਿੰਘ ਕਾਲਖ, ਢਾਡੀ ਪਿਆਰਾ ਸਿੰਘ ਗੋਪੀ, ਪ੍ਰਭਜੋਤ ਸਿੰਘ ਮੁੱਲਾਂਪੁਰ, ਤਲਵਿੰਦਰ ਸਿੰਘ ਸੇਖੋਂ, ਢਾਡੀ ਹਰਦੇਵ ਸਿੰਘ, ਕਵੀਸ਼ਰ ਸ. ਨਛੱਤਰ ਸਿੰਘ ਭੈਣੀ ਬੜਿੰਗਾਂ, ਪ੍ਰਧਾਨ ਕਰਮਜੀਤ ਸਿੰਘ, ਸ.ਮਨਦੀਪ ਸਿੰਘ ਕਾਲਖ

**ਮੁੱਖ ਮਹਿਮਾਨ (ਚੱਜ ਦਾ ਵਿਚਾਰ ਹੋਸਟ)**
ਹਰਮਨ ਥਿੰਦ, ਸਵਰਨ ਸਿੰਘ ਟਹਿਣਾ

ਨੋਟ: ਮੁਕਾਬਲੇ ਸੰਬੰਧੀ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ।
ਗੁਰਬਾਣੀ ਕੰਠ. 97800-00403 ਕਵੀਸ਼ਰੀ ਮੁਕਾਬਲਾ. 97818-38969, ਦਸਤਾਰ ਮੁਕਾਬਲਾ. 98773-28768

ਐਂਟਰੀਆਂ ਦਾ ਸਮਾਂ 8:00 ਵਜੇ ਤੱਕ

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਵੱਲੋਂ: ਪਾਲ ਸੇਖੋਂ ਕੈਲਗਿਰੀ (ਕੈਨੇਡਾ) , NRI ਵੀਰ, ਨਗਰ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਿੰਡ ਭੈਣੀ ਬੜਿੰਗਾਂ (ਲੁਧਿ:)
ਪ੍ਰਬੰਧਕ. 79860-26426, 62807-06268, 98556-27927



Call Romi Sidhu For Insurance & Financial Needs

State Farm IS NOW Desjardins Insurance

Monday-Friday
9:00 am to 5:30 PM
Weekends: All Other Times Appointments only

4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com

* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS

Romi Sidhu, Agent



Sunder Building Supplies Ltd.
We believe in quality

- CRC Roofing Supplies
- Drywall, Insulation
- Sound Control Products
- Stucco, T-Bar Ceiling
- Manufactdured Stone
- Steel Studs &
- Accessories

Stucco | Paper | Flashing | Wiring

Free Estimate BEST Rates

Nirvair Singh Johal 403-690-8700
Bhajan Singh Johal 403-561-0227

4612, 6 STREET NE CALGARY, AB



Bains Vision Centre

ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ

Dr.Jaswinder S Bains
Ph.D., OD.

Tel: 403-274-4514
Fax: 403-274-4680
5218 Falsbridge Dr NE Calgary AB T3J 3G1



Advice from someone you trust.
Sun Life
Life's brighter under the sun

Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds

Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.



COLDWELL BANKER | YAD REALTY
RESIDENTIAL, COMMERCIAL & PROPERTY MANAGEMENT

ਜੇਕਰ ਤੁਹਾਡਾ ਘਰ 88 ਦਿਨਾਂ ਵਿੱਚ ਨਾ ਵਿਕਿਆ ਤਾਂ ਉਸ ਤੋਂ ਬਾਅਦ ਅਸੀਂ ਬਿਨਾ ਕਿਸੇ ਫੀਸ ਦੇ ਵੇਚਾਂਗੇ*
*Some condition apply

YADREALTY.CA

ANDY BHALLA
OWNER, BROKER, REALTOR®
403-899-7171

HIRING BEST REAL ESTATE AGENTS
3130, 6520 36 Street NE, Calgary AB

AMRIT BEDI
OWNER & REALTOR®
403-414-9191



ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ

ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।

Specialist In:
All Type of Residential & Commercial Woodwork
Interior Finishing: Kitchen Cabinets:
Railing & Decorating

Manpreet Thind
Ph: (403) 455-1000
www.perfectfinishing.ca

Perfect Finishing Corp.
NewStar Cabinets Ltd.
3341 19 St NE Calgary AB T2E 6S8

# ਆਓ ਕਨੇਡੀਅਨ ਉਤਪਾਦ ਖਰੀਦਕੇ ਕਨੇਡੀਅਨ ਹੋਣ ਦਾ ਸਬੂਤ ਦੇਈਏ

## ਸੈਸਕੈਚਵਾਨ ਐਨ ਡੀ ਪੀ ਨੇ ਪ੍ਰੀਮੀਅਰ ਮੋ ਸਾਹਿਬ ਨੂੰ ਚਿੱਠੀ ਲਿਖੀ


ਭਜਨ ਸਿੰਘ ਬਰਾੜ
ਐਮ ਐਲ ਏ -ਪਾਸਾਕੂਆ ਰੀਜਾਇਨਾ

ਪਿਆਰੇ ਪ੍ਰੀਮੀਅਰ ਮੋ,

ਅਸੀਂ ਤੁਹਾਨੂੰ ਸਾਡੇ ਦੇਸ਼ ਦੇ ਇਤਿਹਾਸ ਦੇ ਇੱਕ ਮਹੱਤਵਪੂਰਨ ਪਲ 'ਤੇ ਲਿਖ ਰਹੇ ਹਾਂ, ਕਿਉਂਕਿ ਕੈਨੇਡਾ ਨੂੰ ਸਾਡੀ ਆਰਥਿਕ ਸਥਿਰਤਾ ਅਤੇ ਪ੍ਰਭੂਸੱਤਾ ਲਈ ਇੱਕ ਬੇਮਿਸਾਲ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੈਨੇਡੀਅਨ ਵਸਤਾਂ 'ਤੇ ਅਮਰੀਕੀ ਟੈਰਿਫ ਲਗਾਉਣਾ ਸਿਰਫ਼ ਵਪਾਰ 'ਤੇ ਹਮਲਾ ਨਹੀਂ ਹੈ - ਇਹ ਕੈਨੇਡੀਅਨ ਅਤੇ ਸਸਕੈਚਵਨ ਲੋਕਾਂ ਦੀਆਂ ਨੌਕਰੀਆਂ, ਰੋਜ਼ੀ-ਰੋਟੀ ਅਤੇ ਪ੍ਰਭੂਸੱਤਾ 'ਤੇ ਹਮਲਾ ਹੈ। ਸਾਡੀ ਅਰਥਵਿਵਸਥਾ 'ਤੇ ਇਹ ਹਮਲਾ ਜਵਾਬਦੇਹ ਨਹੀਂ ਰਹਿ ਸਕਦਾ ਹੈ, ਅਤੇ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਭਾਈਚਾਰਿਆਂ, ਆਪਣੇ ਕਰਮਚਾਰੀਆਂ ਅਤੇ ਉਨ੍ਹਾਂ ਦੀ ਰੋਜ਼ੀ-ਰੋਟੀ ਦੀ ਰੱਖਿਆ ਲਈ ਇਕਜੁੱਟ ਹੋਈਏ।ਅਸੀਂ ਪੂਰੀ ਤਰ੍ਹਾਂ ਮਾਨਤਾ ਦਿੰਦੇ ਹਾਂ ਕਿ ਫੈਡਰਲ ਸਰਕਾਰ ਕੁੱਝ ਯੂ ਐੱਸ ਵਸਤਾਂ 'ਤੇ ਨਿਸ਼ਾਨਾ ਟੈਰਿਫ ਲਾਗੂ ਕਰ ਰਹੀ ਹੈ, ਅਤੇ ਸਾਨੂੰ ਇਸ ਦੇਸ਼ ਭਰ ਦੇ ਪ੍ਰੀਮੀਅਰਾਂ ਨੂੰ ਇਹਨਾਂ ਬੇਇਨਸਾਫ਼ੀ ਅਮਰੀਕੀ ਟੈਰਿਫ ਹਮਲਿਆਂ ਦੇ ਖਿਲਾਫ ਇੱਕਜੁੱਟ ਹੋਣ ਦੇ ਸੱਦੇ ਦਾ ਜਵਾਬ ਦਿੰਦੇ ਹੋਏ ਦੇਖਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਹ ਏਕਤਾ ਅਤੇ ਨਿਰਣਾਇਕ ਕਾਰਵਾਈ ਦਾ ਸਮਾਂ ਹੈ, ਅਤੇ ਅਸੀਂ ਤੁਹਾਨੂੰ ਪੁੱਛਦੇ ਹਾਂ, ਪ੍ਰੀਮੀਅਰ ਮੋ: ਕੀ ਸਸਕੈਚਵਨ ਕੈਨੇਡਾ ਲਈ ਖੜ੍ਹੇ ਹੋਣ ਅਤੇ ਸਾਡੇ ਸਾਂਝੇ ਹਿੱਤਾਂ ਦੀ ਰੱਖਿਆ ਕਰਨ ਲਈ ਉਪਾਵਾਂ ਨੂੰ ਲਾਗੂ ਕਰਨ ਵਿੱਚ ਦੂਜੇ ਸੂਬਿਆਂ ਨਾਲ ਸ਼ਾਮਲ ਹੋਵੇਗਾ?

ਅਸੀਂ ਜਾਣਦੇ ਹਾਂ ਕਿ ਸਸਕੈਚਵਨ ਦੇ ਲੋਕ ਆਪਣਾ ਹਿੱਸਾ ਪਾਉਣ ਲਈ ਤਿਆਰ ਹਨ। ਸਾਡੀ ਟੀਮ ਨੇ ਇਸ ਸੂਬੇ ਦੇ ਹਰ ਕੋਨੇ ਤੋਂ ਸਥਾਨਕ ਨੌਕਰੀਆਂ ਅਤੇ ਕਾਰੋਬਾਰਾਂ ਨੂੰ ਸਮਰਥਨ ਦੇਣ ਦੀ ਇੱਛਾ ਸੁਣੀ ਹੈ। ਅੱਜ, ਅਸੀਂ ਤੁਹਾਡੀ ਸਰਕਾਰ ਨੂੰ ਸਸਕੈਚਵਨ ਲਿਕਰ ਐਂਡ ਗੇਮਿੰਗ ਅਥਾਰਟੀ ਨੂੰ ਸੰਯੁਕਤ ਰਾਜ ਤੋਂ ਸ਼ਰਾਬ, ਬੀਅਰ ਅਤੇ ਵਾਈਨ ਦਾ ਆਰਡਰ ਦੇਣਾ ਬੰਦ ਕਰਨ ਲਈ ਤੁਰੰਤ ਨਿਰਦੇਸ਼ ਦੇ ਕੇ ਇਹਨਾਂ ਯਤਨਾਂ ਦਾ ਸਮਰਥਨ ਕਰਨ ਲਈ ਬੁਲਾ ਰਹੇ ਹਾਂ। ਅਸੀਂ ਤੁਹਾਡੀ ਸਰਕਾਰ ਨੂੰ ਸਹੀ ਕੰਮ ਕਰਨ ਅਤੇ ਸਥਾਨਕ ਡਿਸਟਿਲਰਾਂ 'ਤੇ ਪ੍ਰਤੀਕਿਰਿਆਸ਼ੀਲ, ਦੰਡਕਾਰੀ ਟੈਕਸ ਨੂੰ ਠੀਕ ਕਰਨ ਲਈ ਵੀ ਕਹਿੰਦੇ ਹਾਂ ਜੋ ਆਰਥਿਕ ਵਿਕਾਸ ਨੂੰ ਨੁਕਸਾਨ ਪਹੁੰਚਾ ਰਿਹਾ ਹੈ ਅਤੇ ਜਿਸ ਨਾਲ ਸਸਕੈਚਵਨ ਵਿੱਚ ਨੌਕਰੀਆਂ ਖਤਮ ਹੋ ਰਹੀਆਂ ਹਨ। ਇਹ ਫਿਕਸ ਲੰਬੇ ਸਮੇਂ ਤੋਂ ਬਕਾਇਆ ਹੈ ਕਿਉਂਕਿ ਸਸਕੈਚਵਨ ਦੇ ਸਥਾਨਕ ਡਿਸਟਿਲਰ ਦੰਡਕਾਰੀ ਸੂਬਾਈ ਲੇਵੀਜ਼ ਦੇ ਅਧੀਨ ਹਨ ਜਿਸ ਨੇ ਇਸ ਸੈਕਟਰ ਵਿੱਚ ਆਰਥਿਕ ਵਿਕਾਸ ਨੂੰ ਨੁਕਸਾਨ ਪਹੁੰਚਾਇਆ ਹੈ।

ਨਾਲ ਹੀ, ਅਤੀਤ ਵਿੱਚ, ਸਸਕੈਚਵਨ ਪਾਰਟੀ ਸਰਕਾਰ ਨੇ ਸਰਕਾਰੀ ਖਰੀਦ ਫੈਸਲਿਆਂ ਵਿੱਚ ਅਮਰੀਕੀ ਕੰਪਨੀਆਂ ਦਾ ਪੱਖ ਪੂਰਣ ਦਾ ਰੁਝਾਨ ਦਿਖਾਇਆ ਹੈ। ਅਸੀਂ ਸਥਾਨਕ ਸਫ਼ਲਤਾ ਦੀ ਕਹਾਣੀ ਸ਼ੇਰਕਾਮ ਇੰਡਸਟਰੀਜ਼ ਤੋਂ ਸਕ੍ਰੈਪ ਟਾਇਰ ਰੀਸਾਈਕਲਿੰਗ ਲਈ ਇਕਰਾਰਨਾਮੇ ਨੂੰ ਯੂ।ਐਸ। ਇਕਾਈ ਦੇ ਹੱਕ ਵਿਚ ਦੇਖਿਆ ਅਤੇ ਅਸੀਂ ਮਿਸੀਸਿਪੀ ਕੰਪਨੀ ਨੂੰ ਦਿੱਤੇ ਗਏ ਐਸਪੇਨ ਪਾਵਰ ਪਲਾਨ ਲਈ ਲੋੜੀਂਦੇ ਸਟ੍ਰਕਚਰਲ ਸਟੀਲ ਲਈ ਇਕਰਾਰਨਾਮਾ ਦੇਖਿਆ ਜਦੋਂ ਘੱਟੋ-ਘੱਟ ਦੋ ਸ਼ਾਨਦਾਰ ਸਸਕੈਚਵਨ ਕੰਪਨੀਆਂ ਸਨ। ਜੋ ਉਸ ਕੰਮ ਨੂੰ ਪੂਰਾ ਕਰ ਸਕਦਾ ਸੀ।ਅਜਿਹੇ ਸਮੇਂ ਜਦੋਂ ਸਾਡਾ ਦੇਸ਼ ਆਰਥਿਕ ਦਬਾਅ ਹੇਠ ਹੈ, ਅਸੀਂ ਮੰਗ ਕਰਦੇ ਹਾਂ ਕਿ ਤੁਸੀਂ ਕੈਨੇਡਾ-ਪਹਿਲੀ ਖਰੀਦ ਨੀਤੀ ਲਈ ਵਚਨਬੱਧ ਹੋਵੋ। ਕੈਨੇਡੀਅਨ ਕਾਰੋਬਾਰਾਂ ਅਤੇ ਕਾਮਿਆਂ ਨੂੰ ਤਰਜੀਹ ਦੇ ਕੇ, ਅਸੀਂ ਆਪਣੀ ਘਰੇਲੂ ਆਰਥਿਕਤਾ ਨੂੰ ਮਜ਼ਬੂਤ ਕਰ ਸਕਦੇ ਹਾਂ ਅਤੇ ਕੈਨੇਡੀਅਨ ਹਿੱਤਾਂ ਦੀ ਰਾਖੀ ਲਈ ਆਪਣੇ ਸੰਕਲਪ ਦਾ ਪ੍ਰਦਰਸ਼ਨ ਕਰ ਸਕਦੇ ਹਾਂ।

ਸਸਕੈਚਵਨ ਐਨ ਡੀ ਪੀ ਸਾਡੇ ਸੂਬੇ ਦੇ ਲੋਕਾਂ ਦਾ ਸਮਰਥਨ ਕਰਨ ਲਈ ਤੁਹਾਡੀ ਸਰਕਾਰ ਨਾਲ ਕੰਮ ਕਰਨ ਲਈ ਤਿਆਰ ਬਰ ਤਿਆਰ ਹੈ। ਇਸ ਭਾਵਨਾ ਵਿੱਚ, ਅਸੀਂ ਤੁਹਾਨੂੰ ਵਿਧਾਨ ਸਭਾ ਨੂੰ ਯਾਦ ਕਰਨ ਲਈ ਆਖਦੇ ਹਾਂ ਤਾਂ ਜੋ ਸਾਰੇ ਮੈਂਬਰ ਇਸ ਜ਼ਰੂਰੀ ਮੁੱਦੇ ਨੂੰ ਹੱਲ ਕਰਨ ਲਈ ਇਕੱਠੇ ਹੋ ਸਕਣ। ਇਹ ਪਲ ਸਾਡੇ ਚਰਿੱਤਰ ਅਤੇ ਸਾਡੇ ਸੰਕਲਪ ਦੀ ਪ੍ਰੀਖਿਆ ਹੈ। ਹੁਣ, ਪਹਿਲਾਂ ਨਾਲੋਂ ਕਿਤੇ ਵੱਧ, ਸਾਨੂੰ ਸਸਕੈਚਵਨ ਦੀਆਂ ਨੌਕਰੀਆਂ, ਰੋਜ਼ੀ-ਰੋਟੀ ਅਤੇ ਸਾਡੇ ਸਮੂਹਿਕ ਭਵਿੱਖ ਦੀ ਰੱਖਿਆ ਲਈ ਸਹਿਯੋਗ ਨਾਲ ਕੰਮ ਕਰਨਾ ਚਾਹੀਦਾ ਹੈ। ਅਸੀਂ ਤੁਹਾਡੇ ਜਵਾਬ ਦੀ ਉਡੀਕ ਕਰਦੇ ਹਾਂ।

# ਨਿਊਜ਼ੀਲੈਂਡ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਜਲਦੀ ਹੀ ਭਾਰਤ ਦੌਰੇ ਉਤੇ ਜਾਣਗੇ

ਔਕਲੈਂਡ(ਹਰਜਿੰਦਰ ਸਿੰਘ ਬਸਿਆਲਾ)ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਮਾਣਯੋਗ ਸ੍ਰੀ ਕ੍ਰਿਸਟੋਫਰ ਲਕਸਨ ਨੇ ਕਿਹਾ ਹੈ ਕਿ ਉਹ ਵਾਅਦੇ ਮੁਤਾਬਿਕ ਜਲਦ ਹੀ ਭਾਰਤ ਦਾ ਦੌਰਾ ਕਰਨਗੇ ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਮਨ ਕੀ ਬਾਤ ਕਰਨਗੇ। ਇਸ ਦੌਰਾਨ ਭਾਰਤ-ਨਿਊਜ਼ੀਲੈਂਡ ਦੌਰਾਨ ਵਿਚਾਰ ਅਧੀਨ ਮੁਕਤ ਕਰ ਸਮਝੌਤੇ (ਫ੍ਰੀ ਟ੍ਰੇਡ ਐਗਰੀਮੈਂਟ) ਉਤੇ ਵੀ ਵਿਚਾਰ ਚਰਚਾ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਆਪਸੀ ਰਾਜਸੀ ਸਬੰਧਾਂ ਨੂੰ ਵੀ ਹੋਰ ਪੀਡਿਆ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਕਤੂਬਰ ਮਹੀਨੇ ਵਿੱਚ ਲਾ-ਸ ਵਿਖੇ ਪੂਰਬੀ ਏਸ਼ੀਆ ਸਿਖਰ ਸੰਮੇਲਨ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਉਨ੍ਹਾਂ ਮੁਲਾਕਾਤ ਕੀਤੀ ਸੀ ਅਤੇ ਅਸੀਂ ਇੱਕ ਦੂਜੇ ਨੂੰ ਬਹੁਤ ਪਸੰਦ ਕੀਤਾ ਸੀ। ਉਨ੍ਹਾਂ ਨੇ ਮੈਨੂੰ ਬਹੁਤ ਪਿਆਰ ਨਾਲ ਭਾਰਤ ਆਉਣ ਦਾ ਸੱਦਾ ਦਿੱਤਾ ਅਤੇ ਮੈਂ ਬਹੁਤ ਜਲਦੀ ਬਹੁਤ ਆਪਣੇ ਰਾਜਸੀ ਸਾਥੀਆਂ ਨੂੰ ਆਪਣੇ ਨਾਲ ਲੈ ਕੇ ਉੱਥੇ ਜਾ ਰਿਹਾ ਹਾਂ। ਪ੍ਰਧਾਨ ਮੰਤਰੀ ਨੇ ਨਿਊਜ਼ੀਲੈਂਡ ਵਿੱਚ ਯੋਗਦਾਨ ਲਈ ਦੱਖਣੀ



ਏਸ਼ੀਆਈ ਪ੍ਰਵਾਸੀਆਂ ਦਾ ਇੱਕ ਹੋਲੀ ਦੇ ਸਮਾਗਮ ਵਿਚ ਧੰਨਵਾਦ ਕੀਤਾ ਹੈ, ਕਿਹਾ ਕਿ ''ਤੁਸੀਂ ਨਿਊਜ਼ੀਲੈਂਡ ਨੂੰ ਬਹੁਤ ਵਧੀਆ ਜਗ੍ਹਾ ਬਣਾ ਦਿੱਤਾ ਹੈ। ਅਸੀਂ ਸੱਭਿਆਚਾਰਕ, ਸਮਾਜਿਕ ਅਤੇ ਆਰਥਿਕ ਤੌਰ 'ਤੇ ਅਮੀਰ ਹਾਂ। ਅਸੀਂ ਜਾਣਦੇ ਹਾਂ ਕਿ ਤੁਸੀਂ ਕਿੰਨੀ ਮਿਹਨਤ ਕਰਦੇ ਹੋ, ਅਕਸਰ ਉਹ ਪਹਿਲਾ ਘਰ ਪ੍ਰਾਪਤ ਕਰਨ ਲਈ ਜਾਂ ਉਸ ਪਹਿਲੇ ਕਾਰੋਬਾਰ ਦੇ ਮਾਲਕ ਬਣਨ ਲਈ ਦੋ ਜਾਂ ਤਿੰਨ ਨੌਕਰੀਆਂ ਲੈਂਦੇ ਹੋ। ਤੁਸੀਂ ਸਾਰੇ ਨਿਊਜ਼ੀਲੈਂਡ ਵਾਸੀਆਂ ਲਈ ਇੱਕ ਮਹਾਨ ਰੋਲ ਮਾਡਲ ਹੋ।'' ਪ੍ਰਧਾਨ ਮੰਤਰੀ ਦਾ ਭਾਰਤ ਦੌਰਾ ਕਦੋਂ ਸ਼ੁਰੂ ਹੋਵੇਗਾ ਆਉਣ ਵਾਲੇ ਦਿਨਾਂ ਵਿਚ ਪਤਾ ਲੱਗ ਜਾਵੇਗਾ।

## ਦੋ ਹੱਤਿਆਵਾਂ ਲਈ ਲੋੜੀਂਦਾ ਵਿਅਕਤੀ ਪੁਲਿਸ ਨਾਕੇ ਦੌਰਾਨ ਕਾਬੂ ਆ ਗਿਆ

ਰਿਜ਼ਾਇਨਾ (ਪੰਜਾਬੀ ਅਖ਼ਬਾਰ ਬਿਊਰੋ ) ਟੋਰਾਂਟੋ ਵਿੱਚ ਹੋਏ ਦੋਹਰੇ ਕਤਲ ਵਿੱਚ ਲੋੜੀਦਾ ਵਿਅਕਤੀ ਜਿਸ ਲਈ ਪੂਰੇ ਕੈਨੇਡਾ ਵਾਸਤੇ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਸਨ ਇੱਕ ਪੁਲਿਸ ਨਾਕੇ ਦੌਰਾਨ ਕਾਬੂ ਆ ਗਿਆ ਹੈ ਆਰਸੀਐਮਪੀ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਟੋਰਾਂਟੋ ਵਿੱਚ ਸਾਲ 2018 ਵਿੱਚ ਦੋ ਜਣਿਆਂ ਦੀ ਹੱਤਿਆ ਹੋਈ ਸੀ ਉਸੇ ਸਬੰਧ ਵਿੱਚ ਪੁਲਿਸ ਨੂੰ ਬੀਸੀ ਦਾ ਰਹਿਣ ਵਾਲਾ ਅਲੀਸ਼ਾ ਚਾਂਦ ਲੁੜੀਦਾ ਸੀ। ਪੁਲਿਸ ਨੇ ਕੈਲਗਰੀ ਦੇ ਨਾਲ ਲੱਗਦੇ ਸ਼ਹਿਰ ਏਅਰਡਰੀ ਦੇ ਵਿੱਚ ਐਡਮਿੰਟਨ ਟਰੇਲ ਉੱਪਰ ਇੱਕ ਗੱਡੀ ਜੋ ਕਿ ਮਿਥੀ ਨਾਲੋਂ ਵੱਧ ਰਫਤਾਰ ਤੇ ਜਾ ਰਹੀ ਸੀ ਅਤੇ ਗੈਰ ਕਾਨੂੰਨੀ ਢੰਗ ਨਾਲ ਉਸਦੇ ਸ਼ੀਸ਼ੇ ਵੀ ਕਾਲੇ ਕੀਤੇ ਗਏ ਸਨ ਤਾਂ ਉਸ ਨੂੰ ਪੁਲਿਸ ਨੇ ਰੋਕ ਲਿਆ ਜਦੋਂ ਗੱਡੀ ਰੁਕੀ ਤਾਂ ਉਹਦੇ ਵਿੱਚੋਂ ਇੱਕ ਵਿਅਕਤੀ ਨਿਕਲ ਕੇ ਦੌੜ ਪਿਆ ਜਿਸ ਦਾ ਪਿੱਛਾ ਕਰਦਿਆਂ ਪੁਲਿਸ ਅਧਿਕਾਰੀਆਂ ਨੇ ਉਸ ਨੂੰ ਗ੍ਰਿਫਤਾਰ ਕੀਤਾ ਤਾਂ ਉਹਦੇ ਕੋਲੋਂ ਇੱਕ 40 ਕੈਲੀਬਰ ਦੀ ਪਿਸਤੌਲ ਵੀ ਮਿਲੀ ਜਦੋਂ ਇਸ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਇਸ ਵਿਅਕਤੀ ਨੇ ਪੁਲਿਸ ਨੂੰ ਆਪਣੀ ਝੂਠੀ ਪਛਾਣ ਦੱਸੀ ਪਰ ਜਾਂਚ ਕਰਤਾ ਉਹਦੀ ਅਸਲ ਪਛਾਣ ਤੱਕ ਪਹੁੰਚ ਗਏ ਤੇ ਪਤਾ ਲੱਗਿਆ ਕਿ ਇਹ ਵਿਅਕਤੀ ਟੋਰਾਂਟੋ ਚ ਹੋਏ ਦੋ ਕਤਲਾਂ ਵਾਸਤੇ ਲੋੜੀਦਾ ਹੈ ਇਸ ਮਾਮਲੇ ਵਿੱਚ ਪੁਲਿਸ ਨੇ ਉਸਦੀ ਸਾਥੀ ਮਹਿਲਾ ਡ੍ਰਾਈਵਰ ਨੂੰ ਵੀ ਗਿਰਫਤਾਰ ਕਰ ਲਿਆ ਹੈ ਤੇ ਉਨ੍ਹਾਂ ਉੱਪਰ ਕਈ ਚਾਰਜਜ ਲਗਾਏ ਗਏ ਹਨ

## ਸਾਬਕਾ ਪਾਦਰੀ ਨੂੰ ਬੱਚਿਆਂ ਦਾ ਜਿਸਮਾਨੀ ਸ਼ੋਸ਼ਣ ਕਰਨ ਦੇ ਮਾਮਲੇ ਵਿੱਚ ਛੇ ਸਾਲ ਕੈਦ ਦੀ ਸਜ਼ਾ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ ) ਕੈਨੇਡਾ ਦੀ ਟੈਰੀਟਰੀ ਨੂਨਾਵਟ ਵਿੱਚ ਇੱਕ ਸਾਬਕਾ ਕੈਥੋਲਿਕ ਪਾਦਰੀ ਨੂੰ ਬੱਚਿਆਂ ਦਾ ਜਿਸਮਾਨੀ ਸ਼ੋਸ਼ਣ ਕਰਨ ਦੇ ਮਾਮਲੇ ਵਿੱਚ ਛੇ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ ਇਸ 77 ਸਾਲਾ ਪਾਦਰੀ ਜਿਸਦਾ ਨਾਮ ਐਰਿਕ ਡੀਏਗਰ ਹੈ ਵੱਲੋਂ 1978 ਤੋਂ 1982 ਦੇ ਦੌਰਾਨ ਇਗਲੂਲਿਕ ਵਿੱਚ ਸੱਤ ਬੱਚਿਆਂ ਦਾ ਜਿਸਮਾਨੀ ਸ਼ੋਸ਼ਣ ਕੀਤਾ ਗਿਆ ਉਸ ਵਕਤ ਇਹਨਾਂ ਬੱਚਿਆਂ ਦੀ ਉਮਰ ਚਾਰ ਸਾਲ ਤੋਂ ਨੌ ਸਾਲ ਦੇ ਵਿਚਾਲੇ ਸੀ ਇਸ ਸਾਬਕਾ ਪਾਦਰੀ ਨੂੰ ਸਜ਼ਾ ਸੁਣਾਉਂਦਿਆਂ ਜਸਟਿਸ ਫਿਆਜ ਅਲੀਬਾਹੀ ਨੇ ਆਖਿਆ ਕਿ ਪਾਦਰੀ ਨੇ ਜਿੰਨਾ ਬੱਚਿਆਂ ਦਾ ਸ਼ੋਸ਼ਣ ਕੀਤਾ ਸੀ ਉਹਨਾਂ ਵਿੱਚ ਛੇ ਲੜਕੀਆਂ ਅਤੇ ਇੱਕ ਲੜਕਾ ਸੀ ਅਤੇ ਇਸ ਪਾਦਰੀ ਨੇ ਉਹਨਾਂ ਬੱਚਿਆਂ ਦਾ ਬਚਪਨ ਤਬਾਹ ਕਰਕੇ ਰੱਖ ਦਿੱਤਾ ਹੈ ਤੇ ਇਸ ਦੇ ਨਾਲ ਹੀ ਉਹਨਾਂ ਦੇ ਪਰਿਵਾਰਾਂ ਦਾ ਚਰਚ ਨਾਲ ਸਬੰਧ ਬਰਬਾਦ ਕਰ ਦਿੱਤਾ ਹੈ ਇਸ ਸਾਬਕਾ ਪਾਦਰੀ ਨੂੰ ਛੇ ਸਾਲ ਦੀ ਸਜ਼ਾ ਸੁਣਾਉਣ ਦੀ ਮੰਗ ਬਚਾਅ ਪੱਖ ਤੇ ਸਰਕਾਰੀ ਪੱਖ ਦੇ ਦੋਹਾਂ ਵਕੀਲਾਂ ਵੱਲੋਂ ਕੀਤਾ ਗਿਆ ਜਿਸ ਨੂੰ ਮਾਣਯੋਗ ਜੱਜ ਵੱਲੋਂ ਸਵੀਕਾਰ ਕਰ ਲਿਆ ਗਿਆ

## 60 ਹਜ਼ਾਰ ਡਾਲਰ ਦਾ ਘਿਓ ਤੇ ਮੱਖਣ ਚੋਰੀ ਕਰਨ ਦੇ ਦੋਸ਼ ਚ 6 ਪੰਜਾਬੀ ਨੌਜਵਾਨ ਗ੍ਰਿਫ਼ਤਾਰ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ ) ਓਂਟਾਰੀਓ ਦੀ ਪੀਲ ਰੀਜਨਲ ਪੁਲੀਸ ਨੇ 6 ਪੰਜਾਬੀ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ 'ਤੇ ਪਿਛਲੇ ਸਾਲ ਵੱਖ ਵੱਖ ਸਟੋਰਾਂ ਚੋਂ 60 ਹਜ਼ਾਰ ਡਾਲਰ ਦਾ ਘਿਓ ਤੇ ਮੱਖਣ ਚੋਰੀ ਕਰਨ ਦੇ ਦੋਸ਼ ਹਨ। ਚੋਰੀ ਨਾਲ ਸਬੰਧਤ ਵੱਖ ਵੱਖ ਦੋਸ਼ਾਂ ਹੇਠ ਪੀਲ ਪੁਲੀਸ ਵੱਲੋਂ ਕਾਬੂ ਕੀਤੇ ਇਨ੍ਹਾਂ ਪੰਜਾਬੀਆਂ ਦੀ ਪਹਿਚਾਣ ਸੁਖਮੰਦਰ ਸਿੰਘ (23) ਦਲਵਾਲ ਸਿੱਧੂ (28), ਨਵਦੀਪ ਚੌਧਰੀ (28), ਕਮਲਦੀਪ ਸਿੰਘ (38), ਵਿਸ਼ਵਜੀਤ ਸਿੰਘ (22) ਅਤੇ ਹਰਕੀਰਤ ਸਿੰਘ (25) ਵਜੋਂ ਹੋਈ ਹੈ। ਕਾਬੂ ਕੀਤੇ ਗਏ ਨੌਜਵਾਨਾਂ ਵਿਚੋਂ ਤਿੰਨ ਬਰੈਂਪਟਨ ਦੇ ਰਹਿਣ ਵਾਲੇ ਹਨ ਪਰ ਬਾਕੀਆਂ ਦਾ ਕੋਈ ਪੱਕਾ ਪਤਾ ਨਹੀਂ ਹੈ। ਪੁਲੀਸ ਅਨੁਸਾਰ ਇਨ੍ਹਾਂ ਨੇ ਪਿਛਲੇ ਸਾਲ ਬਰੈਂਪਟਨ ਦੇ ਕਰਿਆਨਾ ਸਟੋਰਾਂ ਚੋਂ ਕਈ ਵਾਰ ਮੱਖਣ ਤੇ ਘਿਉ ਚੋਰੀ ਕੀਤਾ ਅਤੇ ਉੱਥੋਂ ਬਚ ਨਿਕਲਦੇ ਰਹੇ। ਸਟੋਰ ਮਾਲਕਾਂ ਵਲੋਂ ਚੋਰੀ ਦੀਆਂ ਘਟਨਾਵਾਂ ਵਿੱਚ ਵਾਧਾ ਦਰਜ ਕਰਵਾਉਣ ਕਾਰਨ ਪੁਲੀਸ ਨੇ ਵਿਸ਼ੇਸ਼ ਜਾਂਚ ਟੀਮ ਗਠਿਤ ਕੀਤੀ ਅਤੇ ਦੋਸ਼ੀਆਂ ਨੂੰ ਕਾਬੂ ਕੀਤਾ ਹੈ। ਪੁਲੀਸ ਬੁਲਾਰੇ ਨੇ ਦੱਸਿਆ ਪੁੱਛਗਿੱਛ ਦੌਰਾਨ ਇਹ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਇਹ ਵੱਡੇ ਪੱਧਰ ਤੇ ਘਿਓ ਤੇ ਮੱਖਣ ਚੋਰੀ ਕਰਕੇ ਕਿਸ ਸਟੋਰ ਮਾਲਕ ਨੂੰ ਵੇਚਦੇ ਸਨ ਤਾਂ ਕਿ ਉਸਨੂੰ ਵੀ ਮਾਮਲੇ ਵਿੱਚ ਸ਼ਾਮਲ ਕੀਤਾ ਜਾ ਸਕੇ।

















ELEVATE
AT COOPER'S CROSSING
NEW YEAR, NEW HOME
2025
SAVE UP TO $20,000
2 & 3 Storey Townhomes, Acadia Villas Bungalow
MONARCH
AT COOPER'S CROSSING
LUXURY URBAN CONDOS
One, Two & Two bed + Flex,
ranging 670 – 1,198 SQ. FT.
ਸ਼ੋਅ ਹੋਮ ਹੁਣ ਖੁੱਲੇ ਹਨ
ਜੀਵਨਸ਼ੈਲੀ ਦੀਆਂ ਸਹੂਲਤਾਂ
$15,000 ਤੱਕ ਦੀ ਬੱਚਤ ਕਰੋ-ਆਫਰ ਥੋੜੇ ਸਮੇਂ ਲਈ
VESTA PROPERTIES
VESTAELEVATE.COM
SALES CENTRE
#1601 – 201 Cooperswood Green SW, Airdrie
587.317.1516 | cooperscrossing@vestaproperties.com


ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ
ਦੀ ਛੇਵੀਂ ਲੋਕੇਸ਼ਨ 400-DE CARRINGTON BLVD,NW
CALGARY ਨਾਰਥਵੈਸਟ ਏਰੀਆ ਵਿੱਚ ਖੁੱਲ ਗਈ ਹੈ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FRESH PRODUCE
GROCERY STORE
Mega Sanjha Punjab
403-266-5200
6 LOCATIONS TO SERVE YOU
331-3690 WESTWINDS DR NE, CALGARY
117 7171 80 AVE NE, CALGARY
570-6520 FALCONRIDGE BLVD. NE, CALGARY
606 CITYSCAPE SQR NE, CALGARY
3150-235 RED EMBERS WAY NE, CALGARY
400-45 CARRINGTON BLVD, NW, CALGARY


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
ਆਪਣੇ ਸ਼ਹਿਰ ਵਿੱਚ
2 ਫਾਰ ਵਨ ਪੀਜ਼ਾ ਦੀ ਫਰੈਂਚਾਈਜ
ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
"GREAT FOOD, GREAT PRICE, GREAT QUALITY!!"
Business Hours
Sunday – Thursday
11:00 am – 12:00 am
Friday & Saturday
11:0 am – 1:00 am
Location Hours May Vary
info@2for1pizzahouse.com
www.2for1pizzahouse.com
We are proud to serve in Edmonton with 6 locations!
CALGARY
#123, 55 Westwinds Cres NE, Calgary, AB T3J 5H2
Tel: 403-285-9000
STONEGATE - CALGARY
#112, 2550 Country Hills Blvd NE, Calgary, AB T3N 1E4
Tel: 403-818-9000
NOLAN HILL - CALGARY
#155, 50 Nolanridge Crt NW Calgary, AB
Tel: 403-300-2442
CHESTERMERE
#101-288 Kinniburg BLVD Chestermere (AB)
Tel : 403 292 0000
EDMONTON
#3747 – 8th Ave SW, Edmonton, AB T6X 1A4
Tel: 780-250-9009
EDMONTON
#3050, 106 St NW, Edmonton, AB T6J 5M5
Tel: 780-540-9900


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ
ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ
ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ
ਹੀ ਡੀਲ ਕਰਕੇ ਤੁਹਾਡੇ ਘਰ ਨੂੰ
ਪਹਿਲਾਂ ਨਾਲੋਂ ਵੀ ਸੋਹਣਾ ਅਤੇ
ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com